Digitized by Panjab Digital Library | www.panjabdigilib.org

Digitized by Panjab Digital Library | www.panjabdigilib.org

(1) YNJ

Harnam Singh Shan (Dr.)
Panjab University
Chandigarh.
13 April 1965.

Prof Dr. Harnam Singh Shan
Principal Project Investigator
U.G.C. Research Project on Sikhism
605, Sector 16, Chandigarh.

1. "[illegible]" p.37
2. [illegible] — [illegible] . . p.169
3. [illegible] — p.63

Digitized by Panjab Digital Library | www.panjabdigilib.org

# THE MOST ANCIENT BIOGRAPHY OF BABA NANAK,

THE FOUNDER OF THE SIKH RELIGION,

EDITED BY M. MACAULIFFE

# ਜਨਮ ਸਾਖੀ ਬਾਬੇ ਨਾਨਕ ਜੀ ਕੀ,

ਜੋ ਨਿਖਲ ਗੁਰੂ ਸਿਖੋਂ ਕੇ ਉਪਕਾਰਾਰਥ,
ਸ੍ਰੀ ਯੁਤ ਐਮ ਮਕਾਲਿਫ ਸਾਹਿਬ ਬਹਾਦਰ
ਡਿਵੀਜਨਲ ਜੱਜ ਨੈ
ਅਪਨੀ ਓਰ ਸੇ ਨਵੀਨ ਰੀਤੀ ਅਨੁਸਾਰ
ਗੁਲਸ਼ਨ ਪੰਜਾਬ ਪ੍ਰੇਸ ਰਾਵਲਪਿੰਡੀ
ਮੇਂ ਛਪਵਾਈ ਨਵੰਬਰ ੧੫
ਸਨ ੧੮੮੫

Harnam Singh

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਭੂਮਿਕਾ.

ਮਾਲੂਮ ਹੋ! ਕਿ ਸ੍ਰੀ ਗੁਰ ਨਾਨਕ ਜੀ ਇਸ ਸਮੇ ਵਿਚ ਅਦੁਤੀਯ ਧਰਮ ਸੁਧਾਰਕ ਅਤੇ ਕਲ ਤਾਰਕ ਹੋਏ ਹੋਨ. ਸੋ ਐਸੇ ਗੁਰਾਂ ਦਾ ਜੀਵਨ ਚਰਿੱਤ੍ਰ ਜਾਨਨਾ ਨਿਹਾਇਤ ਜ਼ਰੂਰੀ ਹੈ, ਅਤੇ ਖਾਸ ਕਰ ਇਸ ਵਕਤ, ਜਬ ਕਿ ਵਿੱਦਯਾ ਰੂਪੀ ਚਾਂਨਣ ਦੇ ਵਧਣ ਕਰਕੇ ਅਵਿੱਦਯਾ ਰੂਪੀ ਅੰਧੇਰਾ ਦੂਰ ਹੁੰਦਾ ਜਾਂਦਾ ਹੈ.

ਸੋ ਸ੍ਰੀ ਗੁਰੂ ਜੀ ਦੇ ਜੀਵਨ ਚਰਿੱਤ੍ਰ ਦਾ ਨਾਉਂ ਜਨਮ ਸਾਖੀ ਹੈ. ਚਾਹੇ ਜੀਵਨ ਚਰਿੱਤ੍ਰ ਤਾਂ ਇਕ ਤਰਾਂ ਕਾ ਥਾ, ਲੇਕਨ ਹੁਨ ਜਨਮ ਸਾਖੀਆਂ ਕਈ ਤਰਾਂ ਦੀਆ ਵੇਖਨ ਵਿੱਚ ਆਂਉਂਦੀਆਂ ਹਨ. ਜਿਨਾਂ ਤੇ ਏਹ ਮਾਲੂਮ ਹੋਂਦਾ ਹੈ, ਕਿ ਜੀਵਨ ਚਰਿੱਤ੍ਰ ਇੱਕ ਤਰਹ ਕਾ ਨਹੀਂ. ਪਰ ਜੀਵਨ ਚਰਿੱਤ੍ਰ ਬਹੁਤ ਪ੍ਰਕਾਰ ਦਾ ਨਹੀਂ ਹੋ ਸਕਦਾ, ਕਯੋਂਕਿ ਜੋ ਬਾਤ ਇੱਕ ਸਮੇ ਅਤੇ ਇੱਕ ਅਸਥਾਨ ਹੋਈ ਹੋਵੇ, ਸੋ ਦੂਸਰੇ ਕਾਲ ਅਤੇ ਤੀਸਰੇ ਅਸਥਾਨ ਨਹੀ ਹੋ ਸਕਦੀ. ਤਾਂਤੇ ਸਾਨੂੰ ਏਹ ਵਿਚਾਰਨਾ ਚਾਹੀ-

Digitized by Panjab Digital Library | www.panjabdigilib.org

ਏ ਕਿ ਏਹ ਸੱਭੇ ਸਾਖੀਆਂ ਠੀਕ ਨਹੀਂ.

ਸਾਖੀਆਂ ਜੋ ਅੱਜ ਤਕ ਦੇਖਣ ਵਿੱਚ ਆਈ-ਆਂ ਹਨ, ਸੋ ਹੇਠ ਲਿਖਦਾ ਹਾਂ :——

੧ ਪੈੜੇ ਮੋਖੇ ਵਾਲੀ ਯਾ ਬਾਲੇ ਵਾਲੀ, ਜਿਸ ਦੇ ਪਹਿਲੇ ਹੀ ਇਹ ਲਿਖਾ ਹੂਆ ਹੈ, ਕਿ ਇਹ ਸਾਖੀ ਸੰਮਤ ੧੫੮੨, ਯਾ ਸੰਮਤ ੧੫੯੨ ਵਿੱਚ ਬਨਾਈ ਗਈ, ਗੁਰੂ ਅੰਗਦ ਜੀ ਕੀ ਹੂਬ-ਹੂ, ਹਾਲਾਂਕਿ ਗੁਰੂ ਅੰਗਦ ਜੀ ਉਸ ਵਕਤ ਗੱ-ਦੀ ਨਸ਼ੀਨ ਨਹੀ ਥੇ.

੨ ਹਿੰਦਾਲੀਆਂ ਕੀ ਬਨਾਈ ਹੂਈ.

੩ ਨਾਨਕ ਪ੍ਰਕਾਸ਼ ਭਾਈ ਸੰਤੋਖ ਸਿੰਘ ਕਾ ਬਨਾਯਾ ਹੂਆ.

੪ ਨਾਨਕ ਚੰਦ੍ਰੋਦਯ ਗੰਗਾਰਾਮ ਪੰਡਿਤ ਕਾ ਬਨਾ-ਯਾ ਹੂਆ.

੫ ਦੀਵਾਨ ਬੂਟਾ ਸਿੰਘ ਵਾਲੀ ਛਪੀ ਹੂਈ.

ਏਨਾਂ ਪੰਜਾਂ ਕੀ ਬੁਨਿਯਾਦ ਹਿੰਦਾਲ ਵਾਲੀ ਸਾਖੀ ਹੈ.

੬ ਭਾਈ ਮਨੀ ਸਿੰਘ ਕੀ. ਏਹ ਸਾਖੀ ਭਾਈ ਮਨੀ

Digitized by Panjab Digital Library | www.panjabdigilib.org

ਸਿੰਘ ਕੇ ਨਾਮ ਪਰ ਮਸਹੂਰ ਹੈ, ਚਾਹੇ ਬਨਾਈ ਕਿਸੇ ਹੋਰ ਨੇ ਹੀ ਹੈ; ਕਿਉਂਕਿ ਇਸ ਕੀ ਭਾਸਾ ਅੱਜ ਕੱਲ ਕੀ ਹੈ. ਔਰ ਜੇਕਰ ਭਾਈ ਮਨੀ ਸਿੰਘ ਨੇ ਹੀ ਸਾਖੀ ਬਨਾਈ ਹੈ, ਤੋ ਅਬ ਵੋਹ ਪ੍ਰਾਪਤ ਨਹੀਂ ਹੋਤੀ.

੭ ਭਾਈ ਗੁਰਦਾਸ ਜੀ ਕੀ ਪਾਹਿਲੀ ਵਾਰ.

੮ ਆਨੰਦ ਘਨ ਉਦਾਸੀ ਸਾਧੂ ਕੀ ਬਨਾਈ ਹੂਈ.

੯ ਲਾਹੌਰ ਵਾਲੀ; ਏਹ ਸਾਖੀ ਸੰਮਤ ੧੭੯੦ ਵਿੱਚ ਬਨਾਈ ਗਈ.

੧੦ ਵਲਾਇਤ ਵਾਲੀ.

ਏਨਾਂ ਸਾਖੀਆਂ ਵਿੱਚੋਂ ਵਲਾਇਤ ਵਾਲੀ ਸਾਖੀ ਪੁਰਾਂਣੀ ਹੈ. ਵਲਾਇਤ ਵਾਲੀ ਸਾਖੀ ਕਾ ਇਸ ਤਰਾਂ ਬਿਰਤਾਂਤ ਹੈ. ਇਸ ਈਸਵੀ ਉੱਨੀਸਵੀਂ ਸਦੀ ਦੇ ਪ੍ਰਾਰੰਭ ਵਿੱਚ ਕੋਲਬ੍ਰੂਕ ਸਾਹਬ ਨੂੰ ਏਹ ਸਾਖੀ ਹੱਥ ਆ ਗਈ. ਉਨਾਂ ਇਸ ਨੂੰ ਦਫਤ੍ਰ ਹਿੰਦ ਦੇ ਹਵਾਲੇ ਕੀਤਾ. ਯਾਰਾਂ ਤੇਰਾਂ ਬਰਸਾਂ ਹੋਈਆਂ, ਜਦ ਟ੍ਰੰਪ ਸਾਹਿਬ ਇੱਕ ਜਰਮਨ ਨਿਵਾਸੀ ਨੇ ਸ੍ਰੀ ਗੁਰੂ ਗ੍ਰੰਥ ਸਾਹਬ ਜੀ ਕੇ ਚਾਰ ਰਾਗੋਂ ਕਾ ਤਰਜਮਾ ਅੰਗ੍ਰੇਜੀ ਭਾਸਾ ਵਿੱਚ ਬਨਾ ਕਰ

ਵਲਾਇਤ ਮੇਂ ਛਪਵਾ ਦੀਆ. ਇਸ ਗ੍ਰੰਥ ਸਾਹਿਬ ਦੇ ਤਰਜਮੇ ਦੀ ਏਕ ਜਿਲਦ ਸਿੰਘਸਭਾ ਲਾਹੌਰ ਨੂੰ ਗਵਰਨਮਿੰਟ ਵਿਚੋਂ ਮਿਲੀ, ਕਿ ਸਿੰਘਸਭਾ ਇਸ ਕੀਆਂ ਅਸੁੱਧੀਆਂ ਦੇਖੇ. ਗ੍ਰੰਥ ਸਾਹਿਬ ਦੇ ਤਰਜਮੇ ਪੜ੍ਹਨ ਵਿੱਚ ਉਸ ਸਾਖੀ ਦਾ ਤਰਜਮਾ ਡਿੱਠਾ, ਜਿਸ ਦਾ ਹੋਰਨਾਂ ਨਾਲੋਂ ਭਿੰਨ ਆਸਯ ਥਾ. ਸਭਾ ਨੇ ਲਾਟ ਸਾਹਬ ਲਫਟੈਨ ਗਵਰਨਰ ਨੂੰ ਕਹਿ ਕੇ ਓਹ ਅਸਲ ਸਾਖੀ ਵਲਾਇਤੋਂ ਮੰਗਵਾਈ. ਔਰ ਸ੍ਰੀ ਗੁਰੂ ਸਿੰਘ ਲਾਹੌਰ ਨੇ ਇਸ ਸਾਖੀ ਨੂੰ ਛਪਾਯਾ ਅਤੇ ਪ੍ਰਗਟ ਕੀਤਾ. ਇਸੀ ਵਾਸਤੇ ਇਸਕਾ ਨਾਮ ਬੁਲਾਵਨੇ ਕੇ ਲੀਏ ਵਲਾਇਤ ਵਾਲੀ ਸਾਖੀ ਠਹਿਰਾਯਾ ਗਯਾ. ਔਰ ਇਸ ਮੇਂ ਥੋੜੇ ਦਿਨੋਂ ਕੇ ਅੰਦਰ ਹੀ ਇਸ ਨਾਲ ਦੀਆਂ ਬਹੁਤ ਸਾਖੀਆਂ ਹੱਥ ਆ ਗੱਈਆਂ.

ਪਿਛਲੇ ਸਾਲ ਜਦ ਮੈਂ ਖਾਲਸਾ ਧਰਮ ਉਪਦੇਸ ਦਾ ਦੌਰਾ ਕਰ ਰਹਿਆ ਸੀ, ਤਾਂ ਸਰਦਾਰ ਜਵਾਹਰ ਸਿੰਘ ਜੀ ਜੋ ਪੁਲਸ ਦੇ ਮਹਿਕਮੇ ਵਿੱਚ ਹਨ, ਅਤੇ ਜੋ ਹਾਫਜਾਬਾਦ ਨਾਮਿਕ ਨਗਰ ਜਿਲਾ ਗੁੱਜਰਾਂ ਵਾਲੇ ਦੇ ਵਸਨੀਕ ਹਨ, ਉਨਾਂ ਪਾਸੋਂ ਜਨਮਸਾਖੀ ਹੱਥਆ

ਈ ਜੋ ਵਲਾਇਤ ਵਾਲੀ ਦੇ ਨਾਲ ਦੀ ਹੈ. ਅਬ ਇਸ ਕਾ ਨਾਮ ਹਾਫਜਾਵਾਦ ਵਾਲੀ ਸਾਖੀ ਠਹਿਰਾਯਾ ਗਿਆ. ਪਰ ਜਦ ਇਸ ਸਾਖੀ ਦਾ ਵਲਾਇਤ ਵਾਲੀ ਸਾਖੀ ਨਾਲ ਮੁਕਾਬਲਾ ਕੀਤਾ, ਤਾਂ ਏਹ ਸਾਖੀ ਉਸ ਕੇ ਸਾਥ ਕੀ ਹੀ ਪਾਈ ਗਈ. ਪਰੰਤੂ ਕਹੀਂ ਕਹੀਂ ਭਿੰਨਤਾ ਦੇਖੀ ਗਈ. ਇਸ ਕੀ ਰਚਨਾ ਸੇ ਪ੍ਰਗਟ ਹੋਤਾ ਹੈ ਕਿ ਚੰਦ੍ਰਭਾਗਾ ਸੇ ਉੱਤਰ, ਕਿਸ ਮਤ ਰਾਵਲ ਪਿੰਡੀ ਕੇ ਰਹਿਨੇ ਵਾਲੇ ਕਿਸੀ ਗੁਰੁ ਸਿੱਖ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੇ ਪਹਿਲੇ ਜਮਾਨੇ ਮੇਂ ਬਨਾ ਦੀਆ. ਹੁਨ ਹੋਰ ਭੀ ਕਈ ਜਿਲਦਾਂ ਇਸ ਕਿਸਮ ਦੀ ਸਾਖੀ ਦੀਆਂ ਕਿਤੋਂ ਕਿਤੋਂ ਦੇਖਨ ਵਿੱਚ ਆਈਆਂ ਹਨ.

ਹੁਨ ਏਹ ਭੀ ਜਰੂਰੀ ਸਮਝਿਆ ਗਿਆ ਕਿ ਹਾਫਜਾਂਵਾਦ ਕੀ ਸਾਖੀ ਛਪਵਾ ਕੇ ਪ੍ਰਗਟ ਕੀਤੀ ਜਾਵੇ, ਤਾ ਕਿ ਸੱਭ ਸੱਜਨ ਇਸ ਸੇਂ ਲਾਭ ਉਠਾਵਨ, ਇਸ ਬਾਤ ਦਾ ਫਿਕਰ ਹੋਇ ਹੀ ਰਹਿਆ ਸੀ, ਜਦ ਨੂੰ ਸ੍ਰੀ ਅਕਾਲ ਪੁਰਖ ਨੇ ਇੱਕ ਪਰ ਉਪਕਾਰੀ ਖੜਾ ਕਰ ਦਿੱਤਾ. ਸ੍ਰੀਮਤਿ ਐਮ ਮਕਾਲਿਫ ਸਾਹਿਬ

ਜੋ ਡਿਵੀਜਨਲ ਜੱਜ ਹੈਂਨ, ਇਹ ਗੁਰੂ ਮਤ ਨਿਰਣੈਕਾ ਰਿਰ ਤੇ ਸੌਕ ਰਖਦੇ ਹੈਂਨ, ਅਤੇ ਅਪਨਾ ਤਨ, ਮਨ, ਧਨ ਏਸ ਢੂੰਢ ਵਿਚ ਲਗਾ ਰਹੇ ਹੈਂਨ; ਅਤੇ ਕਈ ਭਾਸ਼ਾ ਕੇ ਪੰਡਤ ਹਨ. ਜੈਸੇ ਅੰਗ੍ਰੇਜ਼ੀ, ਫਰਾਸੀਸੀ, ਜਰਮਨ, ਏਟੈਲਨ, ਲੈਟਿਨ, ਜੂਨਾਨੀ, ਫਾਰਸੀ, ਬੰਗਾਲੀ, ਹਿੰਦੀ, ਔਰ ਪੰਜਾਬੀ ਏਨਾਂ ਨੂੰ ਚੰਗੀ ਤਰਹ ਸੇ ਜਾਂਣਦੇ ਹੈਂਨ. ਏਨਾਂ ਦੀ ਲਿਆਕਤ ਦਾ ਕਿਆ ਵਰਨਨ ਕਰਾਂ? ਕਰਨਾ ਮੁਸ਼ਕਲ ਹੈ; ਅਤੇ ਏਨਾਂ ਦੇ ਗੁਣ ਨਿਰੂਪਣ ਨਹੀ ਹੋ ਸਕਦੇ. ਕੋਈ ਐਸੀ ਵਿੱਦ੍ਯਾ ਔਰ ਕੋਈ ਐਸਾ ਮਤ ਨਹੀ ਜਿਸ ਦੀ ਏਨਾਂ ਨੂੰ ਵਾਕਫੀ ਨਹੀ. ਹੁਨ ਏਹ ਸਾਹਿਬ ਗੁਰਮਤ ਕਾ ਗ੍ਰੰਥ ਅੰਗਰੇਜ਼ੀ ਵਿੱਚ ਤਿਆਰ ਕਰ ਰਹੇ ਹੈਨ, ਕਿ ਅੰਗ੍ਰੇਜ਼ੀ ਪੜ੍ਹੇ ਹੂਏ ਉਸ ਤੇ ਲਾਭ ਉਠਾਉਨ, ਅਤੇ ਗੁਰਾਂ ਦੇ ਅੰਮ੍ਰਿਤ ਰੂਪੀ ਬਚਨਾਂ ਦਾ ਸੁਆਦ ਚੱਖਨ. ਥੋੜ੍ਹੇ ਹੀ ਕਾਲ ਵਿੱਚ ਏਹ ਗ੍ਰੰਥ ਪੂਰਨ ਹੋਕਰ ਛਪੇਗਾ, ਜਿਸ ਕੇ ਪੜ੍ਹਨੇ ਸੇ ਏਕ ਨਵੀਂ ਰੌਸ਼ਨੀ ਪੈਦਾ ਹੋਵੇਗੀ. ਚਾਹੇ ਏਨਾਂ ਦੇ ਪਰੀਸ੍ਰਮ ਨੂੰ ਹੁਣ ਥੋੜ੍ਹੇ ਲੋਕ ਜਾਂਣਦੇ ਹਨ, ਪਰ ਕਿਸੇ ਦਿਨ ਨੂੰ ਏਨਾਂ ਦੀ ਮਿਹਨਤ

Digitized by Panjab Digital Library | www.panjabdigilib.org

ਦਾ ਫਲ ਸਭ ਨੂੰ ਮਲੂਮ ਹੋਜਾਊ, ਜੋ ਏਹ ਪਰ ਉਪਕਾਰ ਕਰ ਰਹੇ ਹਨ. ਸੋ ਏਸੇ ਮਹਾਤਮਾ ਸਾਹਿਬ ਜੀ ਨੇ ਇਸ ਹਾਫਜਾਬਾਦ ਦੀ ਸਾਖੀ ਨੂੰ ਅਪਨੀ ਗਿਰਹ ਤੇ ਖਰਚ ਕਰਕੇ ਛੁਪਵਾ ਦੀਆ ਹੈ. ਚਾਹੇ ਇਸ ਵਿੱਚ ਇਨ ਕਾ ਕੋਈ ਕੇਵਲ ਸ੍ਵਾਰਥ ਸਿੱਧ ਨਹੀ ਹੋਤਾ, ਤਥਾਪਿ ਸਰਬ ਗੁਰ ਸਿੱਖੋਂ ਕੇ ਅਰਥ ਉਪਕਾਰ ਦ੍ਰਿਸਟੀ ਸੇ.

ਇਨ ਸਾਹਿਬੋਂ ਕੇ ਛਪਵਾਂਉਨ ਵਿੱਚ ਕਈ ਤਰਹ ਕੇ ਹੋਰ ਭੀ ਲਾਭ ਹਾਸਲ ਹੋਏ ਹਨ. ਅੱਜ ਤਕ ਸਾਰੇ ਵਿੱਚ ਗ੍ਰੰਥਾਂ ਦੇ ਲਿਖਨ ਦਾ ਜੋ ਤਰੀਕਾ ਹੈ, ਸੋ ਐਸਾ ਨਹੀਂ ਜਿਸ ਤੇ ਹਰ ਇਕ ਸਖਸ ਅਸਾਨੀ ਨਾਲ ਕਿਸੇ ਗ੍ਰੰਥ ਨੂੰ ਪੜ੍ਹ ਸਕੇ. ਕ੍ਯੋਂਕਿ ਅੱਖਰ ਇਕ ਦੂਸਰੇ ਨਾਲ ਮਿਲੇ ਹੂਏ ਹੁੰਦੇ ਹਨ, ਜਿਸ ਸੇਂ ਪਾਠਕ ਨੂੰ ਏਹ ਨਹੀ ਮਾਲੂਮ ਹੁੰਦਾ ਕਿ ਕੇਹੜਾ ਅੱਖਰ ਅੱਗੇ ਪਿੱਛੇ ਕਰਕੇ ਪੜ੍ਹਨਾ ਹੈ. ਔਰ ਵਾਰਤਿਕ ਕਥਨ ਨੂੰ ਕਵਤਾ ਦੇ ਨਾਲ ਹੀ ਰਲਾ ਕੇ ਲਿਖ ਦੇਂਦੇ ਹੈਨ. ਔਰ ਜਿਸ ਜਗਾ ਪ੍ਰਸੰਗ ਮੁਕੇ ਉਸ ਜਗਾ ਤੇ ਸਤਰ ਛਡਦੇ ਹੀ ਨਹੀਂ, ਪਰ ਜਿੱਥੇ ਕੋਈ ਪੂਰਣ ਬਿਸ੍ਰਾਂਮ ਹੋਵੇ, ਉਸ ਜਗਾ ਭੀ ਨਹੀਂ ਛਡਦੇ. ਇਸ ਬਾਤ ਦੀ ਖਬਰ

Digitized by Panjab Digital Library | www.panjabdigilib.org

ਨਹੀਂ ਕਿ ਸਤਰ ਕਿੱਥੋਂ ਲਿਖਨੀ ਪ੍ਰਾਰੰਭ ਕਰਨੀ, ਅਤੇ ਕਿੱਥੇ ਛੱਡਨੀ ਹੈ; ਔਰ ਕਹਾਂ ਕਹਾਂ ਲਘੁ ਬਿਰਾਮ ਔਰ ਦੀਰਘ ਬਿਰਾਮ, ਤਥਾ ਪ੍ਰਸਨ, ਆਸਚਰਯ ਆਦਿਕ ਚਿੰਨ ਦੇਨੇ ਹੈਂ. ਅੱਜ ਕੱਲ ਲਿਖਨ ਕੇ ਕਾਇਦੇ ਨਿਹਾਇਤ ਉਮਦਾ ਪੈਦਾ ਹੋਏ ਹਨ; ਪਰ ਸਾਡੇ ਵਿੱਚ ਬਹੁਤ ਘੱਟ ਲੋਕ ਹਨ ਜੋ ਇਨ ਸੇ ਵਾਕਿਫ ਹਨ. ਸੋ ਸਾਹਬ ਏਨਾਂ ਬਾਤਾਂ ਦੇ ਉਸਤਾਦ ਹੈਂ. ਇਨਾਂ ਨੇ ਇਸ ਜਨਮ ਸਾਖੀ ਨੂੰ ਨਵੀਨ ਰੀਤੀ ਸੇ ਲਿਖ ਕਰ ਛਪਵਾਯਾ ਹੈ. ਇਸ ਦੇ ਪੜ੍ਹਨ ਵਿੱਚ ਜੋ ਸੁਗਮਤਾ ਹੈ, ਸੋ ਆਪੇ ਪਈ ਦਿਸਦੀ ਹੈ. ਜਹਾਂ ਜਹਾਂ ਸ਼ਬਦ ਆਏ ਹਨ, ਸੋ ਵਾਰਤਿਕ ਨਾਲੋਂ ਬਿੱਲਕੁੱਲ ਜੁਦੇ ਕੀਤੇ ਗਏ ਹਨ, ਅਤੇ ਐਸੀ ਰੀਤੀ ਸੇ ਲਿਖੇ ਹੈਂ; ਕਿ ਆਪ ਹੀ ਵੋਹ ਵਾਰਤਿਕ ਸੇਂ ਜੁਦੇ ਮਾਲੂਮ ਹੋਵੇਂ.

ਸਾਹਬ ਨੇ ਏਹ ਸਾਖੀ ਇਕ ਨਮੂਨੇ ਦੇ ਤੌਰ ਪਰ ਛਪਵਾਈ ਹੈ, ਕਿ ਅੱਗੇ ਕੋ ਹੋਰ ਪੁਸਤਕ ਗੁਰਮੁਖੀ ਕੇ ਏਸੇ ਰੀਤੀ ਨਾਲ ਛਪਨ, ਜਿਸ ਸੇਂ ਸਭ ਕੋ ਬੜੇ ਲਾਭ ਕੀ ਪ੍ਰਾਪਤੀ ਹੋਵੈ.

Digitized by Panjab Digital Library | www.panjabdigilib.org

ਇਸ ਸਾਖੀ ਦੇ ਅੰਤ ਵਿੱਚ ਕੁਛ ਪੱਤ੍ਰੇ ਗਏ ਹੂ-ਏ ਥੇ, ਸੋ ਸਾਹਬ ਨੇ ਵਲਾਇਤ ਵਾਲੀ ਸਾਖੀ ਵਿੱਚੋਂ ਲੈਕੇ ਪਾ ਦਿੱਤੇ ਹੈਨ. ਅਬ ਏਹ ਸਾਖੀ ਪੂਰਨ ਬਨ ਹੀ ਗਈ ਹੈ. ਇਸ ਸਾਖੀ ਮੇਂ ਆਸਾ ਰਾਗ ਕੀ ਪੱਟੀ, ਜੁਗਾਵਲੀ, ਔਰ ਪ੍ਰਾਂਣ ਸੰਗੁਲੀ ਛੋੜੀ ਗਈ ਹੈਂ. ਪ੍ਰੇਮੀ ਪੁਰਸ ਵਲਾਇਤ ਵਾਲੀ ਸਾਖੀ ਸੇ ਪੜ੍ਹ ਸਕਤੇ ਹੈਂ. ਔਰ ਕਹੀਂ ਏਕ ਦੋ ਸਬਦੋਂ ਕਾ ਜੋ ਤਰ-ਜਮਾ ਇਸ ਸਾਖੀ ਮੇਂ ਦੀਆ ਹੂਆ ਥਾ, ਸੋ ਭੀ ਛੋੜ ਦੀਆ ਹੈ, ਕੵੋਂਕਿ ਵੋਹੁ ਲਫਜੀ ਤਰਜਮਾ ਨਹੀਂ ਥਾ. ਔਰ ਇਸ ਸਾਖੀ ਮੇਂ ਮਹੱਲਾ ੪ ਤਥਾ ੫ ਦੇਖ ਕਰ ਕੋਈ ਆਸਚਰਯ ਨਾਂ ਕਰੇ, ਕੵੋਂਕਿ ਅਸਲ ਮੁਤਾਬਿਕ ਨਕਲ ਕਰੀ ਗਈ ਹੈ.

ਹੁਨ ਏਹ ਜਨਮ ਸਾਖੀ ਕੀ ਪੁਸਤਕ ਤਿਆਰ ਹੋਗਈ ਹੈ, ਅਤੇ ਹਰ ਇਕ ਸਖਸ ਇਸ ਨੂੰ ਪੜ੍ਹ ਕਰ ਹੋਰਨਾਂ ਸਾਖੀਆਂ ਨਾਲ ਮੁਕਾਬਲਾ ਕਰ ਸਕਦੇ ਹੈਨ, ਅਤੇ ਇੱਕ ਦੂਸਰੇ ਦਾ ਸੱਚ ਝੂਠ ਜਾਨ ਸਕਦੇ ਹੈਨ.

ਇਸ ਤਰਹ ਅਤੇ ਇਸ ਮਿਹਨਤ ਨਾਲ ਜੋ

Digitized by Panjab Digital Library | www.panjabdigilib.org

ਸਾਖੀ ਤਿਆਰ ਹੋਈ ਹੈ, ਇਸਦੇ ਬਦਲੇ ਸਾਨੂੰ ਸ੍ਰੀ ਮਤ ਮਕਾਲਿਫ ਸਾਹਿਬ ਦਾ ਧੰਨਵਾਦ ਕਰਨਾ ਚਾਹੀਏ, ਅਤੇ ਪਰਮੇਸਰ ਅੱਗੇ ਪ੍ਰਾਰਥਨਾ ਕਰਨੀ ਚਾਹੀਏ, ਕਿ ਐਸੇ ਸਾਹਬ ਨੂੰ ਅਕਾਲ ਪੁਰਖ ਰਾਜੀ ਬਾਜੀ ਰੱਖੇ, ਅਤੇ ਹਰ ਬਾਤ ਵਿੱਚ ਸਹਾਈ ਹੋਵੇ.

ਮੈ ਏਹ ਉੱਪਰਲਾ ਕਥਨ ਇਸ ਵਾਸਤੇ ਕੀਤਾ ਹੈ, ਕਿ ਸਭ ਨੂੰ ਇਸ ਸਾਖੀ ਦੇ ਬਨਣਦਾ ਹਾਲ ਮਾਲੂਮ ਹੋਜਾਵੇ.

ਗੁਰਮੁਖ ਸਿੰਘ ਪ੍ਰੋਫੈਸਰ
ਔਰੀਐਂਟਲ ਕਾਲਿਜ
ਲਾਹੌਰ

ਪ੍ਰਵਿਸ਼੍ਟਾ ਭਾਦ੍ਰਪਦ ੧੫
ਸੰਮਤ ੪੧੬ ਨਾਨਕੀਯ

ਦ. ਦਾਸ ਝੰਡਾ ਸਿੰਘ ਅਕਾਲ ਧੀੜੀ ਸੁਧਾਸਰ ਬਾਸੀ.

Digitized by Panjab Digital Library | www.panjabdigilib.org

Punjab University Chandigarh 27.10.1967

# ੧ੴ ਸਤ ਗੁਰੂ ਪ੍ਰਸਾਦ.

## ਸਾਖੀ ਸ੍ਰੀ ਬਾਬੇ ਨਾਨਕ ਜੀ ਕੀ.

ਸ੍ਰੀ ਸਤ ਗੁਰੂ ਜੀ ਜਗਤ ਨਿਸਤਾਰਣ ਕੇ ਆਇਆ; ਕਲਿ ਜੁਗ ਵਿੱਚ ਬਾਬਾ ਨਾਨਕ ਹੋਇ ਜਨਮਿਆਂ, ਪਾਰ ਬ੍ਰਹਮ ਕਾ ਨਿਜ ਭਗਤ.

ਸਿਮਤ ੧੫੨੬ ਬਾਬਾ ਨਾਨਕ ਜਨਮਿਆਂ, ਵੈਸਾਖ ਮਾਹਿ, ਤ੍ਰਿਤੀਆ ਚਾਨਣੀ ਰਾਤ, ਅੰਮ੍ਰਿਤ ਵੇਲਾ; ਪਹਿਰ ਰਾਤ ਰਹਿੰਦੀ ਕੁ ਜਨਮਿਆਂ. ਅਨਹਦ ਸਬਦ ਪਰਮੇਸਰ ਕੇ ਦਰਬਾਰ ਵਾਜੇ; ਤੇਤੀ ਕਰੋੜੀ ਦੇਵਤਿਆਂ ਨਮਸਕਾਰ ਕੀਆ, ਚੌਸਠ ਜੋਗਣੀ, ਬਵੰਜਾ ਬੀਰ; ਛੀਆਂ ਜਤੀਆਂ, ਚੌਰਾਸੀਆਂ ਸਿੱਧਾਂ, ਨਵਾਂ ਨਾਥਾਂ ਨਮਸਕਾਰ ਕੀਆ, ਜੋ ਵੱਡਾ ਭਗਤ ਜਗਤ ਨਿਸਤਾਰਣ ਕੋ ਆਇਆ; "ਇਸ ਕਉ ਨਮਸਕਾਰ ਕੀਜੀਏ, ਜੀ!"

ਤਬ ਕਾਲੂ ਖੱਤ੍ਰੀ ਜਾਤ ਵੇਦੀ ਤਲਵੰਡੀ ਰਾਇ ਭੋਇ ਭੱਟੀ ਕੀ ਵਸਦੀ ਵਿੱਚ ਵਸਦਾ ਆਹਾ;

ਓਥੈ ਜਨਮ ਪਾਇਆ.

ਵੱਡਾ ਹੋਇਆ ਲੱਗਾ ਬਾਲਕਾਂ ਨਾਲ ਖੇਡਣ, ਪਰ ਬਾਲਕਾਂ ਤੇ ਇਸ ਕੀ ਦ੍ਰਿਸਟ ਔਰ ਆਵੈ, ਆਤਮੇ ਅਭਿਆਸ ਪਰਮੇਸਰ ਕਾ ਕਰੇ.

ਜਬ ਬਾਬਾ ਬਰਸਾਂ ਪੰਜਾਂ ਕਾ ਹੋਇਆ, ਤਾਂ ਲੱਗਾ ਬਾਤਾਂ ਅਗਮ ਨਿਗਮ ਦੀਆਂ ਕਰਣ. ਜੋ ਕਿਛ ਬਾਤ ਕਰੇ ਸੋ ਸਮਝ ਕਰੇ; ਤਿਸ ਤੇ ਸਭਸ ਕਿਸੈ ਦੀ ਨਿਸਾ ਹੋਇ ਆਵੈ. ਹਿੰਦੂ ਕਹਿਨ, ਜੋ ਕੋਈ ਦੇਵਤਾ ਸਰੂਪ ਪੈਦਾ ਹੋਇਆ ਹੈ, ਅਤੇ ਮੁਸਲਮਾਨ ਕਹਿਨ, ਜੋ ਕੋਈ ਖੁਦਾਇ ਦਾ ਵਲੀ ਪੈਦਾ ਹੋਇਆ ਹੈ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

PANJAB UNIVERSITY CHANDIGARH



# ਸਾਖੀ ਦੂਜੀ ਚੱਲੀ.

ਜਬ ਬਾਬਾ ਬਰਸਾਂ ਸੱਤਾਂ ਕਾ ਹੋਇਆ, ਤਬ ਕਾਲੂ ਕਹਿਆ, "ਨਾਨਕ, ਤੂੰ ਪੜ੍ਹ." ਤਬ ਗੁਰੂ ਨਾਨਕ ਕਉ ਪਾਧੇ ਪਾਸ ਲੈ ਆਇਆ, ਕਾਲੂ ਕਹਿਆ, "ਪਾਧਾ, ਇਸਨੂੰ ਪੜ੍ਹਾਇ." ਤਬ ਪਾਧੇ ਪੱਟੀ ਲਿਖ ਦਿੱਤੀ, ਅਖਰਾਂ ਪੈਂਤੀਆਂ ਕੀ ਮੁਹਾਰਨੀ. ਤਬ ਗੁਰੂ ਨਾਨਕ ਲੱਗਾ ਪੜ੍ਹਨ. ਆਦਿ ਉਹ ਬਾਂਣੀ ਹੋਈ, ਜੋ ਰਾਗ ਆਸਾ ਮਹੱਲਾ ੧ ਵਿੱਚ ਪੱਟੀ ਹੈ.

ਤਬ ਗੁਰੂ ਨਾਨਕ ਜੀ ਇੱਕ ਦਿਨ ਪੜ੍ਹਿਆ, ਅਗਲੇ ਦਿਨ ਚੁੱਪ ਕਰ ਰਹਿਆ. ਜਾਂ ਚੁੱਪ ਕਰ ਰਹਿਆ, ਤਾਂ ਪਾਧੇ ਪੁੱਛਿਆ, "ਨਾਨਕ, ਤੂੰ ਪੜ੍ਹਦਾ ਕਿਉਂ ਨਾਂਹੀ?" ਤਬ ਗੁਰੂ ਨਾਨਕ ਕਹਿਆ, "ਪਾਧਾ, ਤੂੰ ਕੁਛ ਪੜ੍ਹਿਆ ਹੈ, ਜੋ ਮੇਰੇ ਤਾਂਈ ਪੜ੍ਹਾਂਇਦਾ ਹੈ?" ਤਬ ਪਾਧੇ ਕਹਿਆ, "ਮੈਂ ਸਭ ਕਿਛ ਪੜ੍ਹਿਆ ਹਾਂ, ਜੋ ਕਿਛ ਹੈ, ਬੇਦ ਸਾਸਤ੍ਰ ਪੜ੍ਹਿਆ ਹਾਂ, ਜਮਾ-ਖਰਚ ਰੋਜਨਾਵਾਂ, ਖਾਤਾ, ਲੇਖਾ ਮੈਂ ਸਭ ਕਿਛ ਪੜ੍ਹਿਆ ਹਾਂ." ਤਬ ਬਾਬੇ ਕਹਿਆ, "ਪਾਧਾ, ਇਨੀਂ ਪੜ੍ਹੇ

ਗਲ ਫਾਹੇ ਪਉਂਦੇ ਹੈਨ; ਏਹ ਜੋ ਪੜ੍ਹਨਾ ਹੈ ਸਭ ਬਾਦ ਹੈ." ਤਬ ਗੁਰੂ ਨਾਨਕ ਇੱਕ ਸਬਦ ਉਠਾਇਆ. ਸ੍ਰੀ ਰਾਗ ਵਿਚੋਂ ਮਹੱਲਾ ੧ :—

ਜਾਲ ਮੋਹ, ਘਸ ਮੱਸ ਕਰ, ਮੱਤ ਕਾਗਦ ਕਰ ਸਾਰ;
ਭਾਉ ਕਲਮ ਕਰ, ਚਿੱਤ ਲਿਖਾਰੀ, ਗੁਰ ਪੁਛ ਲਿਖ ਬੀਚਾਰ.
ਲਿਖ ਨਾਮ, ਸਾਲਾਹ ਲਿਖ, ਲਿਖ ਅੰਤ ਨ ਪਾਰਾਵਾਰ.
ਬਾਬਾ! ਏਹ ਲੇਖਾ ਲਿਖ ਜਾਣ.
ਜਿੱਥੈ ਲੇਖਾ ਮੰਗੀਐ, ਤਿੱਥੈ ਹੋਇ ਸਚਾ ਨੀਸਾਣ.
ਤਿਥੈ ਮਿਲਹਿ ਵਡਿਆਈਆਂ, ਸਦ ਖੁਸੀਆਂ ਸਦ ਚਾਉ.
ਤਿਨ ਮੁਖ ਟਿੱਕੇ ਨਿੱਕਲੈਂ, ਜਿਨ ਮਨ ਸੱਚਾ ਨਾਉ.
ਕਰਮ ਮਿਲੈ, ਤਾਂ ਪਾਈਐ, ਨਾਂਹੀ ਗੱਲੀਂ ਵਾਉ ਦੁਆਉ.
ਇੱਕ ਆਵਹਿ, ਇੱਕ ਜਾਂਹਿ ਉੱਠ, ਰੱਖੀਅਹਿ ਨਾਮ ਸਾਲਾਰ.
ਇੱਕ ਉਪਾਏ ਮੰਗਤੇ, ਇਕਨਾਂ ਵੱਡੇ ਦਰਬਾਰ.
ਅੱਗੈ ਗਇਆਂ ਜਾਂਣੀਐ, ਵਿਣੁ ਨਾਵੈਂ ਵੇਕਾਰ.
ਭੈ ਤੇਰੇ ਡਰ ਅੱਗਲਾ, ਖਪ ਖਪ ਛਿੱਜੈ ਦੇਹ.
ਨਾਮ ਜਿਨਾਂ ਸੁਲਤਾਨ, ਖਾਨ, ਹੋਂਦੇ ਡਿੱਠੇ ਖੇਹ.
ਨਾਨਕ, ਉੱਠੀ ਚੱਲਿਆ, ਸਭ ਕੂੜੇ ਤੁੱਟੇ ਨੇਹ.

ਤਬ ਪੰਡਤ ਹੈਰਾਨ ਹੋਇ ਗਇਆ, ਨਮਸਕਾਰ ਕੀ-

Digitized by Panjab Digital Library | www.panjabdigilib.org

ਤੋਸ, ਜੋ ਏਹ ਪੂਰਾ ਭਗਤ ਹੈ. "ਜੋ ਤੇਰੇ ਆਤਮੇ ਆਂਵਦੀ ਹੈ, ਸੋ ਕਰ!" ਤਬ ਬਾਬਾ ਨਾਨਕ ਪਾਰ ਆਇ ਬੈਠ ਗਇਆ. ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

## ਸਾਖੀ ਤੀਜੀ ਚੱਲੀ.

ਆਗਿਆ ਪਰਮੇਸਰ ਕੀ ਜੋ ਕਿਰਤ ਕਰੈ ਕੁਛ ਨਾਂਹੀ; ਜਾਂ ਬਹੈ, ਤਾਂ ਬੈਠਾ ਹੀ ਰਹੈ; ਜਾਂ ਸੋਵੈ, ਤਾਂ ਸੁੱਤਾ ਹੀ ਰਹੈ; ਅਤੇ ਆਤਮੇ ਵਿੱਚ ਉਦਾਸ ਹੀ ਰਹੇ; ਅਤੇ ਫਕੀਰਾਂ ਨਾਲ ਮਜਲਸ ਕਰੇ. ਬਾਬਾ ਕਾਲੂ ਹੈਰਾਨ ਹੋਇ ਗਇਆ; ਏਵੈਂ ਕਿਵੈਂ ਬਾਬਾ ਨਾਨਕ ਰਹੈ.

ਤਬ ਗੁਰੂ ਨਾਨਕ ਬਰਸਾਂ ਸੱਤਾਂ ਕਾ ਹੋਇਆ; ਤਬ ਫੇਰ ਤੋਰਕੀ ਪੜ੍ਹਨ ਪਾਇਆ. ਵਤ ਘਰ ਬਹਿ ਰਹਿਆ; ਦਿਲ ਦੀ ਖਬਰ ਗੱਲ ਕਿਸੇ ਨਾਲ ਕਰੇ ਨਾਂਹੀਂ. ਤਬ ਕਾਲੂ ਨੂੰ ਲੋਕਾਂ ਆਖਿਆ, ਜੋ "ਕਾਲੂ, ਇਸਦਾ ਵੀਵਾਹ ਕਰ." ਤਬ ਕਾਲੂ ਉਠ ਖੜਾ ਹੋਇਆ, ਚਿਤਵਨੀ ਕੀਤੀਆਸੁ, ਜੋ ਕਿਵੈਂ ਕੁੜਮਾਈ ਹੋਵੈ. ਤਬ ਮੂਲਾ ਖੱਤ੍ਰੀ ਜਾਤਿ ਚੋਣਾਂ, ਤਿਸਦੇ ਘਰ ਕੁੜਮਾਈ ਹੋਈ.

ਤਾਂ ਬਾਬਾ ਬਰਸਾਂ ਬਾਰਾਂ ਕਾ ਹੋਇਆ, ਤਬ ਬੀਵਾਹਿਆ. ਤਾਂ ਬਾਬਾ ਲੱਗਾ ਸੰਸਾਰ ਕੀ ਕਿਰਤ

ਕਰਣ, ਪਰ ਚਿੱਤ ਕਿਸੈ ਨਾਲ ਲਾਏ ਨਾਂਹੀ; ਘਰ ਦੀ ਖਬਰ ਲਏ ਨਾਂਹੀ. ਘਰ ਦੇ ਆਦਮੀ ਆਖਨ, ਜੋ ਅੱਜ ਕੱਲ ਫਕੀਰਾਂ ਨਾਲ ਉਠ ਜਾਂ-ਦਾ ਹੈ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਚੌਥੀ ਚੱਲੀ.

ਤਬ ਆਗਿਆ ਪਰਮੇਸਰ ਕੀ ਹੋਈ, ਜੋ ਇੱਕ ਦਿਨ ਕਾਲੂ ਕਹਿਆ, "ਨਾਨਕ, ਏਹ ਘਰ ਦੀਆਂ ਮਹੀਂ ਹਨ, ਤੂੰ ਚਾਰ ਲੈ ਆਉ." ਤਬ ਗੁਰੂ ਨਾਨਕ ਮਹੀਂ ਲੈਕਰ ਬਾਹਰ ਗਇਆ; ਤਾਂ ਚਰਾਇ ਲੈ ਆਇਆ. ਫਿਰ ਅਗਲੇ ਦਿਨ ਗਇਆ; ਤਾਂ ਮਹੀਂ ਛੱਡਕੇ ਕਣਕ ਦੇ ਬੰਨੇ ਪੈ ਸੁੱਤਾ; ਤਬ ਮਹੀਂ ਜਾਇ ਕਣਕ ਨੂੰ ਪਈਆਂ, ਤਬ ਕਣਕ ਉਜਾੜ ਦੂਰ ਕੀਤੀ. ਤਬ ਇੱਕ ਭੱਟੀ ਥਾ ਕਣਕ ਦਾ ਖਾਵੰਦ; ਉਹ ਆਇ ਗਇਆ; ਉਨ ਭੱਟੀ ਕਹਿਆ, "ਭਾਈ ਵੇ! ਤੈਂ ਜੋ ਖੇਤ ਉਜਾੜਿਆ ਹੈ, ਸੋ ਕਿਉਂ ਉਜਾੜਿਆ ਹੈ? ਇਸ ਉਜਾੜੇ ਕਾ ਜਵਾਬ ਦੇਹ." ਤਬ ਗੁਰੂ ਨਾਨਕ ਕਹਿਆ, "ਭਾਈ ਵੇ! ਤੇਰਾ ਕਿਛ ਨਾਂਹੀ ਉਜਾੜਿਆ. ਕਿਆ ਹੋਇਆ ਜਿ ਕਿਸੈ ਮਹੀਂ ਮੂੰਹ ਪਾਇਆ? ਖੁਦਾਇ ਇਸੇ ਵਿੱਚ ਬਰਕਤ ਘੱਤਸੀ." ਤਾਂ ਭੀ ਉਹ ਰਹੇ ਨਾਂਹੀ; ਗੁਰੂ ਨਾਨਕ ਨਾਲ ਲੱਗਾ ਲੜਨ. ਤਬ ਗੁਰੂ ਨਾਨਕ ਅਤੇ ਭੱਟੀ ਝਗੜ-

Digitized by Panjab Digital Library | www.panjabdigilib.org

ਦੇਂ ਝਗੜਦੇ, ਰਾਇ ਬੁਲਾਰ ਪਾਸ ਆਇ ਖੜੇ ਹੋਏ. ਤਬ ਰਾਇ ਬੁਲਾਰ ਕਹਿਆ, "ਏਹੁ ਦਿਵਾਨਾ ਹੈ; ਤੁਸੀਂ ਕਾਲੂ ਨੂੰ ਸਦਾਵਹੁ." ਤਬ ਕਾਲੂ ਨੂੰ ਸਦਾਇਆ. ਤਬ ਰਾਇ ਬੁਲਾਰ ਆਖਿਆ, "ਕਾਲੂ, ਇਸ ਪੁੱਤ੍ਰ ਨੂੰ ਸਮਝਾਂਇਦਾ ਕਿਉਂ ਨਾਹੀਂ, ਜੋ ਪਰਾਈ ਖੇਤੀ ਉਜਾੜ ਆਇਆ ਹੈ? ਭਲਾ ਦਿਵਾਨਾ ਕਰ ਛੋਡਿਆ ਆਹੀ, ਭਾਈਵੇ! ਇਹ ਉਜਾੜਾ ਜਾਇ ਭਰ ਦੇਹ; ਨਾਂਹੀ ਤਾਂ ਤੁਰਕਾਂ ਪਾਸ ਜਾਇ ਖੜਾ ਹੋਸੀਆ." ਤਬ ਕਾਲੂ ਕਹਿਆ, "ਜੀ, ਮੈਂ ਕਿਆ ਕਰੀਂ? ਏਹ ਅਜੇ ਭੀ ਦਿਵਾਨਾ ਫਿਰਦਾ ਹੈ." ਤਬ ਰਾਇ ਬੁਲਾਰ ਆਖਿਆ, "ਮੈਂ ਤੇਰੇ ਤਾਂਈ ਗੁਨਾਹ ਬਖਸਿਆ, ਪਰ ਤੂੰ ਇਸ ਦਾ ਉਜਾੜਾ ਭਰ ਦੇਹ." ਤਬ ਗੁਰੂ ਨਾਨਕ ਆਖਿਆ, "ਜਾਇ ਦੇਖਹੁ, ਓਥੇ ਕਿਛ ਨਾਂਹੀ ਉੱਜੜਿਆ." ਤਬ ਭੱਟੀ ਆਖਿਆ, "ਜੀ, ਮੇਰਾ ਖੇਤ ਉਜੜਿਆ ਹੈ; ਮੈਂ ਮੁੱਠਾ ਹਾਂ; ਮੇਰਾ ਤਪਾਵਸ ਕਰ; ਨਾਂਹੀ ਤਾਂ ਮੈਂ ਤੁਰਕਾਂ ਪਾਸ ਜਾਂਦਾ ਹਾਂ." ਤਬ ਗੁਰੂ ਨਾਨਕ ਆਖਿਆ, "ਦੀਵਾਨ ਸਲਾਮਤ! ਜੇ ਇੱਕ ਪੱਤਾ ਟੁੱਟਿਆ ਹੋਵੈ, ਤਾਂ ਭਾਵੈ ਕੁਛ ਅਸਾਂ ਨੂੰ ਕਹਹੁ;

Digitized by Panjab Digital Library | www.panjabdigilib.org

ਤੁਸੀਂ ਆਪਣਾ ਆਦਮੀ ਭੇਜ ਦੇਖਹੁ." ਤਬ ਰਾਇ ਬੁਲਾਰ ਆਪਣੇ ਪਿਆਦੇ ਭੇਜੇ. ਜਾਇ ਦੇਖਨ, ਤਾਂ ਖੇਤੀ ਅੱਗਹੁੰ ਨਾਲੋਂ ਦੂਣੀ ਲਹਿ ਲਹਿ ਕਰਦੀ ਹੈ; ਇੱਕ ਪੱਠਾ ਭੀ ਨਾਂਹੀ ਟੁੱਕਿਆ. ਤਬ ਬਾਬੇ ਓਥੇ ਸਬਦ ਕੀਤਾ ਰਾਗ ਸੂਹੀ ਵਿੱਚ ਮਹਲਾ ੧ :—

ਜੋਗੀ ਹੋਵੈ ਜੋਗਵੈ, ਭੋਗੀ ਹੋਵੈ ਖਾਇ;
ਤਪੀਆ ਹੋਵੈ ਤਪੁ ਕਰੇ, ਤੀਰਥ ਮਲ ਮਲ ਨਾਇ.
ਤੇਰਾ ਸੰਦੜਾ ਸੁਣੀਜੈ, ਪਿਆਰੇ, ਜੇ ਕੋ ਬਹੈ ਅਲਾਇ.
ਜੈਸਾ ਬੀਜੈ ਸੋ ਲੁਣੈ, ਜੋ ਖੱਟੈ ਸੋ ਖਾਇ.
ਅੱਗੈ ਪੁੱਛ ਨ ਹੋਵਈ, ਸਣ ਨੀਸਾਣੈ ਜਾਇ.
ਤੈਸੋ ਜੈਸਾ ਕਾਢੀਐ, ਜੈਸੀ ਕਾਰ ਕਮਾਇ.
ਜੋ ਦਮ ਚਿੱਤ ਨ ਆਵਈ, ਸੋ ਦਮ ਬਿਰਥਾ ਜਾਇ.
ਏਹ ਤਨ ਵੇਚੀ ਬੈ ਕਰੀਂ, ਜੇ ਕੋ ਲਏ ਵਿਕਾਇ.
ਨਾਨਕ, ਕੰਮ ਨ ਆਵਈ, ਜਿਤ ਤਨ ਨਾਹੀ ਸੱਚਾ ਨਾਉ.

ਤਬ ਰਾਇ ਬੁਲਾਰ ਉਸ ਭੱਟੀ ਕਉ ਝੂਠਾ ਕੀਆ. ਗੁਰੂ ਨਾਨਕ ਅਤੇ ਕਾਲੂ ਦੋਵੇਂ ਘਰ ਆਏ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਪੰਜਵੀਂ ਚਲੀ.

ਤਬ ਆਗਿਆ ਪਰਮੇਸਰ ਕੀ ਹੋਈ, ਜੋ ਗੁਰੂ ਨਾਨਕ ਕੇ ਘਰ ਦੁਇ ਬੇਟੇ ਹੋਏ, ਲੱਖਮੀਦਾਸ ਅਤੇ ਸੀਚੰਦ, ਪਰ ਬਾਬੇ ਦੀ ਉਦਾਸੀ ਮਿਟੈ ਨਾਹੀ. ਤਬ ਇਕ ਦਿਨ ਗੁਰੂ ਬਾਬਾ ਨਾਨਕ ਜੀ ਜਾਇ ਇੱਕ ਬਾਗ ਵਿੱਚ ਸੁੱਤਾ; ਸੁੱਤਿਆਂ ਸੁੱਤਿਆਂ ਦਿਨ ਲੱਥਾ. ਤਬ ਰਾਇ ਬੁਲਾਰ ਭੱਟੀ ਸਿਕਾਰ ਨੂੰ ਗਇਆ ਥਾ. ਜਾਂ ਸਿਕਾਰ ਥੀਂ ਦਿਨ ਲੱਥੇ ਫਿਰਿਆ, ਤਬ ਆਂਵਦਾ ਆਂਵਦਾ ਜਬ ਬਾਗ ਵਿੱਚ ਆਇਆ, ਤਾਂ ਦੇਖੈ ਤਾਂ ਕੋਈ ਦਰਖਤ ਹੇਠ ਸੁੱਤਾ ਪਇਆ ਹੈ. ਪਰ ਜਾਂ ਦੇਖੈ ਤਾਂ ਹੋਰਨਾਂ ਦਰਖਤਾਂ ਦਾ ਸਾਇਆ ਚਲ ਗਇਆ ਹੈ, ਅਰ ਉਸ ਦਰਖਤ ਦਾ ਸਾਇਆ ਖੜਾ ਹੈ. ਤਾਂ ਰਾਇ ਬੁਲਾਰ ਆਖਿਆ, "ਇਸ ਨੂੰ ਉਠਾਵਹੁ, ਦੇਖਾਂ ਕੌਣ ਹੈ." ਤਬ ਉਨਾਇ ਕਰ ਦੇਖਣ, ਤਾਂ ਕਾਲੂ ਦਾ ਪੁੱਤ ਹੈ ਨਾ-ਨਕ. ਤਬ ਰਾਇ ਬੁਲਾਰ ਆਖਿਆ, "ਯਾਰੋ, ਅਗਲੀ ਭੀ ਗੱਲ ਡਿੱਠੀ ਹੈ, ਅਰ ਏਹ ਭੀ ਗੱਲ ਦੇਖਹੁ; ਇਹ ਖਾਲੀ ਨਹੀਂ." ਤਬ ਰਾਇ ਬੁਲਾਰ ਭੱਟੀ ਘਰ ਆਇ -

Digitized by Panjab Digital Library | www.panjabdigilib.org

ਆ; ਆਇ ਕਰ ਕਾਲੂ ਨੂੰ ਸਦਾਇਆ, ਆਖਿਓਸੁ "ਕਾਲੂ, ਮਤ ਤੂੰ ਇਸ ਪੁੱਤ੍ਰ ਨੂੰ ਫਿੱਟ ਮਰ ਦੇਂਦਾ ਹੋਂਵਹਿਂ; ਇਹ ਮਹਾਂ ਪੁਰਖ ਹੈ; ਇਸ ਦਾ ਸਦਕਾ ਮੇਰਾ ਸਹਿਰ ਵਸਦਾ ਹੈ. ਕਾਲੂ, ਤੂੰ ਭੀ ਨਿਹਾਲ ਹੈਂ, ਜੋ ਤੇਰਾ ਪੁੱਤ੍ਰ ਹੈ; ਅਰ ਮੈਂ ਭੀ ਨਿਹਾਲ ਹਾਂ, ਜਿਸਦੇ ਸਹਿਰ ਵਿੱਚ ਇਹ ਪੈਦਾ ਹੋਇਆ ਹੈ." ਤਬ ਕਾਲੂ ਆਖਿਆ, "ਜੀ, ਖੁਦਾਇ ਦੀਆਂ ਗੱਲਾਂ ਖੁਦਾਇ ਜਾਣੈ." ਤਾਂ ਕਾਲੂ ਘਰ ਆਇਆ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

## ਸਾਖੀ ਫੇਰੀ ਚੱਲੀ.

ਤਬ ਬਾਬਾ ਨਾਨਕ ਫਕੀਰਾਂ ਨਾਲ ਮਜਲਸ ਕਰੈ, ਹੋਰ ਕਿਸੈ ਨਾਲ ਗੱਲ ਕਰੈ ਨਾਹੀਂ. ਤਬ ਸਭ ਪਰਵਾਰ ਦੁਖਿਆ, ਆਖਨ, "ਏਹ ਕਮਲਾ ਹੋਇਆ." ਤਬ ਗੁਰੂ ਨਾਨਕ ਜੀ ਕੀ ਮਾਤਾ ਆਈ ਉਸ ਆਖਿਆ, "ਬੇਟਾ, ਤੁਧ ਫਕੀਰਾਂ ਨਾਲ ਬੈਠਿਆਂ ਸਰਦੀ ਨਾਹੀਂ; ਤੈਨੂੰ ਘਰ ਬਾਰ ਹੋਇਆ, ਧੀਆਂ ਪੁੱਤ ਹੋਏ; ਕੁਛ ਰੁਜਗਾਰ ਭੀ ਕਰ. ਨਿਤ ਨਿਤ ਕਮਲੀਆਂ ਗੱਲਾਂ ਛੱਡ; ਅਸਾਂਨੂੰ ਲੋਕ ਹਸਦੇ ਹਨ, ਜੋ ਕਾਲੂ ਦਾ ਪੁੱਤ ਮਖੱਟੂ ਹੋਇਆ." ਤਾਂ ਏਹ ਗੱਲਾਂ ਮਾਤਾ ਆਖੀਆਂ, ਪਰ ਗੁਰੂ ਨਾਨਕ ਕੇ ਦਿਲ ਕਾਈ ਨਾਂ ਲੱਗੀ, ਪਰ ਫਿਕਰਵਾਨ ਹੋਕਰ ਪੈ ਰਹਿਆ; ਬੋਲੈ ਕਿਸੈ ਨਾਲ ਨਾਂਹੀ. ਜਿਉਂ ਪਿਆ, ਤਿਉਂ ਦਿਹਾੜੇ ਚਾਰ ਪੰਜ ਗੁਦਰ ਗਏ.

ਜਬ ਮੱਲ ਚੁੱਕੀ, ਤਬ ਬਾਬੇ ਦੀ ਇਸਤ੍ਰੀ ਸੱਸੂ ਪਾਸ ਆਈ. ਉਨ ਆਖਿਆ, "ਸਸੂ, ਤੂੰ

Digitized by Panjab Digital Library | www.panjabdigilib.org

ਕਿਆ ਬੈਠੀ ਹੈਂ ? ਜਿਸਦੇ ਪੁੱਤ ਪਇਆਂ ਚਾਰ ਪੰਜ ਦਿਨ ਹੋਏ ਹੈਨ; ਖਾਂਦਾ ਪੀਂਦਾ ਕਿਛ ਨਾਂਹੀ." ਤਬ ਮਾਤਾ ਆਈ, ਆਇ ਕਰ ਆਖਿਓਸ, "ਬੇਟਾ, ਤੁਧ ਪਇਆਂ ਬਣਦੀ ਨਾਂਹੀ; ਕੁਛ ਖਾਹਿ ਪੀਓ; ਖੇੜੀ ਪੱੜੀ ਦੀ ਸਾਰ ਲਹੁ; ਕੁਛ ਰੁਜਗਾਰ ਦੀ ਖਬਰ ਲਹੁ; ਤੇਰਾ ਸਭ ਕੁਟੰਬ ਦਲਗੀਰ ਰਹਿੰਦਾ ਹੈ; ਅਤੇ ਬੇਟਾ, ਜੇ ਤੁਧ ਨਾਂਹੀਂ ਭਾਂਵਦਾ, ਤਾਂ ਨਾ ਕਰ; ਅਸੀਂ ਤੈਨੂੰ ਨਹੀਂ ਕਿਛ ਆਖਦੇ; ਤੂੰ ਫਿਕਰਵੰਨ ਕਿਉਂ ਹੈਂ?" ਤਬ ਕਾਲੂ ਨੂੰ ਖਬਰ ਹੋਈ, ਕਾਲੂ ਆਖਿਆ, "ਬੱਚਾ, ਅਸੀਂ ਤੈਨੂੰ ਕੀ ਆਖਦੇ ਹਾਂ? ਪਰ ਰੋਜਗਾਰ ਕੀਤਾ ਭਲਾ ਹੈ. ਜੋ ਖੱਤ੍ਰੀਆਂ ਦਿਆਂ ਪੁੱਤ੍ਰਾਂ ਪਾਸ ਪੰਜੀਹੇ ਹੋਂਦੇ ਹੈਨ, ਤਾਂ ਰੋਜਗਾਰ ਕਰਦੇ ਨਾਂਹੀ? ਬੱਚਾ, ਰੁਜਗਾਰ ਕੀਤਾ ਭਲਾ ਹੈ. ਬੇਟਾ, ਅਸਾਡੀ ਖੇੜੀ ਬਾਹਰ ਖੜੀ ਹੈ; ਓਹ ਤਾਂ ਤੂੰ ਉਜਾੜ ਨਾਹੀ; ਤੂੰ ਜਾਇ ਰੱਖਹਿ, ਤਾਂ ਲੋਕ ਕਹਿਨ, 'ਜੋ ਕਾਲੂ ਦਾ ਪੁੱਤ੍ਰ ਭਲਾ ਹੈ'. ਬੇਟਾ, ਖੇਤੀ ਖਸਮਾਂ ਸੇਤੀ." ਤਬ ਗੁਰੂ ਨਾਨਕ ਬੋਲਿਆ, "ਪਿਤਾ ਜੀ, ਅਸਾਂ ਨਵੇਕਲੀ ਖੇਤੀ ਵਾਹੀ ਹੈ; ਸੋ ਅਸੀਂ

Digitized by Panjab Digital Library | www.panjabdigilib.org

ਤਕੜੀ ਰਖਦੇ ਹਾਂ. ਅਸਾਂ ਹਲ ਵਾਹਿਆ ਹੈ; ਬੀਉ ਪਾਇਆ ਹੈ; ਵੱੜ ਕੀਤੀ ਹੈ; ਅੱਠੇ ਪਹਿਰ ਖੜ੍ਹੇ ਰਹਿੰਦੇ ਹਾਂ. ਪਿਤਾ ਜੀ, ਆਖਣੀ ਖੇੜੀ ਦੀ ਸਭ ਸੋਝੀ ਰਖਦੇ ਹਾਂ, ਪਰਾਈ ਦੀ ਸਾਰ ਕਿਆ ਜਾਣਦੇ ਹਾਂ?" ਤਬ ਕਾਲੂ ਹੈਰਾਨ ਹੋਇਆ; ਆਖਿਓਸੁ, "ਵੇਖੋ, ਵੇ ਲੋਕੋ! ਏਹ ਕਿਆ ਆਖਦਾ ਹੈ?" ਤਬ ਕਾਲੂ ਆਖਿਆ, "ਤੂੰਹ ਨਵੇਕਲੀ ਖੇੜੀ ਕਦ ਵਾਹੀ ਹੈ? ਕਮਲੀਆਂ ਗੱਲਾਂ ਛੋੜ, ਪਰ ਜੇ ਤੁਧ ਭਾਵਸੀ, ਤਾਂ ਅਗਲੀ ਫਸਲ ਤੈਨੂੰ ਨਵੇਕਲੀ ਖੇੜੀ ਵਾਹ ਦਿਸਾਂਹੇ. ਵੇਖਾ ਤੂੰ ਕਿਉਂ ਕਰ ਪਕਾਇ ਖਾਵਸੀ." ਤਬ ਗੁਰੂ ਆਖਿਆ, "ਪਿਤਾ ਜੀ, ਅਸਾਂ ਖੇੜੀ ਹੁਣ ਵਾਹੀ ਹੈ, ਅਤੇ ਭਲੀ ਜ਼ਮੀ ਹੈ; ਦਿੱਸਣੀ ਪਾਸਣੀ ਭਲੀ ਹੋਈ ਹੈ." ਤਬ ਕਾਲੂ ਆਖਿਆ, "ਬੱਚਾ, ਅਸਾਂ ਤੇਰੀ ਖੇੜੀ ਡਿੱਠੀ ਨਾਂਹੀ; ਤੂੰ ਕਿਆ ਆਖਦਾ ਹੈਂ?" ਤਬ ਬਾਬੇ ਆਖਿਆ, "ਪਿਤਾ ਜੀ, ਅਸਾਂ ਇਵੇਹੀ ਖੇੜੀ ਵਾਹੀ ਹੈ, ਜੋ ਆਪੇ ਹੀ ਸੁਣੇਗਾ." ਤਬ ਬਾਬੇ ਇੱਕ ਸਬਦ ਉਠਾਇਆ ਰਾਗ ਸੋਰਠ ਵਿੱਚ ਮਹੱਲਾ ੧ :—

ਮਨੁ ਹਾਲੀ, ਕਿਰਸਾਣੀ ਕਰਣੀ, ਸਰਮ ਪਾਣੀ, ਤਨ ਖੇਤੁ;
ਨਾਮ ਬੀਜ, ਸੰਤੋਖ ਸੁਹਾਗਾ, ਰੱਖ ਗਰੀਬੀ ਵੇਸ.
ਭਾਉ ਕਰਮ ਕਰ ਜੰਮਸੀ; ਸੇ ਘਰ ਭਾਗਠ ਦੇਖ.
ਬਾਬਾ, ਮਾਇਆ ਸਾਥ ਨ ਹੋਇ.
ਇਨ ਮਾਇਆ ਜਗ ਮੋਹਿਆ; ਵਿਰਲਾ ਬੂਝੈ ਕੋਇ.

ਤਬ ਫੇਰ ਕਾਲੂ ਬੋਲਿਆ, "ਬੱਚਾ, ਤੂੰ ਹੱਟ ਬਹੁ; ਅਸਾਡੀ ਖੇਤੀ ਹੱਟ ਹੈ." ਤਬ ਫੇਰ ਗੁਰੂ ਨਾਨਕ ਜੀ ਦੂਜੀ ਪਉੜੀ ਆਖੀ :—

ਹਾਣੁ ਹੱਟ ਕਰ ਆਰਜਾ; ਸੱਚ ਨਾਮ ਕਰ ਵੱਥ.
ਸੁਰਤ ਸੋਚ ਕਰ ਭਾਂਡਸਾਲ; ਤਿਸ ਵਿੱਚ ਤਿਸ ਨੋ ਰੱਖ.
ਵਣਜਾਰਿਆਂ ਸਿਉ ਵਣਜ ਕਰ; ਲੈ ਲਾਹਾ ਮਨ ਹੱਸ.

ਤਬ ਫਿਰ ਕਾਲੂ ਕਹਿਆ, "ਬੱਚਾ, ਜੇ ਤੂੰ ਹੱਟ ਨਹੀਂ ਬਹਿੰਦਾ, ਤਾਂ ਘੋੜੇ ਲੈਕਰ ਸੌਦਾਗਰੀ ਕਰ. ਤੇਰਾ ਆਤਮਾ ਉਦਾਸ ਹੈ; ਪਰ ਤੂੰ ਰੁਜ਼ਗਾਰ ਭੀ ਕਰ, ਅਤੇ ਪਰਦੇਸ ਭੀ ਵੇਖ; ਅਸੀਂ ਆਖਾਂਗੇ, ਜੋ ਰੁਜ਼ਗਾਰ ਗਇਆ ਹੈ; ਹੁਣ ਆਂਵਦਾ ਹੈ." ਤਬ ਗੁਰੂ ਨਾਨਕ ਜੀ ਤੀਜੀ ਪਉੜੀ ਆਖੀ :—

ਸੁਣ ਸਾਸਤ ਸੌਦਾਗਰੀ; ਸਤ ਘੋੜੇ ਲੈ ਚੱਲ.
ਖਰਚ ਬੰਨ੍ਹ ਚੰਗਿਆਈਆਂ; ਮਤ ਮਨ ਜਾਣਹਿ ਕੱਲ.
ਨਿਰੰਕਾਰ ਕੈ ਦੇਸ ਜਾਂਹਿ, ਤਾਂ ਸੁਖ ਲਹੈ ਮਹੱਲ.

Digitized by Panjab Digital Library | www.panjabdigilib.org

ਤਬ ਫੇਰ ਕਾਲੂ ਆਖਿਆ, 'ਨਾਨਕ, ਤੂੰ ਅਸਾਥਹੁੰ ਗਇਆ ਹੈਂ, ਪਰ ਤੂੰ ਜਾਹਿ ਚਾਕਰੀ ਕਰ. ਦੌਲਤਖਾਂਨ ਕਾ ਮੋਦੀ ਤੇਰਾ ਬਹਿਣੋਈ ਹੈ; ਓਹ ਚਾਕਰੀ ਕਰਦਾ ਹੈ; ਤੂੰ ਭੀ ਜਾਇ ਜੈਰਾਮ ਨਾਲ ਚਾਕਰੀ ਕਰ; ਮਤ ਤੇਰਾ ਆਤਮਾ ਓਥੈ ਟਿਕੈ. ਅਸਾਂ ਤੇਰਾ ਖਟਣ ਛੱਡਿਆ ਹੈ. ਬੇਟਾ, ਜੇਕਰ ਤੂੰ ਉਦਾਸ ਹੋਇ ਕਰ ਜਾਸੀ, ਤਾਂ ਸਭ ਕੋਈ ਆਖਸੀ, ਜੋ ਕਾਲੂ ਦਾ ਪੁੱਤ ਫਕੀਰ ਹੋਇ ਗਇਆ, ਲੋਕ ਮੇਹਣੇ ਦੇਸਨ. ਤਬ ਗੁਰੂ ਨਾਨਕ ਚਉਥੀ ਪਉੜੀ ਆਖੀ :—

ਲਾਇ ਚਿੱਤ ਕਰ ਚਾਕਰੀ, ਮੰਨ ਨਾਮ ਕਰ ਕੰਮ.
ਬੰਨ ਬਦੀਆਂ ਕਰ ਧਾਂਵਨੀ, ਤਾਂ ਕੋ ਆਖੇ ਧੰਨ.
ਨਾਨਕ ਵੇਖੈ ਨਦਰ ਕਰ, ਚੜ੍ਹੈ ਚਵੱਗਣ ਵੰਨ.

ਤਬ ਬਾਬੇ ਨਾਨਕ ਆਖਿਆ, 'ਪਿਤਾ ਜੀ, ਅਸਾਡੀ ਖੇਤੀ ਬੀਜੀ ਸੁਣਿਆਂ ਕਿਉਂ? ਪਿਤਾ ਜੀ, ਅਸਾਡੀ ਖੇਤੀ ਜੰਮੀ ਹੈ; ਅਸਾਂ ਇਸ ਖੇਤੀ ਦਾ ਇਤਨਾ ਆਸਰਾ ਹੈ, ਜੋ ਹਾਸਲ ਦੀਵਾਨ ਉਤਰੇਗਾ; ਤਲਬ ਕੋਈ ਨ ਕਰੇਗਾ. ਪੁੱਤ ਧੀਆਂ ਸੁਖ

ਲੇ ਹੋਵਨਗੇ; ਅਤੇ ਫਕੀਰ ਤਿਹਾਉ ਭਾਈ ਜਤ ਕੋਈ ਵਰਸਾਵੇਗਾ. ਜਿਸ ਸਾਹਿਬ ਦੀ ਮੈ ਕਿਰਸਾਂਨੀ ਵਾਹੀ ਹੈ, ਸੋ ਅਸਾਡਾ ਬਹੁਤ ਖਸਮਾਨਾ ਕਰਦਾ ਹੈ. ਜਿਸ ਦਿਨ ਦੀ ਉਸਦੇ ਨਾਲ ਬਣੀ ਹੈ, ਤਿਸ ਦਿਨ ਦਾ ਮੈ ਬਹੁਤ ਖੁਸੀ ਰਹਿੰਦਾ ਹਾਂ. ਜੋ ਕਿਛੁ ਮੰਗਦਾ ਹਾਂ, ਸੋ ਦੇਂਦਾ ਹੈ. ਪਿਤਾ ਜੀ, ਐਸਾ ਵੱਡਾ ਸਾਹਿਬ ਟੋਲ ਲੱਧਾ ਹੈ. ਸਉਦਾਗਰੀ, ਚਾਕਰੀ, ਹੱਟ, ਪਟਣ, ਸਭ ਸੌਂਪ ਛੱਡਿਆ ਹੈ." ਤਬ ਕਾਲੂ ਹੈਰਾਨ ਹੋਇ ਗਇਆ, ਆਖਣ ਲੱਗਾ, "ਬੇਟਾ, ਅਸਾਂ ਤੇਰਾ ਸਾਹਿਬ ਡਿੱਠਾ ਸੁਣਿਆਂ ਨਾਂਹੀ!" ਤਬ ਗੁਰੂ ਨਾਨਕ ਆਖਿਆ, "ਮੇਰਾ ਸਾਹਿਬ ਜਿਨੇ ਡਿੱਠਾ ਹੈ, ਤਿਨਾਂ ਸਲਾਹਿਆ ਹੈ." ਤਬ ਗੁਰੂ ਨਾਨਕ ਇੱਕ ਸਬਦ ਉਠਾਇਆ ਰਾਗ ਆਸਾ ਵਿੱਚ ਮਹੱਲਾ ੧ :—

ਸੁਣ ਵੱਡਾ ਆਖੇ ਸਭ ਕੋਇ;
ਕੇਵਡ ਵੱਡਾ ਡੀਠਾ ਹੋਇ?
ਕੀਮਤ ਪਾਇ ਨ ਕਹਿਆ ਜਾਇ.
ਕਹਿਣੇ ਵਾਲੇ ਤੇਰੇ ਰਹੇ ਸਮਾਇ.
ਵੱਡੇ ਮੇਰੇ ਸਾਹਿਬਾ, ਗਹਿਰ ਗੰਭੀਰ, ਗੁਣੀ ਗਹੀਰ!

ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ.
ਸਭ ਸੁਰਤੀ ਮਿਲ ਸੁਰਤ ਕਮਾਈ,
ਸਭ ਕੀਮਤ ਮਿਲ ਕੀਮਤ ਪਾਈ,
ਗਿਆਨੀ, ਧਿਆਨੀ ਗੁਰ ਗੁਰਹਾਈ, —
ਕਹਿਣ ਨ ਜਾਈ ਤੇਰੀ ਤਿਲ ਵਡਿਆਈ.
ਸਭ ਸਤ, ਸਭ ਤਪ, ਸਭ ਚੰਗਿਆਈਆਂ,
ਸਿੱਧਾਂ ਪੁਰਖਾਂ ਕੀਆਂ ਵਡਿਆਈਆਂ, —
ਤੁਧ ਵਿਣ ਸਿੱਧੀ ਕਿਨੈ ਨ ਪਾਈਆਂ.
ਕਰਮ ਮਿਲੈ, ਨਾਂਹੀ ਠਾਕ ਰਹਾਈਆਂ.
ਆਖਣ ਵਾਲਾ ਕਿਆ ਵੇਚਾਰਾ?
ਸਿਫਤੀ ਭਰੇ ਤੇਰੇ ਭੰਡਾਰਾ.
ਜਿਸ ਤੂੰ ਦੇਂਹ, ਤਿਸੈ ਕਿਆ ਚਾਰਾ?
ਨਾਨਕ, ਸੱਚ ਸਵਾਰਣਹਾਰਾ!

ਤਬ ਕਾਲੂ ਕਹਿਆ, "ਏਹ ਗੱਲਾਂ ਛੱਡ, ਲੋਕਾਂ ਦਾ ਮਾਰਗ ਪਕੜ; ਕਿਰਤ ਬਿਨ ਜੀਵਣ ਥੋੜਾ ਹੈ?" ਤਬ ਫੇਰ ਬਾਬਾ ਨਾਨਕ ਚੁੱਪ ਕਰ ਰਹਿਆ. ਜਾਇ ਕਿਰਤ ਲੱਗਾ, ਆਖਿਓਸ, "ਏਹ ਅਸਾਡੇ ਕੋਮਹੁ ਕਾਜਹੁ ਗਇਆ ਹੈ, ਪਰ ਬਾਹਰ ਖੇਤੀ ਉਜੜੇ ਨਾਂਹੀ."

ਤਬ ਮਾਤਾ ਆਈ, ਆਇ ਲੱਗੀ ਉਪਦੇਸਣ. ਆਖਿਓਸ, "ਬੇਟਾ, ਚਾਰ ਦਿਨ ਨਾਮ ਬਿਸਾ

ਰੋਹੁ, ਉਠੀ ਖੜਾ ਹੋਹੁ; ਕੱਪੜੇ ਲਾਇਕੈ ਗਲੀ ਕੂਚੀ ਫਿਰ, ਜੋ ਲੋਕਾਂ ਦਾ ਵਿਸਵਾਸ ਹੋਵੇ. ਜੋ ਮਤ ਕੋਈ ਆਖੇ, ਜੋ 'ਕਾਲੂ ਦਾ ਪੁਤ੍ਰ ਰੋਗੀ ਹੋਇਆ.' ਤਬ ਬਾਬੇ ਸਬਦ ਬੋਲਿਆ ਰਾਗ ਆਸਾ ਵਿਚ ਮਹੱਲਾ ੧ :—

ਆਖਾਂ, ਜੀਵਾਂ; ਵਿਸਰੈ, ਮਰ ਜਾਂਉ.
ਆਖਣ ਅਉਖਾ ਸਾਚਾ ਨਾਂਉ-
ਸਾਚੇ ਨਾਮ ਕੀ ਲਾਗੈ ਭੂਖ,
ਉਤ ਭੂਖੇ ਖਾਇ ਚਲੀਅਹਿ ਦੂਖ.
ਸੋ ਕਿਉ ਵਿਸਰੈ, ਮੇਰੀ ਮਾਇ?
ਸਾਚਾ ਸਾਹਿਬ, ਸਾਚੈ ਨਾਇ -
ਸਾਚੇ ਨਾਮ ਕੀ ਤਿਲ ਵਡਿਆਈ
ਆਖ ਥਕੇ, ਕੀਮਤ ਨਹਿ ਪਾਈ --
ਜੇ ਸਭ ਮਿਲਕੈ ਆਖਣ ਪਾਂਹਿ,
ਵੱਡਾ ਨ ਹੋਵੈ, ਘਾਟ ਨ ਜਾਇ.
ਨਾ ਓਹ ਮਰੈ, ਨ ਹੋਵੈ ਸੋਗ,
ਦੇਂਦਾ ਰਹੈ, ਨ ਚੂਕੈ ਭੋਗ.
ਗੁਣ ਏਹੋ, ਹੋਰ ਨਾਂਹੀ ਕੋਇ.
ਨਾ ਕੋ ਹੋਆ ਨਾ ਕੋ ਹੋਇ.
ਜੇਵਡੁ ਆਪ, ਤੇਵਡ ਤੇਰੀ ਦਾਤ.
ਜਿਨ ਦਿਨੁ ਕਰਕੈ ਕੀਤੀ ਰਾਤ.
ਖਸਮ ਵਿਸਾਰਹਿ, ਤੇ ਕਮਜਾਤ.

Digitized by Panjab Digital Library | www.panjabdigilib.org

ਨਾਨਕ, ਨਾਵੈ ਬਾਝੁ ਸਨਾਤ.

ਤਬ ਮਾਤਾ ਉੱਠ ਗਈ, ਜਾਇ ਖਬਰ ਕੀਤੀ ਪਰਵਾਰ ਵਿੱਚ. ਤਬ ਸਾਰਾ ਪਰਵਾਰ ਸਭ ਕੁਟੰਬ ਲੱਗਾ ਝੂਰਣ, ਆਖਣ ਲੱਗੇ ਜੋ "ਵੱਡਾ ਹੈਫ ਹੋਇਆ, ਜੋ ਕਾਲੂ ਦਾ ਪੁੱਤ੍ਰ ਦਿਵਾਨਾ ਹੋਇਆ." ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

# ਸਾਖੀ ਸੱਤਵੀਂ ਚਲੀ.

ਤਬ ਫੇਰ ਬਾਬਾ ਨਾਨਕ ਖਾਵੈ ਪੀਵੈ ਕਿਛ ਨਾਂਹੀ; ਅੰਦਰ ਚੁੱਪ ਕਰ ਪੈ ਰਹਿਆ. ਸਾਰਾ ਪਰਵਾਰ ਓਦਰ ਗਇਆ. ਸਭ ਲੱਗੇ ਆ-ਖਣ, "ਕਾਲੂ, ਤੂੰ ਕਿਆ ਬੈਠਾ ਹੈਂ, ਜੈਂਦਾ ਪੁੱਤ੍ਰ ਪਇਆ ਹੈ? ਤੂੰ ਵੈਦ ਸੱਦ, ਕਿਛ ਦਾਰੂ ਕਰ. ਕਿਆ ਜਾਪੈ ਕੱਖਦੇ ਓਲ੍ਹੇ ਲੱਖ ਹੈ? ਤੇਰਾ ਪੁੱਤ੍ਰ ਰੋਗਾ ਹੋਵੈ, ਤਾਂ ਪੰਜੀਹੇ ਕਿਤੜੇ ਹੋਵਨਗੇ." ਤਬ ਕਾਲੂ ਉੱਠ ਖੜਾ ਹੋਇਆ, ਜਾਇ ਕਰ ਵੈਦ ਲੈ ਆਇਆ. ਤਬ ਵੈਦ ਆਇਆ, ਆਇ ਖੜਾ ਹੋਇਆ. ਤਬ ਗੁਰੂ ਨਾਨਕ ਦੀ ਬਾਂਹਿ ਪਕੜੀ, ਲੱਗਾ ਨਾਟਕਾ ਦੇਖਣ. ਤਬ ਗੁਰੂ ਨਾਨਕ ਬਾਂਹ ਛਿੱਕ ਲੀਤੀ, ਅਰ ਪਗ ਛਿੱਕ ਕਰ ਉੱਠ ਬੈਠਾ; ਆਖਣ ਲੱਗਾ, "ਰੇ ਵੈਦ, ਤੂੰ ਕਿਆ ਕਰਦਾ ਹੈਂ?" ਤਬ ਵੈਦ ਕਹਿਆ, "ਜੋ ਤੇਰੇ ਆਤਮੇ ਰੋਗ ਹੋ-ਵੈ, ਸੋ ਦੇਖਦਾ ਹਾਂ." ਤਬ ਬਾਬਾ ਹੱਸਿਆ, ਹੱਸ ਕਰ ਸਲੋਕੁ ਦਿੱਤਾ :—

Digitized by Panjab Digital Library | www.panjabdigilib.org

ਵੈਦ ਬੁਲਾਇਆ ਵੈਦਗੀ, ਪਕੜ ਢੰਢੋਲੇ ਬਾਂਹ.
ਭੋਲਾ ਵੈਦ ਨ ਜਾਣਈ ਕਰਕ ਕਲੇਜੇ ਮਾਹਿ.
ਜਾਹਿ, ਵੈਦ, ਘਰ ਆਪਣੇ; ਮੇਰੀ ਆਹਿ ਨ ਲੇਹਿ.
ਹਮ ਰੱਤੇ ਸਹੁ ਆਪਣੇ; ਤੂੰ ਕਿਸ ਦਾਰੂ ਦੇਹਿ ?
ਵੈਦਾ, ਵੈਦ ਸੁ ਵੈਦ ਤੂੰ, ਪਹਿਲਾ ਰੋਗ ਪਛਾਣ.
ਐਸਾ ਦਾਰੂ ਲੋੜ ਲਹੁ, ਜਿਤ ਵੰਞੈ ਰੋਗਾਂ ਘਾਣ.
ਦੁਖ ਲਾਗੋ ਦਾਰੂ ਘਣਾ ਵੈਦ ਖਲੋਤਾ ਆਇ.
ਕੰਨਿਆ ਰੋਵੈ, ਹੰਸ ਪੁਕਾਰੈ; ਵੈਦ, ਨ ਦਾਰੂ ਲਾਇ.
ਜਾਇ, ਵੈਦ, ਘਰ ਆਪਣੇ, ਜਾਣੈ ਕੋਇ ਮ ਕੋਇ.
ਜਿਨ ਕਰਤੇ ਦੁਖ ਲਾਇਆ, ਨਾਨਕ, ਲਾਹੇ ਸੋਇ.

**ਤਬ ਫੇਰ ਵੈਦ ਕੇ ਪਰਥਾਇ ਇੱਕ ਸਬਦ ਕੀਤਾ ਰਾਗ ਮਲਾਰ ਵਿੱਚ :—**

ਭੋਲੇ ਵੈਦ, ਨ ਦਾਰੂ ਲਾਇ.
ਇਸ ਮਨ ਆਪਣੇ ਕਉ ਮਿਲੈ ਸਜਾਇ.
ਦਰਦ ਹੋਵੈ, ਦੁਖ ਰਹੈ ਸਰੀਰ.
ਐਸਾ ਦਾਰੂ ਨ ਲਾਗੈ, ਬੀਰ.
ਦੁਖ ਮਹੁਰਾ ਮਾਰਣ ਹਰਿ ਨਾਉਂ;
ਸਿਲਾ ਸੰਤੋਖ; ਪੀਸਣ ਸਤ ਦਾਨ.
ਨਿਤ ਨਿਤ ਲਾਗਨ ਛੀਜੈ ਦੇਹਿ;
ਅੰਤ ਕਾਲ ਜਮ ਮਾਰੈ ਠੇਹ.
ਸੁਆਦ ਕਰ ਸਮਧਾਂ ਤ੍ਰਿਸਨਾ ਘਿਉ ਤੇਲ.
ਕਾਮ ਕ੍ਰੋਧ ਅਗਨੀ ਸਿਉਂ ਮੇਲ.
ਹੋਮ, ਜੱਗ, ਅਰ ਪਾਠ ਪੁਰਾਣ,

ਜੋ ਤੁਧ ਭਾਵੈ, ਸੋ ਪਰਵਾਣ.
ਰਾਜ, ਮਾਲ, ਜੋਬਨ, ਸਭ ਛਾਂਉ.
ਰਥ ਫਿਰੰਦੈ, ਦੀਸਨ ਥਾਂਇ.
ਅੱਗੇ ਨਾਉ ਨ ਦੀਸੈ ਜਾਤ.
ਓਥੈ ਦਿਨ, ਇੱਥੈ ਸਭ ਰਾਤ.
ਤਪ ਕਾਗਦ, ਤੇਰਾ ਨਾਮ ਨੀਸਾਣ.
ਜਿਨ ਕਉ ਲਿਖਿਆ, ਏਹ ਨਿਧਾਨ.
ਸੇ ਧਨਵੰਤ ਦੀਸਹਿ, ਘਰ ਜਾਇ;
ਨਾਨਕ, ਜਣਦੀ ਧੰਨ ਸੁ ਮਾਇ.

ਤਬ ਵੈਦ ਡਰਕੈ ਹਟ ਖੜਾ ਹੋਇਆ. ਤਾਂ ਵੈਦ ਆਖਿਆ, "ਭਾਈ ਵੇ, ਇਸਨੂੰ ਰੋਗ ਕਿਛ ਨਾਂ-ਹੀ, ਤੁਸੀਂ ਚਿੰਤਾ ਕਿਛੁ ਨਾ ਕਰਹੁ. ਏਹ ਮਹਾਂ ਪੁਰਖ ਹੈ." ਤਬ ਵੈਦ ਨਮਸਕਾਰ ਕਰ ਵਿਦਾ ਹੋਇਆ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਅੱਠਵੀਂ ਚੱਲੀ.

ਤਬ ਬਾਬੇ ਸਬਦ ਉਠਾਇਆ ਰਾਗ ਗਉ-ੜੀ ਚੇਤੀ ਵਿੱਚ ਮਹਲਾ ੧ :—

ਕਤ ਕੀ ਮਾਈ, ਬਾਪ ਕਤ ਕੇਰਾ, ਕਿਦੂ ਥਾਵਹੁੰ ਹਮ ਆਏ?
ਅਗਨਿ ਬਿੰਬ ਜਲ ਭੀਤਰ ਨਿਪਜੇ, ਕਾਹੇ ਕੰਮ ਉਪਾਏ?
ਮੇਰੇ ਸਾਹਿਬਾ ਕਉਨ ਜਾਣੈ ਗੁਣ ਤੇਰੇ?
ਕਹੇ ਨ ਜਾਂਣੀ ਅਉਗਣ ਮੇਰੇ.
ਕੇਤੇ ਰੁੱਖ ਬਿਰਖ ਹਮ ਚੀਨੇ, ਕੇਤੇ ਪਸੂ ਉਪਾਏ!
ਕੇਤੇ ਨਾਗ ਕੁਲੀ ਮਹਿ ਆਏ, ਕੇਤੇ ਪੰਖ ਉਡਾਏ!
ਹੱਟ, ਪਟਣ, ਬਿਜ ਮੰਦਰ ਭੰਨੈ, ਕਰ ਚੋਰੀ ਘਰ ਆਵੈ,
ਅੱਗਹੁ ਦੇਖੈ, ਪਿੱਛਹੁ ਦੇਖੈ; ਤੁਝਤੇ ਕਹਾਂ ਛਪਾਵੈ?
ਤਟ ਤੀਰਥ, ਹਮ ਨਵ ਖੰਡ ਦੇਖੇ, ਹੱਟ, ਪਟਣ, ਬਾਜਾਰ.
ਲੈਕੇ ਤਕੜੀ ਤੋਲਣ ਲਾਗਾ, ਘਟ ਹੀ ਮੇ ਵਣਜਾਰਾ.
ਜੇਤਾ ਸਮੁੰਦ ਸਾਗਰ ਨੀਰ ਭਰਿਆ, ਤੇਤੇ ਅਉਗਣ ਹਮਾਰੇ.
ਦਇਆ ਕਰਹੁ! ਕਿਛੁ ਮਿਹਰ ਉਪਾਵਹੁ! ਡੁਬਦੇ ਪੱਥਰ ਤਾਰੇ.
ਜੀਅੜਾ ਅਗਨਿ ਬਰਾਬਰ ਤਪੈ, ਭੀਤਰ ਵੱਗੈ ਕਾਤੀ.
ਪ੍ਰਣਵਤ ਨਾਨਕ, ਹੁਕਮ ਪਛਾਣੈ, ਸੁਖ ਹੋਵੈ ਦਿਨ ਰਾਤੀ.

ਤਬ ਆਗਿਆ ਪਰਮੇਸਰ ਕੀ ਹੋਈ, ਜੋ ਗੁਰੂ ਨਾਨਕ ਬਹਿ ਰਹਿਆ. ਤਾਂ ਬਾਬੇ ਕਾ ਭਣਵਈਆ ਜੈਰਾਮ ਥਾ, ਨਵਾਬ ਦੌਲਤਖਾਨ ਕਾ ਮੋਦੀ, ਜੈਰਾਮ

Digitized by Panjab Digital Library | www.panjabdigilib.org

ਸੁਣਿਆ ਜੋ ਨਾਨਕ ਹੈਰਾਨ ਰਹਿਦਾ ਹੈ; ਕੰਮ ਕਾਜ ਕਿਛ ਨਾਹੀ ਕਰਦਾ. ਉਸ ਕਿਤਾਬਤ ਲਿਖੀ, ਜੋ "ਨਾਨਕ, ਅਸਾਂ ਨੂੰ ਮਿਲੇ." ਤਬ ਏਹ ਕਿਤਾ-ਬਤ ਗੁਰੂ ਨਾਨਕ ਪੜ੍ਹੀ, ਆਖਿਓ, "ਹੋਵੈ ਤਾਂ ਜੈਰਾਮ ਜੋਗ ਮਿਲਾਂ." ਤਬ ਘਰ ਦਿਆਂ ਆਦਮੀ-ਆਂ ਆਖਿਆ, "ਜੋ ਏਹ ਜਾਵੈ, ਤਾਂ ਭਲਾ ਹੋਵੈ; ਮਤ ਇਸਦਾ ਮਨ ਠਾਹਿਰੈ, ਤਾਂ ਭਲਾ ਹੋਵੈ." ਤਬ ਬਾਬਾ ਸੁਲਤਾਨਪੁਰ ਕਉ ਉਠ ਚਾਲਿਆ. ਤਬ ਬਾਬੇ ਦੀ ਇਸਤ੍ਰੀ ਬੈਰਾਗ ਲੱਗੀ ਕਰਣ, ਆਖਿ-ਓਸ, "ਜੀ, ਤੂੰ ਅਸਾਂ ਜੋਗ ਅੱਗੇ ਹੀ ਨਹੀ ਮੁੰਹ ਲਾਂ-ਇਦਾ ਸਾ; ਪਰਦੇਸ ਗਏ, ਕਿਉਂ ਕਰ ਆਵਹੁਗੇ?" ਤਬ ਬਾਬੇ ਆਖਿਆ, "ਭੋਲੀਏ, ਅਸੀ ਏਥੇ ਕਿਆ ਕਰਦੇ ਸੇ? ਅਸੀ ਤੁਸਾਹੂ ਕੰਮਹੁ ਗਏ ਹਾਂ." ਤਉ ਉਨ ਫੇਰ ਬੇਨਤੀ ਕਰੀ, "ਜੋ ਤੁਸੀਂ ਘਰ ਬੈਠੇ ਹੋਏ ਆਹੇ, ਤਾਂ ਮੇਰੇ ਭਾਣੇ ਸਾਰੇ ਸੰਸਾਰ ਦੀ ਪਾਤਸਾਹੀ ਹੋਂਦੀ ਆਹੀ; ਏਹ ਸੰਸਾਰ ਮੇਰੇ ਕਿਤੇ ਕੰਮ ਨਾਂਹੀ." ਤਬ ਬਾਬਾ ਮਿਹਰਵਾਨ ਹੋਇ-ਆ, ਆਖਿਓਸ, "ਤੂੰ ਚਿੰਤਾ ਕੁਛ ਨ ਕਰ, ਦਿਨੋ

Digitized by Panjab Digital Library | www.panjabdigilib.org

ਦਿਨ ਤੇਰੀ ਪਾਤਿਸਾਹੀ ਹੋਵੇਗੀ." ਤਬ ਉਨ ਕਹਿਆ, "ਜੀ, ਮੈਂ ਪਿੱਛੇ ਨਾਹੀ ਰਹਿੰਦੀ, ਮੈਨੂੰ ਨਾਲ ਲੈ ਚੱਲ." ਤਬ ਨਾਨਕ ਆਖਿਆ, "ਪਰਮੇਸਰ ਕੀਏ, ਹੁਣ ਤਾਂ ਮੈ ਜਾਂਦਾ ਹਾਂ, ਜੇ ਮੇਰਾ ਰੁਜਗਾਰ ਬਣੇਗਾ, ਤਾਂ ਮੈ ਤੈਨੂੰ ਸਦਾਇ ਲੈਸਾਂ; ਤੂੰ ਆਗਿਆ ਮੰਨ ਲੈ." ਤਬ ਉਹ ਚੁੱਪ ਕਰ ਰਹੀ. ਤਬ ਬਾਬਾ ਨਾਨਕ ਭਾਈ ਬੰਦਾਂ ਪਾਸਹੁੰ ਵਿਦਿਆ ਹੋਇਆ. ਸੁਲਤਾਨਪੁਰ ਕਉ ਚੱਲਿਆ. ਬੋਲੋ ਵਾਹ ਗੁਰੂ!

# ਸਾਖੀ ਨੌਮੀ ਚੱਲੀ.

ਜਾਂ ਭਾਣਾ ਤਾਂ ਸੁਲਤਾਂਨਪੁਰ ਕਉ ਗਇਆ. ਤਬ ਜਾਇ ਜੈਰਾਮ ਕਉ ਮਿਲਿਆ. ਤਾਂ ਜੈਰਾਮ ਬਹੁਤ ਖੁਸੀ ਹੋਇਆ, ਆਖਿਓਸੁ, "ਭਾਈ ਨਾਨਕ, ਚੰਗਾ ਭਲਾ ਹੈਂ?" ਤਬ ਜੈਰਾਮ ਦਰਬਾਰ ਗਇਆ, ਜਾਇ ਕਰ ਦੌਲਤਖਾਨ ਜੋਗ ਅਰਜ ਕੀਤੋਸੁ; ਆਖਿਓਸੁ, "ਨਵਾਬ ਸਲਾਮਤ! ਮੇਰਾ ਇੱਕ ਸਾਲਾ ਆਇਆ ਹੈ; ਬਹੁਤ ਖੂਬ ਪੜ੍ਹਿਆ ਹੈ; ਦੀਵਾਨ ਜੋਗ ਮਿਲਿਆ ਚਾਂਹਦਾ ਹੈ." ਤਬ ਦੌਲਤਖਾਨ ਕਹਿਆ, "ਜਾਹਿ, ਲੈ ਆਉ." ਤਬ ਜੈਰਾਮ ਆਇ ਕਰ ਗੁਰੂ ਨਾਨਕ ਜੋਗ ਲੈ ਗਇਆ. ਕੁਛ ਪੇਸਕਸੀ ਅੱਗੇ ਰੱਖ ਕਰ ਮਿਲਿਆ; ਖਾਨ ਖੁਸੀ ਹੋਇਆ. ਖਾਂਨ ਆਖਿਆ, "ਇਸ ਕਾ ਨਾਂਉ ਕਿਆ ਹੈ?" ਜੈਰਾਮ ਅਰਜ ਕੀਤੀ, "ਜੀ, ਇਸ ਕਾ ਨਾਉ ਨਾਨਕ ਹੈ." ਤਬ ਖਾਨ ਕਹਿਆ, "ਭਲਾ, ਦਿਆਨਤਦਾਰ ਨਜਰ ਆਵਦਾ ਹੈ, ਮੇਰਾ ਕੰਮ ਇਸ ਦੇ ਹਵਾਲੇ ਕਰਹੁ." ਤਬ ਗੁਰੂ ਨਾਨਕ ਖੁਸੀ ਹੋਇ ਮੁਸਕਾ-

Digitized by Panjab Digital Library | www.panjabdigilib.org

ਇਆ. ਖਾਨ ਸਿਰੋਪਾਉ ਦਿੱਤਾ. ਤਬ ਗੁਰੂ ਨਾਨਕ ਤੇ ਜੈਰਾਮ ਦੋਵੈ ਘਰ ਆਏ.

ਲੱਗੇ ਕੰਮ ਕਰਣ. ਐਸਾ ਕੰਮ ਕਰਣ, ਜੋ ਸਭ ਕੋਈ ਖੁਸੀ ਹੋਵੈ. ਸਭ ਲੋਕ ਆਖਨ, ਜੋ "ਵਾਹ, ਵਾਹ! ਕੋਈ ਭਲਾ ਹੈ." ਸਭ ਕੋਈ ਖਾਂਨ ਅੱਗੇ ਸੁਪਾਰਸ ਕਰੈ; ਖਾਂਨ ਬਹੁਤ ਖੁਸੀ ਹੋਇਆ: ਜੋ ਕਿਛ ਅਲੂਫਾ ਗੁਰੂ ਨਾਨਕ ਜੋਗ ਮਿਲੈ, ਖਾਵੈ ਸੁ ਖਾਵੈ; ਹੋਰ ਪਰਮੇਸਰ ਅਰਥ ਦੇਵੈ, ਅਤੇ ਰਾਤ ਨਿਤਾ ਪ੍ਰਤਿ ਕੀਰਤਨ ਹੋਵੈ.

ਪਿੱਛਹੁੰ ਮਰਦਾਨਾ ਡੂਮ ਆਇਆ ਤਲਵੰਡੀਅਹੁ; ਆਇ ਬਾਬੇ ਨਾਲ ਟਿਕਿਆ. ਹੋਰ ਪਿਛੋਂ ਆਵਨ, ਤਿਨ ਤਾਂਈ ਖਾਂਨ ਜੋਗ ਮਿਲਾਵੈ; ਅਲੂਫਾ ਕਰਾਇ ਦੇਵੈ. ਸਭ ਕੋਈ ਰੋਟੀਆਂ ਖਾਵੰਨ ਗੁਰੂ ਨਾਨਕ ਕੇ ਪ੍ਰਸਾਦ, ਸਭ ਖੁਸੀ ਹੋਏ. ਅਰ ਜੋ ਬਾਬੇ ਦੀ ਰਸੋਈ ਹੋਵੈ, ਤਾਂ ਸਭ ਆਇ ਬਹਿਨ. ਅਤੇ ਰਾਤ ਨਿਤਾ ਪ੍ਰਤਿ ਕੀਰਤਨ ਹੋਵੈ. ਜਿੱਥੇ ਪਹਿਰ ਰਾਤ ਰਹੈ, ਤਿੱਥੈ ਬਾਬਾ ਦਰੀਆਇ ਜਾਵੈ ਇਸਨਾਨ ਕਰਣੇ. ਅਰ ਜਾਂ ਪ੍ਰਭਾਤਿ ਹੋਵੈ, ਤਾਂ

ਕੱਪੜੇ ਕਰਕੇ ਤਿਲਕ ਚੜ੍ਹਾਇਕਰ, ਦਰਬਾਰ
ਫੁਰਮਾਂਣ ਲੈਕਰ ਲਿਖਣ ਬੈਠੇ. ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

## ਸਾਖੀ ਦਸਵੀਂ ਚੱਲੀ.

ਇੱਕ ਦਿਨ ਇੱਕੋ ਖਿਜਮਤਦਾਰ ਲੈਕਰ ਗਇਆ, ਕੱਪੜੇ ਲਾਹਿ ਕਰ ਖਿਜਮਤਦਾਰ ਦੇ ਹਵਾਲੇ ਕੀਤੇ; ਆਪ ਨੰਵ੍ਹਣ ਪਇਆ. ਜਿਉਂ ਪਇਆ, ਤਿਉਂ ਆਗਿਆ ਨਾਲ ਸੇਵਕ ਲੈ ਗਏ ਦਰਗਾਹ ਪਰਮੇਸਰ ਕੀ. ਤਬ ਸੇਵਕਾਂ ਜਾਇ ਹਾਜਰ ਕੀਤਾ. "ਜੀ, ਨਾਨਕ ਹਾਜਰ ਹੈ." ਤਬ ਸੱਚੀ ਦਰਗਾਹ ਦਰਸਨ ਹੋਇਆ; ਸਾਹਿਬ ਮਿਹਰਵਾਨ ਹੋਇਆ; ਤਬ ਓਹ ਖਿਜਮਤਦਾਰ ਕੱਪੜਿਆਂ ਉਤੇ ਖੜਾ ਆਹਾ; ਸੋ ਖੜਾ ਖੜਾ ਹੁੱਟਾ. ਓਨ ਆਖਿਆ, ਜੋ "ਨਾਨਕ ਦਰੀਆਉ ਵਿੱਚ ਪਇਆ ਆਹਾ; ਸੋ ਨਿਕਲਿਓ ਨਾਂਹੀ." ਉਸ ਆਇ ਖਾਂਨ ਪਾਸ ਅਰਜ ਕੀਤੋਸ, "ਖਾਨ ਸਲਾਮਤ! ਨਾਨਕ ਦਰੀਆਉ ਵਿੱਚ ਪਇਆ ਆਹਾ, ਸੋ ਨਿਕਲਿਓ ਨਾਹੀ." ਤਬ ਖਾਂਨ ਅਸਵਾਰ ਹੋਇਆ, ਬਾਹਰ ਆਇਆ, ਦਰੀਆਉ ਉਪੱਰ ਮਲਾਹ ਬੁਲਾਏ, ਅਰ ਜਾਲ ਬੀਧ ਪਾਇਆ. ਤਬ ਮਲਾਹ ਸੋਧ ਥੱਕੇ, ਪਰ ਲੱਧੋ ਨ

ਹੀ. ਖਾਨ ਬਹੁਤ ਦਲਗੀਰ ਹੋਇਆ; ਆਖਿਓਸ, “ਨਾਨਕ ਭਲਾ ਵਜ਼ੀਰ ਥਾ.” ਖਾਂਨ ਘਰ ਆਇਆ. ਆਗਿਆ ਪਰਮੇਸਰ ਕੀ ਹੋਈ, ਤਾਂ ਅੰਮ੍ਰਿਤ ਦਾ ਕਟੋਰਾ ਭਰ ਕਰ ਬਾਬੇ ਨਾਨਕ ਨੂੰ ਮਿਲਿਆ. ਹੁਕਮ ਹੋਇਆ, “ਨਾਨਕ, ਏਹ ਅੰਮ੍ਰਿਤ ਨਾਹੀ, ਮੇਰੇ ਨਾਮ ਕਾ ਪਿਆਲਾ ਹੈ, ਤੂੰ ਪੀਉ.” ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ. ਸਾਹਿਬ ਮਿਹਰਵਾਨ ਹੋਇਆ. “ਨਾਨਕ, ਮੈਂ ਤੇਰੇ ਨਾਲ ਹਾਂ; ਮੈ ਤੇਰੇ ਤਾਂਈ ਨਿਹਾਲ ਕੀਤਾ, ਅਰ ਜੋ ਤੇਰਾ ਨਾਂਉ ਲੇਵੈਗਾ, ਸੋ ਭੀ ਨਿਹਾਲ ਕੀਤਾ; ਤੂ ਜਾਇ ਕਰ ਮੇਰਾ ਨਾਂਉ ਜਪ, ਅਰ ਲੋਕਾਂ ਤੇ ਭੀ ਜਪਾਇ; ਅਰ ਸੰਸਾਰ ਤੇ ਭੀ ਨਿਰਲੇਪ ਕਾ ਨਿਰਲੇਪ ਰਹੁ. ਨਾਮ, ਦਾਨ, ਇਸਨਾਨ, ਸੇਵਾ, ਸਿਮਰਨ ਵਿਚ ਰਹੁ. ਮੈ ਤੇਰੇ ਤਾਂਈ ਆਪਣਾ ਨਾਮ ਦੀਆ ਹੈ; ਤੂੰ ਏਹ ਕਿਰਤ ਕਰ.” ਤਬ ਗੁਰੂ ਨਾਨਕ ਤਸਲੀਮ ਕੀਤੀ, ਖੜਾ ਹੋਇਆ. ਤਬ ਹੁਕਮ ਆਇਆ, “ਨਾਨਕ, ਮੇਰੇ ਨਾਮ ਕੀ ਵਡਿਆਈ ਕੈਸੀ ਹੈ?” ਤਬ ਗੁਰੂ ਨਾਨਕ ਸਬਦ ਬੋਲਿਆ ਰਾਗ ਸਿਰੀ ਰਾਗ ਵਿਚ ਮਹੱਲਾ ੧ :—

ਕੋਟ ਕੋਟੀ ਮੇਰੀ ਆਰਜਾ, ਪਵਣ ਪੀਅਣ ਅਪਿਆਉ;
ਚੰਦ ਸੂਰਜ ਦੁਇ ਗੁਫੈ ਨ ਦੇਖਾ, ਸੁਪਨੇ ਸੌਣ ਨ ਥਾਉ;
ਭੀ ਤੇਰੀ ਕੀਮਤ ਨਾ ਪਵੈ; ਹਉ ਕੇਵਡ ਆਖਾਂ ਨਾਂਉ?
ਸਾਚਾ ਨਿਰੰਕਾਰ ਨਿਜ ਥਾਂਇ.

ਸੁਣ ਸੁਣ ਆਖਣ ਆਖਣਾ; ਜੇ ਭਾਵੈ, ਕਰੈ ਤ ਮਾਇ.
ਕੁਸਾਂ, ਕੱਟੀਆਂ ਵਾਰ ਵਾਰ, ਪੀਸਣ ਪੀਸਾ ਪਾਂਉ;
ਅੱਗੀ ਸੇਤੀ ਜਾਲੀਆ, ਭਸਮ ਸੇਤੀ ਰਲ ਜਾਂਉ;
ਭੀ ਤੇਰੀ ਕੀਮਤ ਨਾ ਪਵੈ; ਹਉ ਕੇਵਡ ਆਖਾਂ ਨਾਂਉ?
ਪਖੀ ਹੋਇ ਕੈ ਜੇ ਭਵਾਂ, ਸੈ ਅਸਮਾਨੀ ਜਾਂਉ;
ਨਦਰੀ ਕਿਸੈ ਨ ਆਵਊਂ, ਨਾ ਕਿਛ ਪੀਆਂ ਨ ਖਾਂਉ;
ਭੀ ਤੇਰੀ ਕੀਮਤ ਨਾ ਪਵੈ, ਹਉ ਕੇਵਡ ਆਖਾਂ ਨਾਂਉ?
ਨਾਨਕ, ਕਾਗਦ ਲਖ ਮਣਾ, ਪੜ੍ਹ ਪੜ੍ਹ ਕੀਚੈ ਭਾਉ;
ਮਸੂ ਤੋਟ ਨ ਆਵਈ, ਲੇਖਣ ਪਉਣ ਚਲਾਂਉ;
ਭੀ ਤੇਰੀ ਕੀਮਤ ਨਾ ਪਵੈ; ਹਉ ਕੇਵਡ ਆਖਾਂ ਨਾਉ?

ਤਬ ਫੇਰ ਅਵਾਜ ਹੋਇਆ, "ਨਾਨਕ, ਮੇਰਾ ਹੁਕਮ ਤੇਰੀ ਨਦਰ ਆਇਆ ਹੈ; ਤੂੰ ਮੇਰੇ ਹੁਕਮ ਦੀ ਸਿਫ਼ਤ ਕਰ." "ਅਜੀ, ਜੀਉ ਕਾ ਆਖਿਆ ਹੋਆ ਕਿਆ ਹੈ? ਅਤੇ ਮੇਰੀ ਨਦਰ ਵਿੱਚ ਕਿਆ ਆਖਿਆ ਸੁਣਿਆ ਜਾਵੇ? ਅਤੇ ਜੇਤ ਤੇਰੇ ਹੁਕਮ ਨਾਲ ਗਾਵਣ ਹਾਰ ਹੈ." ਤਬ ਬਾਬਾ ਬੋਲਿਆ ਰਾਗ ਆਸਾ ਵਿੱਚ ਜਪ ਕੀਤਾ ਮਹੱਲਾ ੧ ਸਲੋਕ :—

ਆਦਿ ਸਚੁ; ਜੁਗਾਦਿ ਸਚੁ;

ਹੈਭਿ ਸੱਚ, ਨਾਨਕ, ਹੋਸੀ ਭੀ ਸੱਚ·
ਸੋਚੈ ਸੋਚ ਨ ਹੋਵਈ, ਜੇ ਸੋਚੀ ਲਖਵਾਰ.
ਚੁਪੈ ਚੁਪ ਨ ਹੋਵਈ, ਜੇ ਲਾਇ ਰਹਾਂ ਲਿਵਤਾਰ.
ਭੁਖਿਆ ਭੁਖ ਨ ਉਤਰੀ, ਜੇ ਬੰਨਾ ਪੁਰੀਆ ਭਾਰ.
ਸਹਸ ਸਿਆਣਪਾਂ ਲਖ ਹੋਹਿ, ਤ ਇਕ ਨ ਚਲੈ ਨਾਲ.
ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲ?
ਹੁਕਮ ਰਜਾਈ ਚੱਲਣਾ, ਨਾਨਕ, ਲਿਖਿਆ ਨਾਲ·

ਜਾਂ ਜਪ ਬਾਬੇ ਕੀਤਾ, ਤਬ ਫਿਰ ਆਗਿਆ ਆਈ, ਹੁਕਮ ਹੋਇਆ, "ਨਾਨਕ, ਜਿਸ ਉੱਪਰ ਮੇਰੀ ਨਦਰ, ਤਿਸ ਉੱਪਰ ਤੇਰਾ ਕਰਮ; ਤਿਸ ਹੀ ਉੱਪਰ ਮੇਰਾ ਭੀ ਕਰਮ· ਮੇਰਾ ਨਾਂਉ ਪਾਰਬ੍ਰਹਮ ਪਰਮੇਸਰ, ਤੇਰਾ ਨਾਂਉ ਗੁਰੂ ਪਰਮੇਸਰ·" ਤਬ ਗੁਰੂ ਨਾਨਕ ਪੈਰੀਂ ਪਾਇਆ; ਤਬ ਸਿਰੋਪਾਉ ਦਰਗਾਹੋਂ ਬਾਬੇ ਨੋ ਮਿਲਿਆ· ਤਬ ਬਾਬੇ ਸਬਦ ਉਠਾਇਆ ਰਾਗ ਧਨਾਸਰੀ ਹੋਆ ਮਹੱਲਾ ੧ ਆਰਤੀ :—

ਗਗਨ ਮੈ ਥਾਲ, ਰਵ ਚੰਦ ਦੀਪਕ ਬਨੇ, ਤਾਰਕਾ ਮੰਡਲ ਜਨਕ ਮੋਤੀ·
ਧੂਪ ਮਲਿਆਨ, ਲੋ ਪਵਣ ਚਵਰੋ ਕਰੈ, ਸਗਲ ਬਨਰਾਇ ਫੂਲੰਤ, ਜੋਤੀ.
ਕੈਸੀ ਆਰਤੀ ਹੋਇ, ਭਵ ਖੰਡਨਾ? ਤੇਰੀ ਆਰਤੀ ਅਨਹਤਾ ਸਬਦ ਵਾਜੰਤ ਭੇਰੀ·
ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕੋ; ਸਹਸ ਮੂਰਤ,

ਨਨਾ ਏਕ ਤੋਹੀ.
ਸਹਸ ਪਦ ਬਿਮਲ, ਨਨ ਏਕ ਪਦ; ਗੰਧ ਬਿਨ, ਸਹਸ
ਤਵ ਗੰਧ, ਇਵ ਚਲਤ ਮੋਹੀ.
ਸਭ ਮਹਿ ਜੋਤ, ਜੋਤਿ, ਹੈ ਸੋਇ.
ਤਿਸਦੈ ਚਾਨਣ, ਸਭ ਮਹਿ ਚਾਨਣ ਹੋਇ.
ਗੁਰੂ ਸਾਖੀ ਜੋਤ ਪਰਗਟ ਹੋਇ.
ਜੋ ਤਿਸ ਭਾਵੈ, ਸੁ ਆਰਤੀ ਹੋਇ.
ਹਰਿ, ਚਰਣ ਕਵਲ ਮਕਰੰਦ ਲੋਭਿਤ ਮਨੋ, ਅਨ-
ਦਿਨੋ ਮੋਹਿ ਆਹੀ ਪਿਆਸਾ.
ਕਿਰਪਾ ਜਲ ਦੇਹ ਨਾਨਕ ਸਾਰਿੰਗ ਕਉ, ਹੋਇ ਜਾਤੇ
ਤੇਰੇ ਨਾਇ ਵਾਸਾ.

ਤਬ ਆਗਿਆ ਉਨਾਂ ਸੇਵਕਾਂ ਕਉ ਹੋਈ, ਜੋ ਨਾਨਕ ਕਉ ਉਸੀ ਘਾਟ ਪਹੁਚਾਇ ਆਵਹੁ.

ਤਬ ਗੁਰੂ ਬਾਬਾ ਨਾਨਕ ਜੀ ਤੀਸਰੇ ਦਿਨ ਉੱਤੇ ਘਾਟ ਜਾਇ ਨਿਕਲਿਆ ਦਰੀਆਉ ਵਿੱਚਹੁੰ. ਤਬ ਲੋਕਾਂ ਕਹਿਆ, "ਯਾਰੋ, ਇਹ ਤਾਂ ਦਰੀਆਉ ਵਿੱਚ ਪਇਆ ਆਹਾ! ਇਹੁ ਕਿੱਥਹੁ ਪੈਦਾ ਹੋਇਆ? ਤਬ ਗੁਰੂ ਨਾਨਕ ਆਇਕੈ ਡੇਰੇ ਵਿੱਚ ਵੜਿਆ; ਡੇਰਾ ਲੁਟਾਇ ਦੂਰ ਕੀਤਾ. ਲੋਕ ਬਹੁਤ ਜੁੜ ਗਏ; ਤਬ ਖਾਨ ਭੀ ਆਇ ਗਇਆ; ਖਾਨ ਕਹਿਆ, "ਨਾਨਕ, ਤੇਰੇ ਤਾਂਈ ਕਿਆ ਹੂਆ? ਤਬ ਲੋਕਾਂ ਕਹਿਆ,

Digitized by Panjab Digital Library | www.panjabdigilib.org

"ਜੀ, ਇਸ ਦਰੀਆਉ ਵਿੱਚਹੁ ਚੋਟ ਖਾਧੀ." ਤਬ ਖਾਂਨ ਕਹਿਆ, "ਯਾਰੋ, ਵੱਡਾ ਹੈਫ ਹੋਆ!" ਖਾਂਨ ਦਲਗੀਰ ਹੋਇਕਰ ਉੱਠ ਗਇਆ. ਤਬ ਗੁਰੂ ਨਾਨਕ ਕੇ ਇੱਕਾ ਕੁਪੀਨ ਰਹੀ, ਹੋਰ ਰੱਖਿਓਸ ਕਿਛ ਨਾਂਹੀ. ਫਕੀਰਾਂ ਨਾਲ ਜਾਇ ਬੈਠਾ; ਨਾਲੇ ਮਰਦਾਨਾ ਡੂਮ ਜਾਇ ਬੈਠਾ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਗਿਆਰਵੀਂ ਚੱਲੀ.

ਤਬ ਇਕ ਦਿਨ ਗੁਦਰ ਗਇਆ. ਤਬ ਅਗਲੇ ਦਿਨ ਬਕ ਖੜਾ ਹੋਇਆ, ਜੋ "ਨਾਂ ਕੋ ਹਿੰਦੂ ਹੈ, ਨਾਂ ਕੋ ਮੁਸਲਮਾਨ ਹੈ." ਜਬ ਬੋਲੇ, ਤਾਂ ਏਹੋ ਅਵਾਜ ਕਰੈ. ਤਬ ਲੋਕਾਂ ਜਾਇ ਖਾਨ ਜੋਗ ਕਹਿਆ, ਜੋ ਨਾਨਕ ਕਹਿੰਦਾ ਹੈ, "ਨਾਂ ਕੋ ਹਿੰਦੂ ਹੈ, ਨਾਂ ਕੋ ਮੁਸਲਮਾਨ ਹੈ." ਤਬ ਖਾਨ ਕਹਿਆ, "ਇਸਕੇ ਖਿਆਲ ਨਹੀ ਪਉਣਾ; ਇਹ ਫਕੀਰ ਹੈ. ਤਬ ਏਕ ਕਾਜੀ ਨੇੜੇ ਬੈਠਾ ਥਾ; ਉਨ ਕਹਿਆ, "ਖਾਂਨ ਜੀ, ਅਜਬ ਹੈ, ਕਿਉਂ ਜੋ ਆਖਦਾ ਹੈ, ਨਾਂ ਕੋ ਹਿੰਦੂ ਹੈ, ਨਾਂ ਕੋ ਮੁਸਲ-ਮਾਨ ਹੈ." ਤਬ ਖਾਨ ਕਹਿਆ, "ਨਾਨਕ ਤਾਂਈਂ ਬੁਲਾਇ ਲੇ ਆਵਹੁ." ਤਬ ਆਦਮੀ ਆਇਕੇ ਕਹਿਣ ਲੱਗੇ, "ਨਾਨਕ, ਤੇਰੇ ਤਾਂਈ ਖਾਨ ਬੁਲਾਇਆ ਹੈ." ਤਬ ਨਾਨਕ ਨੇ ਕਹਿਆ, "ਮੈਂ ਤੇਰੇ ਖਾਂਨ ਕੀ ਕਿਆ ਪਰਵਾਹ ਪੜੀ ਹੈ?" ਤਬ ਲੋਕਾਂ ਕਹਿਆ, "ਇਹੁ ਕਮਲਾ ਦਿਵਾਨਾ ਹੋਇਆ ਹੈ." ਤਬ ਗੁਰੂ ਨਾਨਕ ਕਹਿਆ, "ਮਰਦਾਨਿਆ, ਰਬਾਬ ਵਜਾਇ." ਤਾਂ

Digitized by Panjab Digital Library | www.panjabdigilib.org

ਮਰਦਾਨੇ ਰਬਾਬ ਵਜਾਇਆ, ਰਾਗ ਮਾਰੂ ਕੀਤਾ ਮਹਲਾ ੧ ਘਰ ੧ :-

ਕੋਈ ਆਖੇ ਭੂਤਨਾ, ਕੋ ਕਹੈ ਬੇਤਾਲਾ;
ਕੋਈ ਆਖੇ ਆਦਮੀ ਨਾਨਕ ਬੇਚਾਰਾ.
ਭਇਆ ਦਿਵਾਨਾ ਸਾਹ ਕਾ ਨਾਨਕ ਬਉਰਾਨਾ.
ਹਉ ਹਰਿ ਬਿਨ ਅਵਰ ਨ ਜਾਨਾ.
ਤਾਂ ਦੇਵਾਨਾ ਜਾਣੀਐ, ਜਾਂ ਭੈ ਦੇਵਾਨਾ ਹੋਇ.
ਏਕੀ ਸਾਹਿਬ ਬਾਹਰਾ, ਦੂਜਾ ਅਵਰੁ ਨ ਜਾਣੈ ਕੋਇ.
ਤਉ ਦੇਵਾਨਾ ਜਾਣੀਐ, ਜਾਂ ਏਕਾ ਕਾਰ ਕਮਾਇ;-
ਹੁਕਮ ਪਛਾਣੈ ਖਸਮ ਕਾ; ਦੂਜੀ ਅਵਰ ਸਿਆਣਪ ਕਾਇ?
ਤਉ ਦੇਵਾਨਾ ਜਾਣੀਐ, ਜਾਂ ਸਾਹਿਬ ਧਰੇ ਪਿਆਰ.
ਮੰਦਾ ਜਾਣੈ ਆਪ ਕਉ, ਨਾਨਕ, ਅਵਰ ਭਲਾ ਸੰਸਾਰ.

ਤਬ ਫਿਰ ਬਾਬਾ ਚੁੱਪ ਕਰ ਰਹਿਆ, ਜੇ ਕਿਛ ਬੋਲੈ, ਤਾਂ ਇਹੀ ਬਚਨ ਕਹੈ, "ਨਾਂ ਕੋਈ ਹਿੰਦੂ ਹੈ, ਨਾਂ ਮੁੱਸਲਮਾਨ ਹੈ." ਤਬ ਕਾਜੀ ਕਹਿਆ, "ਖਾਂਨ ਜੀ, ਇਹ ਭੁਲਾ ਹੈ ਜੋ ਕਹਿੰਦਾ ਹੈ, 'ਨਾ ਕੋ ਹਿੰਦੂ ਹੈ, ਨਾ ਮੁੱਸਲਮਾਨ ਹੈ'," ਤਬ ਖਾਨ ਕਹਿਆ, "ਜਾਇਕਰ ਨਾਨਕ ਫਕੀਰ ਤਾਂਈ ਲੈ ਆਵਹੁ." ਤਬ ਪਿਆਦੇ ਗਏ; ਉਨ ਕਹਿਆ, "ਨਾਨਕ ਜੀ, ਖਾਂਨ ਬੁਲਾਂਇੰਦਾ ਹੈ, ਜੋ ਅੱਜ ਬਰਾਹ ਖੁਦਾ ਏਕ ਬਾਰ ਦੀਦਾਰ ਦੇਹ, ਮੈਂ ਤੇਰੇ ਦੀਦਾਰ ਨੂੰ ਚਾਂਹਦਾ ਹਾਂ." ਤਬ ਗੁਰੂ ਨਾਨਕ ਉਠ ਚੱਲਿਆ,

ਆਖਿਓਸ, "ਅਬ ਮੇਰੇ ਸਾਹਿਬ ਕਾ ਸੱਦਾ ਆਇਆ ਹੈ, ਤਾਂ ਜਾਵਾਂਗਾ." ਤਬ ਮੁਤਕਾ ਗਲ ਵਿੱਚ ਪਾਇਕੇ ਗਇਆ, ਆਇਕੇ ਖਾਂਨ ਜੋਗ ਮਿਲਿਆ. ਤਬ ਖਾਂਨ ਕਹਿਆ, ਜੋ "ਨਾਨਕ, ਦੋਸਤੀ ਖੁਦਾਇ ਦੀ ਗਲਹੁ ਮੁਤਕਾ ਲਾਹਿ; ਕਮਰ ਬੰਧ ਤੂ ਭਲਾ ਫਕੀਰ ਹੈਂ!" ਤਬ ਗੁਰੂ ਨਾਨਕ ਗਲਹੁੰ ਮੁਤਕਾ ਲਾਹਿਆ. ਤਬ ਖਾਂਨ ਕਹਿਆ, "ਨਾਨਕ, ਮੇਰੀ ਕਮਬਖਤੀ ਹੈ, ਤੈਂ ਜੇਹਾ ਵਜੀਰ ਫਕੀਰ ਹੋਵੇ." ਤਬ ਖਾਂਨ ਕਹਿਕੇ ਗੁਰੂ ਨਾਨਕ ਨੂੰ ਆਪਣੇ ਪਾਸ ਬਹਾਲਿਆ, ਕਹਿਓਸ, "ਏ ਕਾਜੀ, ਬਾਤ ਪੂਛਤਾ ਹੈਂ, ਤਾਂ ਪੂਛ; ਨਾਂਹੀ ਤਾਂ ਏਹ ਬਹੁਤ ਸੁਖਨ ਕਰੈਗਾ." ਤਬ ਕਾਜੀ ਦਿਲਗੀਰ ਹੋਇ ਕਰ ਹੱਸਿਆ; ਤਬ ਕਾਜੀ ਕਹਿਆ, "ਨਾਨਕ, ਤੂ ਜੋ ਕਹਿੰਦਾ ਹੈਂ ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨ ਹੈ, ਸੋ ਤੈਂ ਕਿਆ ਪਾਇਆ ਹੈ?" ਤਬ ਬਾਬੇ ਸਲੋਕ ਆਖਿਆ :—

੧

ਮੁਸਲਮਾਨ ਕਹਾਵਣ ਮੁਸਕਲੁ; ਜਾਂ ਹੋਇ ਤਾਂ ਮੁੱਸਲਮਾਨ ਕਹਾਵੈ.
ਅਵਲਿ ਅਉਲਿ ਦੀਨ ਕਰ ਮਿਠਾ, ਮੁਸਕਲ ਮਾਨਾ ਮਾਲੁ ਮੁਸਾਵੈ
ਹੋਇ ਮੁਸੱਲਮ ਦੀਨ ਮੁਹਾਣੈ, ਮਰਣ ਜੀਵਣ ਕਾ ਭਰਮ ਚੁਕਾਵੈ.

ਰੱਬਕੀ ਰਜਾਇ ਮੰਨੈ ਸਿਰ ਉੱਪਰ, ਕਰਤਾ ਮੰਨੈ ਆਪ ਗਵਾਵੈ.
ਤਉ, ਨਾਨਕ, ਸਰਬ ਜੀਆਂ ਮਿਹਰੰਮਤ ਹੋਇ, ਤਾਂ ਮੁੱਸਲ ਮਾਨ ਕਹਾਵੈ.

੨

ਮਿਹਰ ਮਸੀਤ, ਸਿਦਕ ਮੁਸੱਲਾ, ਹੱਕ ਹਲਾਲ ਕੁਰਾਨ.
ਸਰਮ ਸੁੰਨਤ, ਸੀਲ ਰੋਜਾ, ਹੋਹ ਮੁੱਸਲਮਾਨ.
ਕਰਣੀ ਕਾਬਾ, ਸੱਚ ਪੀਰ, ਕਲਮਾ ਕਰਮ ਨਿਵਾਜ.
ਤਸਬੀ ਸਾ ਤਿਸ ਭਾਵਸੀ, ਨਾਨਕ ਰੱਖੇ ਲਾਜ.

੩

ਹੱਕ ਪਰਾਇਆ, ਨਾਨਕਾ, ਉਸ ਸੂਅਰ ਉਸ ਗਾਇ;
ਗੁਰੁ, ਪੀਰ ਹਾਮਾ ਤਾਂ ਭਰੇ; ਜਾਂ ਮੁਰਦਾਰ ਨ ਖਾਇ.
ਗਲੀਂ ਭਿਸਤ ਨਜਾਈਏ, ਛੁੱਟੇ ਸੱਚ ਕਮਾਇ.
ਮਾਰਣ ਪਾਹਿ ਹਰਾਮ ਮਹਿ, ਹੋਇ ਹਲਾਲ ਨ ਜਾਇ.
ਨਾਨਕ, ਗੱਲੀ ਕੂੜੀਆਂ ਕੂੜੋ ਪੱਲੇ ਪਾਇ.

੪

ਪੰਜ ਨਿਵਾਜਾਂ ਵਖਤ ਪੰਜ, ਪੰਜਾਂ ਪੰਜੇ ਨਾਂਉ.
ਪਹਿਲਾ ਸੱਚ, ਹਲਾਲ ਦੁਇ ਤੀਜੀ ਖੈਰ ਖੁਦਾਇ;
ਚਉਥੀ ਨੀਅਤ ਰਾਸ ਕਰ, ਪੰਜਵੀਂ ਸਿਫਤ ਸਲਾਹਿ.
ਕਰਣੀ ਕਲਮਾ ਆਖਕੇ, ਤਾਂ ਮੁੱਸਲਮਾਨ ਸਦਾਇ.
ਨਾਨਕ, ਜੇਤੇ ਕੂੜਿਆਰ ਕੂੜੈ ਕੂੜੀ ਪਾਇ.

**ਜਬ ਏਹ ਸਲੋਕ ਬਾਬੇ ਦਿੱਤੇ, ਤਬ ਕਾਜੀ ਹੈਰਾਨ ਹੋਇਆ. ਤਬ ਖਾਂਨ ਕਹਿਆ, ਕਾਜੀ, ਇਸਨੂੰ ਪੁੱਛ**

Digitized by Panjab Digital Library | www.panjabdigilib.org

ਣੇ ਕੀ ਤਕਸੀਰ ਹੈ."

ਤਬ ਪੇਸੀ ਕੀ ਨਿਵਾਜ ਗੁਦਾਰਣ ਗਏ; ਬਾਬਾ ਭੀ ਨਾਲੇ ਗਇਆ. ਤਬ ਕਾਜੀ ਸਭਨਾ ਕੇ ਅੱਗੇ ਖੜਾ ਹੋਇਆ, ਨਿਮਾਜ ਲੱਗਾ ਕਰਣ. ਤਬ ਬਾਬਾ ਕਾਜੀ ਕੀ ਤਰਫ ਦੇਖਕਰ ਹੱਸਿਆ; ਤਬ ਕਾਜੀ ਡਿੱਠਾ ਜੋ ਨਾਨਕ ਹਸਦਾ ਹੈ. ਤਬ ਨਿਵਾਜ ਕਰ ਆਏ, ਤਬ ਕਾਜੀ ਕਹਿਆ, "ਖਾਨਜੀ ਸਲਾਮਤ! ਡਿੱਠੋ ਕਿਉਂ? ਜੋ ਮੁਸਲਮਾਨਾ ਦੀ ਤਰਫ ਹਿੰਦੂ ਦੇਖ ਦੇਖ ਹਸਦਾ ਹੈ; ਤੂੰ ਜੋ ਆਖਦਾ ਹੈਂ, ਜੋ ਨਾ-ਨਕ ਭਲਾ ਹੈ." ਤਬ ਖਾਂਨ ਕਹਿਆ, "ਨਾਨਕ, ਕਾਜੀ ਕਿਆ ਕਹਿੰਦਾ ਹੈ?" ਤਬ ਬਾਬੇ ਨਾਨਕ ਕਹਿਆ, "ਖਾਂਨ ਜੀ, ਮੈ ਕਾਜੀ ਕੀ ਕਿਆ ਪਰਵਾਹ ਪੜੀ ਹੈ? ਪਰ ਕਾਜੀ ਕੀ ਨਿਮਾਜ ਕਬੂਲ ਨਾਂਹੀ ਪੜੀ; ਮੈਂ ਇਸ ਵਾਸਤੇ ਹੱਸਿਆ ਆਹਾ." ਤਬ ਕਾਜੀ ਕਹਿ-ਆ, "ਖਾਂਨ ਜੀ, ਇਨ ਕਿਛੁ ਪਾਇਆ ਹੈ, ਤਾਂ ਮੇਰੀ ਤਕਸੀਰ ਜਾਹਰ ਕਰੇ." ਤਾਂ ਬਾਬੇ ਕਹਿਆ, "ਖਾਂਨਜੀ, ਜਾਂ ਇਹੁ ਕਾਜੀ ਨਿਮਾਜ ਪਰ ਖੜਾ ਥਾ, ਤਬ ਇਸਕਾ ਈਮਾਨ ਠਉੜ ਨ ਥਾ. ਇਸਕੀ ਘੋੜੀ

Digitized by Panjab Digital Library | www.panjabdigilib.org

ਸੂਈ ਥੀ, ਵਛੇਰੀ ਜੇਮੀ ਥੀ; ਅਰ ਵਛੇਰੀ ਛੋੜ ਕਰ ਆਇਆ ਥਾ, ਅਰ ਵੇੜੇ ਵਿੱਚ ਖੂਹੀ ਹੈ. ਇਨ ਕਹਿਆ, ਮਤ ਵਛੇਰੀ ਖੂਹੀ ਵਿੱਚ ਪਉਂਦੀ ਹੋਵੈ'. ਇਸਕਾ ਮਨ ਉਂਹਾਂ ਥਾ; ਇਸ ਵਾਸਤੇ ਇਸਕੀ ਨਿਮਾਜ ਕਬੂਲ ਨਹੀਂ ਪੜੀ." ਤਬ ਕਾਜੀ ਆਇ ਪੈਰੀਂ ਪਾਇਆ, ਅਤੇ ਆਖਿਓਸ, "ਵਾਹੁ ਵਾਹੁ! ਇਸ ਕਉ ਖੁਦਾਇ ਦੀ ਨਿਵਾਜਸ ਹੋਈ ਹੈ." ਤਬ ਕਾਜੀ ਪਤੀਣਾ. ਤਬ ਬਾਬੇ ਸਲੋਕ ਕਹਿਆ :—

ਮੁੱਸਲਮਾਨ ਮੁਸਾਵੈ ਆਪ,
ਸਿਦਕ ਸਬੂਰੀ, ਕਲਮਾ ਪਾਕ.
ਖੜੀ ਨ ਛੇੜੇ, ਪੜੀ ਨ ਖਾਇ;
ਨਾਨਕ, ਸੋ ਮੁਸਲਮਾਨ ਭਿਸਤ ਕੋ ਜਾਇ.

ਜਬ ਬਾਬੇ ਇਹ ਸਲੋਕ ਦਿੱਤਾ, ਤਾਂ ਸਈਅਦ, ਸੇਖਜਾਦੇ, ਕਾਜੀ, ਮੁਫਤੀ, ਖਾਨ, ਖਵੀਨ, ਮਹਰ, ਮੁਕੱਦਮ ਹੈਰਾਨ ਹੋਇ ਰਹੇ. ਤਾਂ ਖਾਨ ਬੋਲਿਆ, "ਕਾਜੀ, ਨਾਨਕ ਕਉ ਹੱਕ ਪਹੁਤਾ ਹੈ; ਅਵਰ ਪੁੱਛਣੇ ਕੀ ਤਕਸੀਰ ਰਹੀ ਨਾਹੀਂ." ਜਿਤ ਵੱਲ ਬਾਬਾ ਨਦਰ ਕਰੈ, ਤਿਤ ਵੱਲ ਸਭ ਕੋਈ ਸਲਾਮ ਕਰੈ. ਤਬ ਬਾਬਾ ਬੋਲਿਆ ਸਬਦ ਕੀਤਾ ਰਾਗ

ਸਿਰੀ ਰਾਗ ਵਿੱਚ ਮਹੱਲਾ ੧ ਘਰ ੩ :—

ਅਮਲ ਕਰ ਧਰਤੀ, ਬੀਜ ਸਬੱਦੋ ਕੋਰੇ, ਸੱਚ ਕੀ ਆਬ ਨਿਤ ਦੇਇ ਪਾਣੀ,
ਹੋਇ ਕਿਰਸਾਂਣ, ਈਮਾਨ ਜਮਾਇ ਲੇ, ਭਿਸਤ, ਦੋਜਕ, ਮੂੜ੍ਹੇ ਏਵ ਜਾਣੀ!
ਮਤ ਜਾਣ ਸਹਿ ਗੱਲੀਂ ਪਾਇਆ!
ਮਾਲ ਕੇ ਮਾਣੇ, ਰੂਪ ਕੀ ਸੋਭਾ, ਇਤ ਬਿਧੀ ਜਨਮ ਗਵਾਇਆ!
ਐਬ ਤਨ ਚਿੱਕੜੋ, ਏਹ ਮਨ ਮੱਡ੍ਹਕੋ, ਕਮਲ ਕੀ ਸਾਰ ਨਹੀ ਮੂਲ ਪਾਈ,
ਭਉਰ ਉਸਤਾਦ ਨਿਤ ਭਾਖਿਆ ਬੋਲੇ; ਕਿਉਂ ਬੂਝੇ ਜਾਂ ਨਹਿ ਬੁਝਾਈ?
ਆਖਣ ਸੁਣਨਾ ਪਉਣ ਕੀ ਬਾਣੀ; ਇਹ ਮਨ ਰੱਤਾ ਮਾਇਆ.
ਖਸਮ ਕੀ ਨਦਰ ਦਿਲਹਿ ਪਸਿੰਦੇ, ਜਿੱਨੀ ਕਰ ਇੱਕ ਧਿਆਇਆ.
ਤੀਹ ਕਰ ਰਾਖੇ, ਪੰਜ ਕਰ ਸਾਥੀ, ਨਾਂਉ ਸੈਤਾਂਨ ਮਤ ਕੱਟ ਜਾਈ.
ਨਾਨਕ ਆਖੈ, ਰਾਹਿ ਪੈ ਚੱਲਣਾ; ਮਾਲ ਧਨ ਕਿੱਤ-ਕੂ ਸੰਜਿਆਹੀ?

ਤਬ ਖਾਨ ਪੈਰੀਂ ਪਇਆ. ਲੋਕ ਹਿੰਦੂ ਮੁਸਲਮਾਨ ਖਾਨ ਨੂੰ ਲੱਗੇ ਆਖਨ, ਜੋ ਨਾਨਕ ਵਿੱਚ ਖੁਦਾਇ ਬੋਲਦਾ ਹੈ. ਤਬ ਖਾਨ ਕਹਿਆ, ਨਾਨਕ,

ਰਾਜ, ਮਾਲ, ਹੁਕਮ, ਹਾਸਲ ਤੇਰਾ ਹੈ!" ਤਬ ਗੁਰੂ ਨਾਨਕ ਕਹਿਆ, ਖੁਦਾਇ ਤੇਰਾ ਭਲਾ ਕਰੈਗਾ! ਹੁਣ ਟਿਕਣੈ ਦੀ ਬਾਤ ਰਹੀ; ਰਾਜ, ਮਾਲ, ਘਰ ਬਾਰ ਤੇਰੇ ਹੈਨ; ਅਸੀਂ ਤਿਆਗ ਚਲੇਹਾਂ." ਤਬ ਜਾਇ ਫਕੀਰਾਂ ਵਿੱਚ ਬੈਠੇ. ਤਬ ਫਕੀਰ ਹਥ ਬੰਨ ਖੜੇ ਹੋਏ, ਲੱਗੇ ਸਿਫਤ ਕਰਣ, ਆਖਨ ਜੋ ਨਾਨਕ ਸੱਚ ਰੋਚੀ ਥੀਆ ਹੈ, ਅਤੇ ਸੱਚ ਕਰਣੀ ਵਿੱਚ ਰਹਿੰਦਾ ਹੈ. ਤਬ ਬਾਬਾ ਬੋਲਿਆ, ਮੰਰਦਾ-ਨਿਆਂ ਰਬਾਬ ਵਜਾਇ." ਰਾਗ ਤਿਲੰਗ ਕੀਤਾ ਮਹਲਾ ੧ ਘਰ ੩ :—

ਇਹੁ ਤਨ ਮਾਇਆ ਪਾਹਿਆ, ਪਿਆਰੇ, ਲੀਤੜਾ ਲੱਬ ਰੰਗਾਇ;
ਮੇਰੇ ਕੰਤ ਨ ਭਾਵੈ ਚੋਲੜਾ, ਪਿਆਰੇ, ਕਿਉ ਧਨ ਸੇਜੈ ਜਾਇ?
ਹੰਉ ਕੁਰਬਾਨੈ ਜਾਂਉ, ਮਿਹਰਵਾਨਾ, ਹੰਉ ਕੁਰਬਾਨੈ ਜਾਂਉ।
ਹੰਉ ਕੁਰਬਾਨੈ ਜਾਂਉ ਤਿਨਾਂ ਕੇ ਲੈਨ ਜੋ ਤੇਰਾ ਨਾਂਉ!
ਲੈਨ ਜੋ ਤੇਰਾ ਨਾਉ, ਤਿਨਾ ਕੇ ਹੰਉ ਸਦ ਕੁਰਬਾਨੈ ਜਾਂਉ!
ਕਾਇਆਂ ਰੰਗਣ ਜੇ ਥੀਐ, ਪਿਆਰੇ, ਪਾਈਐ ਨਾਂਉ ਮਜੀਠ.

ਰੰਗਣ ਵਾਲਾ ਜੇ ਰੰਗੈ, ਸਾਹਿਬ, ਐਸਾ ਰੰਗ ਨ ਡੀਠ.
ਜਿਨਕੇ ਚੋਲੇ ਰੱਤੜੇ, ਪਿਆਰੇ, ਕੰਤ ਤਿਨਾਂ ਕੇ ਪਾਸ.
ਧੂੜ ਤਿਨਾਂ ਦੀ ਜੇ ਮਿਲੈ, ਜੀ, ਕਹੁ ਨਾਨਕ ਕੀ ਅਰਦਾਸ.
ਆਪੇ ਸਾਜੈ, ਆਪੇ ਰੰਗੈ, ਆਪੇ ਨਦਰ ਕਰੇਇ.
ਨਾਨਕ, ਕਾਮਣ ਕੰਤੈ ਭਾਵੈ, ਆਪੇ ਹੀ ਰਾਵੇਇ.

ਤਬ ਫਕੀਰਾਂ ਆਇ ਪੈਰ ਚੂੰਮੇ, ਦਸਤ ਪੰਜਾ ਲੀਆ. ਬਾਬੇ ਦੀ ਬਹੁਤ ਖੁਸੀ ਹੋਈ ਫਕੀਰਾਂ ਊਪਰ, ਬਹੁਤ ਮਿਹਰਬਾਨ ਹੋਇਆ. ਖਾਂਨ ਭੀ ਆਇ ਗਇਆ, ਲੋਕ ਹਿੰਦੂ ਮੁਸਲਮਾਨ ਜੋ ਕੋਈ ਸੇ, ਸਭ ਸਲਾਮ ਕਰ ਖੜੇ ਹੋਏ; ਗੁਰੂ ਪਾਸਹੁੰ ਵਿਦਿਆ ਹੋਏ. ਖਾਂਨ ਘਰ ਆਇਕੈ ਦੇਖੇ, ਤਾਂ ਕੋਠੀਆਂ ਖਜਾਨੇ ਕੀ ਭਰੀਆਂ ਪਈਆਂ ਹੈਨਿ. ਤਬ ਬਾਬੇ ਦੀ ਖੁਸੀ ਹੋਈ. ਮਰਦਾਨੇ ਨੂੰ ਨਾਲੇ ਲੈਕਰ ਚਲਦਾ ਰਹਿਆ. ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

# ਸਾਖੀ ਬਾਰਵੀਂ ਚੱਲੀ.

ਤਬ ਬਾਬਾ ਜੀ ਉਜੜ ਕਉ ਚੱਲੇ, ਵਸਤੀ ਕਿਤੈ ਵੜੇ ਨਾਹੀਂ; ਕਿਤੇ ਦਰੀਆਉ ਕਿਤੇ ਜੰਗਲ ਟਿਕੈ ਨਾਹੀਂ. ਕਦੇ ਜੇ ਮਰਦਾਨੇ ਨੂੰ ਭੁੱਖ ਲੱਗੇ, ਤਾਂ ਬਾਬਾ ਆਖੇ, "ਮਰਦਾਨਿਆਂ, ਭੁੱਖ ਲੱਗੀ ਹੈ?" ਤਾਂ ਮਰਦਾਨਾ ਆਖੇ, "ਜੀ, ਤੂੰ ਸਭ ਕਿਛ ਜਾਣਦਾ ਹੈਂ". ਤਾਂ ਬਾਬੇ ਆਖਿਆ, "ਮਰਦਾਨਿਆਂ, ਤੂੰ ਸਿੱਧੇ ਹੀ ਵਸਤੀ ਜਾਇ ਵੜ; ਉਥੈ ਉੱਪਲ ਖੱਤ੍ਰੀ ਰਹਿੰਦੇ ਹੈਨ; ਤਿਨਾਂ ਦੇ ਘਰ ਜਾਇ ਖਲੋਹ ਰੁਪਾਤੇ. ਮਰਦਾਨਿਆਂ, ਹਿੰਦੂ ਮੁਸਲਮਾਨ ਸਭ ਆਇ ਕੇ ਪੈਰੀਂ ਪਵਨਗੇ; ਅਤੇ ਵਿਛਾਵਣੇ ਆਨ ਵਿਛਾਵਣਗੇ; ਛੱਤੀਆਹੁ ਅੰਮ੍ਰਿਤ ਆਂਣ ਅੱਗੇ ਰੱਖਨਗੇ; ਕੋਈ ਰੁਪਏ ਆਣ ਰੱਖਨਗੇ. ਕੋਈ ਪੁੱਛੇਗਾ ਭੀ ਨਾਹੀਂ, ਜੋ ਤੂੰ ਕਿੱਥੋਂ ਆਇਆ ਹੈਂ, ਕਿਸਦਾ ਆਦਮੀ ਹੈਂ. ਜੋ ਕੋਈ ਮੁਹਿ ਲੱਗੇਗਾ, ਸੋਈ ਆਖੇਗਾ, ਜੋ ਮੈਂ ਆਪਣਾ ਸਰਬੰਸ ਅੱਗੇ ਆਣ ਰੱਖੀਂ, ਤਾਂ ਭਲਾ ਹੋਵੇ. ਆਖਣਗੇ ਜੋ ਅਸੀਂ ਨਿਹਾਲ ਹੋਏ, ਅਸੀਂ

ਨੂੰ ਏਹ ਦੀਦਾਰ ਹੋਇਆ." ਤਾਂ ਬਾਬੇ ਦੀ ਖੁਸੀ ਹੋਈ ਮਰਦਾਨੇ ਨੂੰ, "ਮਰਦਾਨਿਆਂ, ਤੁਧਨੋ ਦੇਖ-ਕਰ ਸੰਸਾਰ ਨਿਹਾਲ ਹੋਵੈਗਾ."

ਇਕ ਦਿਨ ਮਰਦਾਨੇ ਨੂੰ ਹੁਕਮ ਹੋਇਆ, "ਮਰਦਾਨਿਆਂ, ਤੂੰ ਜਾਹਿ ਇਸ ਵਸਦੀ." ਮਰਦਾਨੇ ਆਖਿਆ, "ਭੱਲਾ ਹੋਵੇ, ਜੀ." ਤਾਂ ਮਰਦਾਨਾ ਗਇਆ, ਜਾਂਦਿਆਂ ਨਾਲ ਬਹੁਤ ਖਰੀ ਪੂਜਾ ਲੱਗੀ ਹੋਂਵਣ. ਸੰਸਾਰ ਸਭ ਆਣ ਪੈਰੀਂ ਪਇਆ; ਪ-ਜੀਹੇ ਕੱਪੜੇ ਬਹੁਤ ਆਇ ਰੁਜੂ ਹੋਏ. ਪੰਡਾਂ ਬੰਨ ਕੇ ਲੈ ਆਇਆ; ਬਾਬਾ ਹਸਦਾ ਹਸਦਾ ਨਿਲੋਟ ਹੋਇਆ; ਬਾਬੇ ਆਖਿਆ, "ਮਰਦਾਨਿਆਂ, ਕਿਆ ਆਂਦਾ ਹੀ?" "ਜੀ, ਸੱਚੇ ਪਾਤਸਾਹ! ਕੱਪੜੇ ਪ-ਜੀਹੇ ਬਹੁਤ ਆਇ ਰੁਜੂ ਹੋਏ; ਮੈ ਆਖਿਆ, ਵਸਤੂ ਜੋ ਹੈ, ਸਭ ਬਾਬੇ ਪਾਸ ਲੈ ਜਾਈਂ." "ਮਰਦਾਨਿਆ, ਆਂਦੋ ਭੁਲਾ ਕੀਤੋ, ਪਰ ਏਹ ਵਸਤ ਅਸਾਡੀ ਨਾਂਹੀ." ਮਰਦਾਨੇ ਆਖਿਆ, "ਜੀ ਪਾਤਸਾਹ! ਹੁਣ ਕਿ ਕਰੀਂ? ਬਾਬੇ ਆਖਿਆ, "ਸੁੱਟ ਘੱਤ!" ਮਰਦਾਨੇ ਸਭ ਵਸਤੁ ਸੁੱਟ ਘੱਤੀ. ਤਾਂ ਓਥਹੁੰ

ਚੱਲੇ.

ਤਾਂ ਇਕ ਦਿਨ ਮਰਦਾਨੇ ਅਰਜ਼ ਕੀਤੀ, ਆਖਿਓਸੁ, ਜੀ ਪਾਤਸਾਹ, ਏਹ ਜੋ ਕੋਈ ਤੇਰੇ ਨਾਂਉ ਦਾ ਸਦਕਾ ਮਨਦਾ ਹੈ, ਅਤੇ ਸਿੱਖਦੇ ਮੂੰਹ ਪਾਂਇਦਾ ਹੈ, ਕਿਛੁ ਤੈਨੂੰ ਭੀ ਪਹੁੰਚਦਾ ਹੈ ਉਸਦੇ ਭਾਉ ਅਤੇ ਭਗਤਿ ਦਾ? ਮੇਰੇ ਦਿਲ ਵਿੱਚ ਵੱਡਾ ਫਿਕਰ ਹੈ, ਜੋ ਤੂੰ ਕਿਛ ਛੂੰਹਦਾ ਨਾਹੀਂ, ਅਤੇ ਮੂੰਹ ਪੱਾਇਦਾ ਨਾਹੀਂ; ਤੂੰ ਕਿਸ ਨਾਲ ਤ੍ਰਿਪਤਦਾ ਹੈਂ?" ਗੁਰੂ ਬਾਬੇ ਆਖਿਆ, ਮਰਦਾਨਿਆ, ਰਬਾਬ ਵਜਾਇ।" ਤਾਂ ਮਰਦਾਨੇ ਰਬਾਬ ਵਜਾਇਆ. ਬਾਬੇ ਸਬਦ ਉਠਾਇਆ ਰਾਗ ਗਉੜੀ ਦੀਪਕੀ ਮਹੱਲਾ ੧ :—

ਮਾਤਾ ਪ੍ਰੀਤ ਕਰੇ ਪੁਤ ਖਾਇ,
ਮੀਨੇ ਪ੍ਰੀਤਿ ਭਈ ਜਲ ਨਾਇ,
ਸਤਗੁਰ ਪ੍ਰੀਤ ਗੁਰ ਸਿਖ ਮੁਖ ਪਾਇ,—
ਤੇ ਹਰਿ ਜਨ, ਹਰਿ, ਮੇਲੋ ਹਮ ਪਿਆਰੇ,
ਜਿਨ ਮਿਲਿਆਂ ਦੁਖ ਜਾਂਹਿ ਹਮਾਰੇ।—
ਜਿਉ ਮਿਲ ਬਛਰੇ ਗਊ ਪ੍ਰੀਤਿ ਲਗਾਵੈ,
ਕਾਮਨ ਪ੍ਰੀਤਿ ਜਾਂ ਪਿਰ ਘਰ ਆਵੈ,
ਹਰਿ ਜਨ ਪ੍ਰੀਤਿ ਜਾਂ ਹਰਿ ਜਸ ਗਾਵੈ,

ਸਾਰਿੰਗ ਪ੍ਰੀਤਿ ਬਸੈ ਜਲ ਧਾਰਾ,
ਨਰਪਤਿ ਪ੍ਰੀਤਿ ਮਾਇਆ ਦੇਖ ਪਸਾਰਾ,
ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ,
ਨਰ ਪ੍ਰਾਣੀ ਪ੍ਰੀਤਿ ਮਾਇਆ ਧਨ ਖਾਟੇ,
ਗੁਰੁ ਸਿਖ ਪ੍ਰੀਤਿ ਗੁਰ ਮਿਲੇ ਗਲਾਟੇ,
ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ.

ਤਬ ਮਰਦਾਨੇ ਤਸਲੀਮ ਕੀਤੀ, ਓਥਹੁੰ ਚੱਲੇ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

## ਸਾਖੀ ਤੇਰਵੀਂ ਚੱਲੀ.

ਜਾਂਦੇ ਜਾਂਦੇ ਸੇਖ ਸੱਜਣ ਦੇ ਘਰ ਜਾਇ ਨਿੱਕਲੇ. ਉਸਦਾ ਘਰ ਪੈਂਡੇ ਵਿੱਚ ਆਇਆ, ਅਤੇ ਠਾਕੁਰ ਦੁਆਰਾ ਥਾ, ਅਤੇ ਨਾਲੇ ਮਸੀਤ ਭੀ ਥੀ. ਜੇ ਕੋਈ ਹਿੰਦੂ ਆਵੇ, ਤਾਂ ਠਾਕੁਰ ਦੁਆਰੇ ਵਿੱਚ ਰੱਖੇ, ਅਤੇ ਜੇ ਕੋਈ ਮੁਸਲਮਾਨ ਆਵੈ, ਤਾਂ ਮਸੀਤ ਵਿੱਚ ਰੱਖੇ. ਤਵੱਜਹੁ ਬਹੁਤ ਕਰੇ, ਜਾਂ ਰਾਤ ਪਵੈ,ਤਾਂ ਆਖੇ, "ਚਲੋ,ਜੀ, ਅੰਦਰ ਸਵਹੁ." ਅੰਦਰ ਲੈ ਜਾਵੈ, ਤਾਂ ਖੂਹੀ ਵਿੱਚ ਪਾਇ ਮਾਰੈ; ਅਰਜਾਂ ਸੁਬਾਹ ਹੋਵੈ, ਤਾਂ ਆਸਾ ਤਸਬੀ ਹੱਥ ਲਏ, ਮੁਸੱਲਾ ਪਾਇ ਬਹੇ.

ਤਬ ਬਾਬਾ ਤੇ ਮਰਦਾਨਾ ਗਏ, ਖਿਜਮਤ ਬਹੁਤ ਕੀਤੀਅਸੁ. ਆਪਣੇ ਲੋਕਾਂ ਨੂੰ ਆਖਿਓਸ, "ਜੋ ਇਸਦੇ ਪੱਲੇ ਬਹੁਤ ਦੁਨੀਆਂ ਹੈ ਗੁਹਜੀ, ਜਿਸ ਦੇ ਮੂੰਹ ਊੱਪਰ ਐਸੀ ਭੜਕ ਹੈ, ਸੋ ਖਾਲੀ ਨਹੀ, ਫੈਲ ਕਰਕੈ ਫਕੀਰ ਹੋਇਆ ਹੈ." ਤਬ ਰਾਤ ਪਈ, ਤਾਂ ਆਖਿਓਸ, "ਉਠਹੁ, ਜੀ, ਸਵਹੁ." ਤਬ

Digitized by Panjab Digital Library | www.panjabdigilib.org

ਬਾਬੇ ਕਹਿਆ, "ਸੱਜਣ, ਇਕ ਸਬਦ ਖੁਦਾਇ
ਕੀ ਬੰਦਗੀ ਕਾ ਆਖਕਰ ਸਵਾਂਹਿੰਗੇ." ਤਬ ਸੇਖ
ਸੱਜਣ ਆਖਿਆ, "ਜੀ, ਭਲਾ ਹੋਵੈ." ਆਖਿ-
ਓਸ, "ਜੀ, ਰਾਤ ਬਹੁਤੀ ਗੁਜਰਦੀ ਜਾਂਦੀ ਹੈ."
ਤਬ ਬਾਬੇ ਕਹਿਆ, "ਮਰਦਾਨਿਆਂ, ਰਬਾਬ ਵ-
ਜਾਇ." ਮਰਦਾਨੇ ਰਬਾਬ ਵਜਾਇਆ. ਤਬ ਬਾ-
ਬੇ ਸਬਦ ਕੀਤਾ ਰਾਗ ਸੂਹੀ ਵਿੱਚ ਮਹੱਲਾ ੧
ਘਰ ੩ :—

ਉਜੱਲ ਕੈਹਾਂ ਚਿਕਣਾ, ਘੋਟਮ ਕਾਲੜੀ ਮੱਸ;
ਧੋਤਿਆਂ ਜੂਠ ਨ ਉੱਤਰੈ, ਜੇ ਸਉ ਧੋਵਾਂ ਤਿੱਸ.
ਸੱਜਣ ਸੇਈ, ਨਾਲ ਮੈਂ ਚਲਦਿਆਂ ਨਾਲ ਚਲੰਨ;
ਜਿੱਥੈ ਲੇਖਾ ਮੰਗੀਐ, ਹਾਜਰ ਖੜੇ ਦਿਸੰਨ.
ਕੋਠੇ, ਮੰਡਪ, ਮਾੜੀਆਂ ਪਾਸਹੁ ਚਿੱਤਵੀਆਂਹ,
ਢੱਠੀਆਂ ਕੰਮ ਨ ਆਵਨੀ, ਵਿੱਚਹੁ ਸੱਖਣੀਆਂਹ,
ਬੱਗਾ ਬੱਗੇ ਕੱਪੜੇ ਤੀਰਥ ਮੰਝ ਬਸੰਨ;
ਘੁਟ ਘੁਟ ਜੀਆਂ ਖਾਵਣੇ; ਬੱਗੇ ਨਾ ਕਹੀਅਨ.
ਸਿੰਮਲ ਰੁੱਖ ਸਰੀਰ ਮੈਂ, ਮੈਂ ਜਨ ਦੇਖ ਭੁਲੰਨ;
ਸੇ ਫਲ ਕੰਮ ਨ ਆਵਨੀ, ਤੇ ਗੁਣ ਮੈਂ ਤਨ ਹੰਨ.
ਅੰਧੁਲੇ ਭਾਰ ਉਠਾਇਆ, ਡੂਗਰ ਵਾਟ ਬਹੁਤ;
ਅੱਖੀ ਲੋੜੀ ਨਾਂ ਲਹਾਂ, ਹਉ ਚੜ ਲੰਘਾਂ ਕਿੱਤ?

Digitized by Panjab Digital Library | www.panjabdigilib.org

ਚਾਕਰੀਆਂ ਚੰਗਿਆਈਆਂ, ਅਵਰ ਸਿਆਣਪ ਕਿਤੁ ?
ਨਾਨਕ, ਨਾਮ ਸਲਾਹਿ ਤੂੰ, ਬੱਧਾ ਛੁੱਟਹਿ ਜਿੱਤ.

ਤਬ ਦਰਸਨ ਕੀਤੇ ਬੁਧ ਹੋਇ ਆਈ; ਤਬ ਵੀਚਾਰੇ ਤਾਂ ਸੱਭੇ ਹੀ ਗੁਨਾਹ ਮੇਰੇ ਹੀ ਹੋਏ ਹੈਨ. ਤਬ ਉੱਠ ਕਰ ਆਇ ਪੈਰੀਂ ਪਾਇਆ, ਪੈਰ ਚੁੰਮ ਆਖਿਓਸ, "ਜੀ, ਮੇਰੇ ਗੁਨਾਹ ਫਦਲ ਕਰ". ਤਬ ਬਾਬੇ ਆਖਿਆ, "ਸੇਖ ਸੱਜਣ, ਖੁਦਾਇ ਦੀ ਦਰਗਾਹ ਦੁਹ ਗੱਲੀਂ ਫਦਲ ਹੋਂਦੇ ਹੈਨ." ਤਬ ਸੇਖ ਸੱਜਣ ਅਰਜ ਕੀਤੀ, ਆਖਿਓਸ, "ਜੀ, ਏਹੀ ਗੱਲ ਕਰਹੁ, ਜਿੱਨੀ ਗੱਲੀਂ ਗੁਨਾਹ ਬਖਸੀਦੇ ਹੈਨ, ਅਤੇ ਫਦਲ ਹੋਇ." ਤਬ ਗੁਰੂ ਮਿਹਰਵਾਨ ਹੋਇਆ, ਆਖਿਓਸੁ, "ਸੱਚ ਕਹੁ, ਤੈਂਨੇ ਖੂਨ ਕਿਤਨੇ ਕੀਤੇ ਹੈਨ ?" ਤਬ ਸੇਖ ਸੱਜਣ ਬੋਲਿਆ, ਸੱਚੋ ਸੱਚ ਕਹਿਓਸ. ਤਬ ਫੇਰ ਗੁਰੂ ਨਾਨਕ ਕਹਿਆ, "ਜੋ ਕੁਛ ਉਨਕੀ ਵਸਤੁ ਰਹੀ ਹੈ, ਸੋ ਲੇ ਆਉ." ਤਬ ਸੇਖ ਸੱਜਣ ਹੁਕਮ ਮੰਨਿਆ, ਵਸਤੁ ਲੈ ਆਇਆ. "ਖੁਦਾਇ ਕੇ ਨਾਇ ਲੁਟਾਇ ਦੇਇ." ਓਨ ਲੁਟਾਇ ਦਿੱਤੀਆਂ, ਗੁਰੂ ਗੁਰੂ ਲੱਗਾ ਜਪਣ, ਨਾਂਉ

Digitized by Panjab Digital Library | www.panjabdigilib.org

ਧਰੀਕ ਸਿੱਖ ਹੋਇਆ. ਪਾਹਿਲੀ ਧਰਮਸਾਲ
ਉੱਥੇ ਬੱਧੀ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

## ਸਾਖੀ ਚੌਦਵੀਂ ਚੱਲੀ.

ਤਬ ਉਥਹੁ ਰੰਉਦੇ ਰਹੇ ਪੈਂਡੇ ਵਿਚ, ਪਾਣੀ-ਪਥ ਆਇ ਨਿਕਲੇ. ਤਬ ਪਾਣੀਪਥ ਦਾ ਪੀਰ ਸੇਖ ਸਰਫ ਥਾ; ਤਿਸਕਾ ਮੁਰੀਦ ਸੇਖ ਟਟੀ-ਹਰੀ ਥਾ. ਉਹ ਪੀਰ ਕੇ ਤਾਂਈ ਅਸਤਾਵਾ ਪਾਣੀ ਕਾ ਭਰਣ ਆਇਆ ਥਾ. ਅੱਗੇ ਬਾਬਾ ਤੇ ਮਰ-ਦਾਨਾਂ ਦੋਵੈਂ ਬੈਠੇ ਥੇ; ਆਇ ਸੁਆਲ ਪਾਇ-ਓਸੁ, ਆਖਿਓਸੁ, "ਸੱਲਾਮ ਅਲੇਕ, ਹੋ ਦਰਵੇਸ!" ਤਬ ਗੁਰੂ ਨਾਨਕ ਬੋਲਿਆ, ਆਖਿਓਸੁ, "ਅਲੇਖ ਕਉ ਸਲਾਮ, ਹੇ ਪੀਰ ਕੇ ਦਸਤ ਪੇਸ!" ਤਬ ਸੇਖ ਟਟੀਹਰੀ ਹੈਰਾਨ ਹੋਇ ਗਇਆ.

ਆਖਿਓਸੁ, "ਅੱਜ ਤੋੜੀ ਸਲਾਮ ਕਿਨੈ ਨਾਂਹੀਂ ਫੇਰਿਆ; ਪਰ ਹੋਵੈ, ਤਾਂ ਮੈ ਆਪਣੇ ਪੀਰ ਪਾਸ ਖਬਰ ਕਰਾਂ." ਤਬ ਸੇਖ ਟਟੀਹਰੀ ਆਇ-ਆ, ਆਇਕਰ ਪੀਰ ਪਾਸ ਅਰਜ ਕੀਤੀਆਸੁ, ਆਖਿਓਸੁ, "ਪੀਰਜੀ ਸਲਾਮਤ! ਇੱਕ ਦਰਵੇਸ ਕਹਿੰਦਾ ਹੈ; ਮੈ ਸੁਣਕਰ ਹੈਰਾਨ ਹੋਇ ਗਇ-

Digitized by Panjab Digital Library | www.panjabdigilib.org

ਆ." ਤਬ ਪੀਰ ਆਖਿਆ, "ਕਹੁ, ਦਿਖਾਂ ਕੈਸਾ ਹੈ?"
ਤਬ ਸੇਖ ਟਟੀਹਰੀ ਆਖਿਆ, "ਜੀਵੈ! ਪੀਰ
ਸਲਾਮਤ! ਮੈਂ ਪਾਣੀ ਭਰਣ ਗਇਆ ਆਹਾ;
ਉਹ ਅੱਗੇ ਬੈਠ ਆਹਾ. ਮੈ ਜਾਇ ਸਲਾਮ ਪਾਇ-
ਆ; ਤਬ ਓਹ ਬੋਲਿਆ, 'ਅਲੇਖ ਕਉ ਸਲਾਮ
ਹੈ, ਪੀਰ ਕੇ ਦਸਤ ਪੇਸ'." ਤਬ ਪੀਰ ਕਹਿ-
ਆ, "ਬੱਚਾ, ਜਿਨ ਅਲੇਖ ਕਉ ਸਲਾਮ ਕੀਤਾ
ਹੈ, ਤਿਸ ਕਾ ਦੀਦਾਰ ਦੇਖਾਹਾਂ. ਦਿਖਾਂ ਕਿਥੈ ਤਿ-
ਠੋ ਅਲੇਖ ਪੁਰਖ!" ਤਬ ਸੇਖ ਸਰਫ ਅਤੇ ਟ-
ਟੀਹਰੀ ਮੁਰੀਦ ਕਉ ਨਾਲ ਲੈ ਆਇਆ ਗੁਰੂ
ਨਾਨਕ ਪਾਸ, ਆਇਕਰ ਅਵਾਜ ਬੋਲਿਆ,
ਆਖਿਓਸ, "ਕੁਜਾ ਆਮਦ?" ਤਬ ਸੇਖ ਸਰਫ
ਕੇ ਪ੍ਰਥਾਇ ਬਾਬਾ ਬੋਲਿਆ ਗੋਸਟ ਮਹਲਾ ੧.

ਸੇਖ ਸਰਫ ਬਾਬੇ ਨੂੰ ਪੁੱਛਿਆ, "ਕੁਜਾ ਅਲਾਹ,
ਕੁਜਾ ਆਦਮ?" ਤਾਂ ਬਾਬੇ ਜਬਾਬ ਦਿਤਾ, "ਸੋਮਨ
ਸੋਮਨੀ." ਤਬ ਬਾਬੇ ਨੂੰ ਸੇਖ ਬਾਲੇ ਦੀ ਪੁਰਸੀਸ
ਕੀਤੀ. "ਅਗਰ ਤੁਰਾ ਸੁਆਲ ਮੇ ਪੁਰਸਮ,

* ਇਹ ਗੋਸਟ ਅਸਲ ਸਾਖੀ ਅਨੁਸਾਰ ਲਿਖੀ ਗਈ ਹੈ.

ਅਹਿਲ ਜਵਾਬ ਬੁਗੋ, ਦਰਵੇਸ! ਕੁਲਾਹ ਸੁਮਾ ਚਿ ਮਜਬ ਅਸਤ?" ਤਬ ਬਾਬੇ ਜਬਾਬ ਦਿੱਤਾ :—

ਮਨੂਆ ਮੂੜੈ, ਤਬ ਮੂੜ ਮੁੜਾਵੈ;
ਬਿਨ ਮਨ ਮੂੜੇ ਜੁਗਤਿ ਨ ਪਾਵੈ,
ਮੂੜ ਕਾਟ ਗੁਰ ਆਗੇ ਧਰੈ.
ਮਨ ਮਤਿ ਤ੍ਰਿਆਗ ਗੁਰ ਕੀ ਮਤਿ ਤਰੈ.
ਮੂੜ ਮੁੜਾਇ ਹੋਵੈ ਸਭ ਕੀ ਰੇਨ,
ਸੋ ਬੈਰਾਗੀ ਪਰਖੇ ਗੁਰ ਕੇ ਬੈਨ.
ਮੂੜ ਮੁੜਾਏ ਕੀ ਏਹ ਗਤਿ, ਭਾਈ.
ਕੋ ਬਿਰਲਾ ਗੁਰਮਤਿ ਮੂੜ ਮੁੜਾਈ.
ਸੁਆਦ, ਸਨੇਹ, ਮਮਤਾ ਸਭ ਤਜੀ'
ਤਬ, ਨਾਨਕ, ਇਹ ਬਿਧ ਕੁਲਾਹ ਪਹਿਰੀ.

ਤਬ ਸੇਖ ਸਰਫ ਪੁੱਛਿਆ, "ਅਗਰ ਤੁਰਾ ਸੁਆਲ ਮੇ ਪੁਰਸਮ, ਅਹਿਲ ਜਬਾਬ ਬੁਗੋ, ਦਰਵੇਸ! ਫਿਰਕੇ ਸੁਮਾਂ ਚਿ ਮਜਬ ਅਸਤ?" ਤਬ ਬਾਬੇ ਜਬਾਬ ਦਿੱਤਾ :—

ਪੀਰ ਕੀ ਮੱਤਿ ਮੁਰੀਦ ਹੋਇ ਰਹਿਨੇ.
ਖਫਨੀ ਟੋਪੀ ਮਨ ਸਬਦ ਗਹਿਨੇ.
ਬਹਿਤਾ ਦਰੀਆਉ ਕਰ ਰਹੇ ਬਰੇਤੀ,
ਸਹਿਜ ਬੈਸ ਤਹਾਂ ਸੁਖਮਨੇਤੀ.
ਹਰਖ ਸੋਗ ਕੀਨਾ ਆਹਾਰੇ.
ਪਹਿਰ ਖਫਨੀ ਸਭ ਦੁਸਟ ਬਿਡਾਰੇ.
ਸੁੰਨ ਨਗਰੀ ਲੈ ਬਸਤੀ ਰਹਾਈ.

Digitized by Panjab Digital Library | www.panjabdigilib.org

ਤਉ ਖਫਨੀ ਕੀ ਜੁਗਤਿ ਪਾਈ.
ਕੁਟੰਬ ਛੋਡ ਹੂਆ ਅਕੇਲਾ.
ਨਾਨਕ ਪਹਿਰ ਖਫਨੀ ਭਇਆ ਸੁਹੇਲਾ.

ਤਬ ਸੇਖ ਸਰਫ ਪੁੱਛਿਆ, "ਅਗਰ ਤੁਰਾ ਸੁਆਲ ਮੇ ਪੁਰਸਮ, ਅਹਿਲ ਜਬਾਬ ਬੁਗੋ, ਦਰਵੇਸ! ਕੁਪੀਨ ਸੁਮਾਂ ਚਿ ਮਜਬ ਅਸਤ?" ਤਬ ਬਾਬੇ ਜਬਾਬ ਦਿੱਤਾ :—

ਗੁਰ ਸਬਦ ਦੀਖਿਆ ਮਨ ਸਹਿਜ ਗਹਿਨ.
ਪੰਚ ਇੰਦ੍ਰੀ ਲੇ ਅਲਿਪਤ ਰਹਿਨ.
ਦ੍ਰਿਸਟ ਬੰਧ ਭੁਰਮਤ ਰਹਿਆ.
ਦਸਹੀਂ ਦੁਆਰੇ ਤਾਲਾ ਜੜਿਆ.
ਅਠਸਠ ਹਾਟ ਤਾੜੀ ਕਰਨ.
ਲੈ ਲਾਂਗੋਟੀ ਜਰਾ ਨ ਮਰਨ.
ਪਹਿਰ ਲੰਗੋਟੀ ਰਹੇ ਅਕੇਲਾ.
ਉਸੀ ਲਿਬਕਾ ਪੀਏ ਜਲਾ.
ਬਿਲੰਦ ਮਤ ਗੁਰ ਕੀ ਹਾਰੀ ਛੋਟੀ.
ਇਹ ਜੁਗਤ ਨਾਨਕ ਪਹਿਰ ਲੰਗੋਟੀ.

ਤਬ ਫੇਰ ਸੇਖ ਪੁੱਛਿਆ, "ਅਗਰ ਤੁਰਾ ਸੁਆਲਮ ਮੇ ਪੁਰਸਮ, ਅਹਿਲ ਜਬਾਬ ਬੁਗੋ ਦਰਵੇਸ! ਪਾਪੋਸ ਸੁਮਾਂ ਚਿ ਮਜਬ ਅਸਤ?" ਤਬ ਗੁਰੂ ਨਾਨਕ ਜਵਾਬ ਦਿੱਤਾ :—

Digitized by Panjab Digital Library | www.panjabdigilib.org

ਸਰਬ ਗਿਆਨੰ ਅਹਿਲ ਸਗੀਤੰ.
ਪਾਵਕ ਪਉਨ ਜਾਤੁ ਮਨ ਕੀਤੰ.
ਧਰਨਿ ਤਰਵਰ ਕੀ ਰਹਿਤ ਗਹਿਨੰ,
ਕਾਟਨ ਖੋਦਨ ਮਨ ਮਾਹਿ ਸਹਿਨੰ.
ਦਰੀਆਉ ਮਲੇ ਗੀਤ ਬਾਛਾ.
ਭਾਇਆ ਭਾਇ ਉਹ ਕਰੇ ਆਛਾ.
ਏ ਮਥਾਨ ਮਥ ਕੈ ਰਹੈ ਉਰਧਨੰ.
ਤਜ ਪਾਤ ਪੋਸ ਹੋਇ ਬ੍ਰਹਮ.
ਬਿਨ ਬ੍ਰਹਮ ਚੀਨੈ ਪਾਤੁ ਪੋਸ ਤਿਆਗੈ.
ਤਉ, ਨਾਨਕ, ਓਹ ਹਾਤਿਨ ਨ ਲਾਗੈ.

ਤਬ ਫੇਰ ਸੇਖ ਸਰਫ ਪੁੱਛਿਆ, "ਅਗਰ ਤੁਰਾ ਸੁਆਲ ਮੇ ਪੁਰਸਮ, ਅਹਿਲ ਜਬਾਬ ਬਗੋ, ਦਰਵੇਸ! ਅਮਲ ਚਰਾ ਐਸ?" ਤਬ ਬਾਬੇ ਨਾਨਕ ਜਬਾਬ ਦਿੱਤਾ, ਆਖਿਓਸ, "ਮਰਦਾਨਿਆਂ ਰਬਾਬ ਵਜਾਇ". ਤਬ ਮਰਦਾਨੇ ਰਬਾਬ ਵਜਾਇਆ. ਤਬ ਬਾਬੇ ਸਬਦ ਕੀਤਾ ਰਾਗ ਦੇਵਗੰਧਾਰੀ ਵਿੱਚ :—

ਜੀਵਤ ਮਰੈ, ਜਾਗਤ ਫੁਨ ਸੋਵੈ, ਜਾਨਤ ਆਪ ਮੁਸਾਵੈ,
ਸਫਨ ਸਫਾ ਹੋਇ ਮਿਲੈ ਖਾਲਕ ਕਉ, ਤਉ ਦਰ-
ਵੇਸ ਕਹਾਵੈ.
ਤੇਰਾ ਜਨ ਹੈ ਕੋਈ ਦਿਲ ਦਰਵੇਸ,
ਸਾਦੀ, ਗਮੀ, ਤਮਕ, ਨਹੀਂ ਗੁਸਾ, ਖੁਦੀ ਹਿਰਸ ਨਹੀਂ

ਜੇਸ;
ਕੇਚਨ ਖਾਕ ਬਰੋਬਰ ਦੇਖੈ, ਹੱਕ ਹਲਾਲ ਪਛਾਣੈ;
ਆਈ ਤਲਬ ਸਾਹਬ ਕੀ ਮਾਨੈ, ਅਵਰ ਤਲਬ ਨਹੀਂ ਜਾਣੈ.
ਗਗਨ ਮੰਡਲ ਮਹਿ ਆਸਣ ਬੈਠਾ, ਅਨਹਦ ਨਾਦ ਬਜਾਵੈ.
ਕਹੁ ਨਾਨਕ, ਸਾਧੂ ਕੀ ਮਹਿਮਾ ਬੇਦ ਕੁਰਾਨ ਨ ਪਾਵੈ.

ਤਬ ਸੇਖ ਸਰਫ ਆਖਿਆ, "ਵਾਹ ਵਾਹ! ਖੁਦਾਇ ਸਹੀ ਕਰਣੇ ਵਾਲੇ ਦਾ ਕਿਆ ਸਹੀ ਕੀਚੈ? ਉਨਕਾ ਦੀਦਾਰ ਹੀ ਬਹੁਤ ਹੈ." ਤਬ ਆਇ ਦਸਤਪੋਸੀ ਕੀਤੀਆਸੁ, ਅਤੇ ਪੈਰ ਚੁੰਮਿਆਸੁ. ਤੁਰੇ ਕਉ ਹੋਆ. ਤਬ ਬਾਬਾ ਅਤੇ ਮਰਦਾਨਾ ਰਉਂਦੇ ਰਹੇ. ਬੋਲੋ ਵਾਹ ਗੁਰੂ!

27.10.1967

# ਸਾਖੀ ਪੰਦ੍ਰਵੀਂ ਚੱਲੀ.

ਜਾਇ ਦਿੱਲੀ ਨਿਕਲੇ, ਤਬ ਦਿੱਲੀ ਕਾ ਪਾਤਸਾਹ ਸੁਲਤਾਨ ਇਬਰਾਹੀਮ ਬੇਗ ਥਾ. ਊਹਾਂ ਜਾਇ ਰਾਤ ਰਹਿਆ ਮਹਾਵਤਾਂ ਵਿੱਚ; ਓਨਾਂ ਖਿਜਮਤ ਬਹੁਤ ਕੀਤੀ. ਤਬ ਇੱਕ ਹਾਥੀ ਉਨ ਕਾ ਮੂਆ ਥਾ; ਓਹ ਰੋਂਦੇ ਪਿਟਦੇ ਆਹੇ. ਤਬ ਬਾਬੇ ਪੁੱਛਿਆ, "ਤੁਸੀਂ ਕਿਉਂ ਰੋਂਦੇ ਪਿਟਦੇ ਹੋ?" ਤਬ ਓਨਾਂ ਕਹਿਆ, "ਜੀ, ਹਾਥੀ ਦੇ ਪਿੱਛੇ ਰੋਂਦੇ ਆਹੇ." ਤਬ ਬਾਬੇ ਨਾਨਕ ਜੀ ਆਖਿਆ, "ਹਾਥੀ ਕਿਸਕਾ ਥਾ?" ਤਬ ਮਹਾਵਤਾਂ ਕਹਿਆ, "ਜੀ, ਹਾਥੀ ਪਾਤਸਾਹ ਦਾ ਥਾ, ਅਰੁ ਖੁਦਾਇ ਦਾ ਥਾ." ਤਬ ਬਾਬੇ ਕਹਿਆ, "ਤੁਸੀਂ ਰੋਂਦੇ ਕਿਉਂ ਹੋ?" ਤਬ ਓਨਾਂ ਆਖਿਆ, "ਜੀ, ਅਸਾਡਾ ਰੁਜਗਾਰ ਥਾ." ਤਬ ਬਾਬੇ ਆਖਿਆ, "ਹੋਰ ਰੁਜਗਾਰ ਕਰਹੁ." ਤਬ ਉਨੀਂ ਕਹਿਆ, "ਜੀ, ਬਣੀ ਥੀ, ਟੱਬਰ ਸੁਖਾਲੇ ਖਾਂਦੇ ਥੇ." ਤਬ ਬਾਬਾ ਮਿਹਰਵਾਨ ਹੋਇਆ, ਆਖਿਓਸੁ, "ਜੋ ਇਹ ਹਾਥੀ

Digitized by Panjab Digital Library | www.panjabdigilib.org

ਜੀਵੈ, ਤਾਂ ਰੋਵਹੁ ਨਾਹੀਂ ?" ਤਬ ਓਨਾਂ ਆਖਿਆ, "ਜੀ, ਮੋਏ ਕਿੱਥਹੁ ਜੀਵਨ!" ਤਬ ਬਾਬੇ ਆਖਿਆ, "ਜਾਇਕੈ ਇਸਦੇ ਮੂੰਹ ਉੱਪਰ ਹੱਥ ਫੇਰਹੁ, ਵਾਹਗੁਰੂ ਆਖਕੈ." ਤਬ ਓਨਾਂ ਆਗਿਆ ਮੰਨੀ, ਜਾਇਕਰ ਹੱਥ ਫੇਰਿਆ ਵਾਹਗੁਰੂ ਆਖਕਰ, ਹਾਥੀ ਉੱਠ ਖੜਾ ਹੋਇਆ।

ਤਬ ਪਾਤਸਾਹ ਕਉ ਖਬਰ ਪਹੁੰਚੀ, ਆਖ ਸੁਣਾਇਆ. ਤਬ ਸੁਲਤਾਨ ਇਬਰਾਹੀਮ ਬੇਗ ਪਾਤਸਾਹ ਉਸ ਹਾਥੀ ਉੱਪਰ ਚੜ੍ਹਕਰ ਦੀਦਾਰ ਕਉ ਆਇਆ; ਆਇ ਬੈਠਾ. ਆਖਿਓ, "ਏ ਦਰਵੇਸ! ਇਹ ਹਾਥੀ ਤੁਸਾਂ ਜੀਵਾਇਆ ਹੈ?" ਤਬ ਬਾਬੇ ਆਖਿਆ, "ਮਾਰਣ ਜੀਵਾਲਣ ਵਾਲਾ ਖੁਦਾਇ ਹੈ, ਅਤੇ ਦੁਆਇ ਫਕੀਰਾਂ, ਰਹਿਮ ਅੱਲਾਹ ਹੈ." ਤਬ ਫੇਰ ਪਾਤਸਾਹ ਆਖਿਆ, "ਮਾਰ ਦਿਖਾ!" ਤਬ ਬਾਬਾ ਬੋਲਿਆ ਸਲੋਕ :—

ਮਾਰੇ, ਮਾਰ ਜਿਵਾਲੇ ਸੋਈ;
ਨਾਨਕ, ਏਕਸ ਬਿਨ ਅਵਰ ਨ ਕੋਈ.

ਤਬ ਹਾਥੀ ਮਰ ਗਇਆ. ਬਹੁੜ ਪਾਤਸਾਹ

Digitized by Panjab Digital Library | www.panjabdigilib.org

ਆਖਿਆ, "ਫੇਰ ਜੀਵਾਲ." ਤਬ ਬਾਬੇ ਕਹਿਆ, "ਹਜਰਤ ਸਲਾਮਤ! ਲੋਹਾ ਅੱਗੀ ਵਿੱਚ ਤਪ ਕੇ ਲਾਲ ਹੋਂਦਾ ਹੈ, ਪਰ ਉਹ ਰੱਤਕ ਹੱਥ ਉੱਪਰ ਟਿਕਦਾ ਨਾਹੀਂ. ਤਿਉ ਖੁਦਾਇ ਵਿੱਚ ਫਕੀਰ ਲਾਲ ਹੋ ਰਹੇ ਹੈਨ, ਅਤੇ ਖੁਦਾਇ ਦੀ ਸੁੱਟੀ ਓਹ ਉਠਾਇ ਲੈਨ, ਪਰ ਓਨਾਂ ਦੀ ਸੁੱਟੀ ਉਠਣਾਹੁ ਰਹੀ." ਤਬ ਪਾਤਸਾਹ ਸਮਝ ਕਰ ਬਹੁਤ ਖੁਸੀ ਹੋਇਆ; ਆਖਿਓਸ, "ਜੀ, ਕੁਛ ਕਬੂਲ ਕਰਹੁ." ਤਬ ਬਾਬਾ ਬੋਲਿਆ ਸਲੋਕ :—

ਨਾਨਕ ਭੁੱਖ ਖੁਦਾਇ ਕੀ, ਬਿਆ ਬੇਪਰਵਾਹੀ;
ਅਸਾਂ ਤਲਬ ਖੁਦਾਇ ਕੀ, ਬਿਆ ਤਲਬ ਨ ਕਾਈ.

ਤਬ ਪਾਤਸਾਹ ਸਮਝ ਕਰ ਉੱਠ ਗਇਆ. ਬਾਬਾ ਓਥਹੁ ਰਓਂਦਾ ਰਹਿਆ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

## ਸਾਖੀ ਸੋਲਵੀਂ ਚੱਲੀ.

ਪ੍ਰਥਮੇ ਉਦਾਸੀ ਕੀਤੀ ਪੂਰਬ ਕੀ. ਤਿਤ ਉਦਾਸੀ ਨਾਲ ਮਰਦਾਨਾ ਰਬਾਬੀ ਥਾ. ਤਦਹੁ ਪਉਣ ਅਹਾਰ ਕਰਦਾ ਥਾ. ਪਹਿਰਾਵਾ, ਇਕ ਬਸਤਰ ਅੰਬੀਆ, ਇੱਕ ਬਸਤਰ ਚਿੱਟਾ, ਇੱਕ ਪੈਰ ਪੈਂਜਾਰ, ਇੱਕ ਪੈਰ ਜੁੱਤੀ, ਗਲ ਖਫਨੀ, ਸਿਰ ਟੋਪੀ ਕਲੰਦਰੀ, ਮਾਲਾ ਹੱਡਾਂ ਦੀ, ਮੱਥੇ ਟਿੱਕਾ ਕੇਸਰ ਕਾ.

ਤਬ ਰਾਹਿ ਵਿਚ ਸੇਖ ਵਜੀਦ ਮਿਲਿਆ, ਸੁਖਪਾਲ ਵਿਚ ਚੜ੍ਹਿਆ ਆਂਵਦਾ ਆਹਾ; ਉਸਦੀ ਪਾਲਕੀ ਦੇ ਲਕੜੇ ਨਾਲ ਛਿਅ ਕਹਾਰ ਥੇ. ਤਬ ਓਹ ਜਾਇ ਉਤਰਿਆ ਇੱਕ ਦਰਖਤ ਤਲੇ; ਤਾਂ ਉਹ ਲੱਗੇ ਉਸਨੂੰ ਚਿੰਕਣ ਅਤੇ ਝੁੱਲਣ. ਤਬ ਮਰਦਾਨੇ ਆਖਿਆ, "ਜੀ, ਖੁਦਾਇ ਇੱਕ ਹੈ?" ਤਬ ਬਾਬੇ ਆਖਿਆ, "ਹੇ ਮਰਦਾਨਿਆਂ! ਖੁਦਾਇ ਇਕੋ ਹੈ." ਤਬ ਮਰਦਾਨੇ ਅਰਜ ਕੀਤੀ, ਆਖਿਓਸ, "ਜੀ ਪਾਤਸਾਹ! ਏਹ ਕਿਸ ਦੀ

ਪੈਦਾਇਸ ਹੈ, ਜੋ ਸੁਖਪਾਲ ਵਿੱਚ ਚੜ੍ਹਿਆ ਭੀ ਆਇਆ ਹੈ, ਅਤੇ ਉਹ ਪੈਰਾਂ ਤੇ ਉਬਾਹਣੇ ਭੀ ਹੈਨ, ਅਤੇ ਪੈਰਾਂ ਤੇ ਨੰਗੇ ਭੀ ਹੈਨ, ਅਤੇ ਫਿਰ ਖਿੱਕਣ ਲੱਗੇ ਅਤੇ ਝੁੱਲਣ ਲੱਗੇ?" ਤਬ ਬਾਬਾ ਬੋਲਿਆ ਸਲੋਕ :—

ਪੂਰਬ ਜਨਮ ਕੇ ਤਪੀਏ ਹੋਏ, ਅਬ ਭੂਪਾਲ ਮਹਿ ਡਾਂਡ.
ਤਬਕੇ ਬੱਕੇ ਨਾਨਕ, ਅਬਹਿ ਮੰਡ੍ਰਾਵਣ ਲਾਗ.

ਤਬ ਬਾਬੇ ਆਖਿਆ, "ਮਰਦਾਨਿਆਂ, ਤਪ ਤੇ ਰਾਜ, ਰਾਜ ਤੇ ਨਰਕ, ਅਤੇ ਜੋ ਕੋਈ ਆਇਆ ਹੈ, ਸੋ ਮਾਤਾ ਦੇ ਪੇਟ ਤੇ ਨਿਕਲਿਆ ਹੈ ਨੰਗਾ, ਅਤੇ ਸੁਖ ਦੁਖ ਪਿਛਲਾ ਹੈ ਲੇਖਾ." ਤਬ ਮਰਦਾਨਾ ਪੈਰੀਂ ਪਇਆ. ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

# ਸਾਖੀ ਸਤਾਰਵੀਂ ਚੱਲੀ.

ਓਥਹੁੰ ਚੱਲੇ ਬਨਾਰਸ ਆਇ ਨਿੱਕਲੇ. ਤਬ ਆਇ ਚੌਂਕ ਵਿੱਚ ਬੈਠੇ. ਤਬ ਬਨਾਰਸ ਕਾ ਪੰਡਿਤ ਥਾ, ਚਤੁਰਦਾਸ ਉਸ ਕਾ ਨਾਂਉ ਥਾ; ਸੋ ਇਸ-ਨਾਨ ਕਉ ਆਇਆ, ਆਇ "ਰਾਮ ਰਾਮ" ਕੀਤੀ ਅਸ. ਭੇਖ ਦੇਖ ਕੈ ਬੈਠ ਗਇਆ, ਆਖਿਓਸੁ, "ਭਗਤ, ਤੇਰੇ ਸਾਲੱਗ੍ਰਾਮ ਨਹੀਂ, ਤੁਲਸੀ ਕੀ ਮਾਲਾ ਨਹੀਂ, ਸਿਮਰਨੀ ਨਾਹੀਂ, ਅਤੀਤ ਭਗਤ ਕਹਾਇੰਦਾ ਹੈਂ; ਸੋ ਤੁਮ ਕਿਆ ਭਗਤਿ ਪਾਈ ਹੈ?" ਤਬ ਬਾਬੇ ਆਖਿਆ, "ਮਰਦਾਨਿਆਂ, ਰਬਾਬ ਵਜਾਇ." ਤਾਂ ਰਾਗ ਬਸੰਤ ਹਿੰਡੋਲ ਕੀ ਤਾ ਮਹੱਲਾ ੧ ਘਰ ੨ :—

> ਸਾਲਗਿਰਾਮ, ਬਿਪ, ਪੂਜ, ਮਨਾਵਹੁ, ਸੁਕ੍ਰਿਤ ਤੁਲਸੀ ਮਾਲਾ.
> ਰਾਮ ਨਾਮ ਜਪ ਬੇੜਾ ਬਾਂਧਹੁ! ਦਇਆ ਕਰਹੁ ਦਾਇਆਲਾ.
> ਕਾਹੇ ਕਲਰਾ ਸਿੰਚਹੁ ਜਨਮ ਗਵਾਵਹੁ?
> ਕਾਚੀ ਢਹਿਗ ਦਿਵਾਰ, ਕਾਹੇ ਗਚ ਲਾਵਹੁ?

ਤਬ ਫੇਰ ਪੰਡਤ ਕਹਿਆ, "ਹੇ ਭਗਤ, ਏਹ ਬਸ-ਤੂ ਤਾਂ ਕੱਲਰ ਦਾ ਸਿੰਚਣਾ ਹੋਇਆ; ਉਹ ਵਸਤੂ

Digitized by Panjab Digital Library | www.panjabdigilib.org

ਕੌਣ ਹੈ ਜਿਸ ਨਾਲ ਧਰਤੀ ਸਾਜੀਐ, ਅਤੇ ਪਰਮੇਸਰ ਮਿਲੇ ?" ਤਬ ਬਾਬੇ ਪਉੜੀ ਦੂਜੀ ਆਖੀ :—

> ਕਾਮ ਕ੍ਰੋਧ ਦੁਇ ਕਰਹੁ ਬਸੋਲੇ, ਗੋਡਹੁ ਧਰਤੀ, ਭਾਈ;
> ਜਿਉਂ ਗੋਡਹੁ, ਤਿਉ ਤੁਮ ਸੁਖ ਪਾਵਹੁ, ਕਿਰਤ ਨ ਮੇਟਿਆ ਜਾਈ.

ਤਬ ਫੇਰ ਪੰਡਤ ਪੁੱਛਿਆ, "ਏ ਭਗਤ, ਧਰਤੀ ਤਾਂ ਖੋਦੀਆ ਪਰ ਸਿੰਚੇ ਬਿਨ ਕਿਉਕਰ ਹਰੀ ਹੋਵੈ, ਅਤੇ ਮਾਲੀ ਕਿਤ ਬਿਧ ਆਪਣੀ ਜਾਣੈ ?" ਤਬ ਬਾਬੇ ਤੀ-ਜੀ ਪਉੜੀ ਕਹੀ :—

> ਕਰ ਹਰ ਹਟਮਾਲ, ਟਿੰਡ ਪਰੋਵਹੁ, ਤਿਸ ਭੀਤਰ ਮਨ ਜੋਵਹੁ;
> ਅੰਮ੍ਰਿਤ ਸਿੰਚਹੁ, ਭਰੇ ਕਿਆਰੇ, ਤਉ ਮਾਲੀ ਕੇ ਹੋਵਹੁ.

ਤਬ ਫੇਰ ਚਤੁਰ ਦਾਸ ਪੰਡਤ ਕਹਿਆ, "ਜੀ, ਤੁਮ ਪਰਮ ਹੰਸ ਹੋਂ, ਅਤੇ ਅਸਾਡੀ ਮਤ ਇੰਦ੍ਰੀਆਂ ਕੀ, ਜੀ ਮਲੀਨ ਹੈ ਬਗੁਲੇ ਕੀ ਨਿਆਂਈ." ਤਬ ਬਾਬੇ ਚੌਥੀ ਪਉੜੀ ਆਖੀ :—

> ਬਗੁਲੇ ਤੇ ਫੁਨ ਹੰਸਲਾ ਹੋਵੈ, ਜੇ ਤੂੰ ਕਰਹਿ ਦਇਆਲ.
> ਪ੍ਰਣਵਤ ਨਾਨਕ ਦਾਸਨ ਦਾਸਾ, ਦਇਆ ਕਰਹੁ ਦਇਆਲ.

ਤਬ ਪੰਡਤ ਬੋਲਿਆ, ਆਖਓਸ, ਜੀ, ਪਰਮੇਸਰ

Digitized by Panjab Digital Library | www.panjabdigilib.org

ਕੇ ਭਗਤ ਹੋ, ਇਸ ਨਗਰੀ ਨੂੰ ਪਵਿੱਤ੍ਰ ਕਰ; ਕਿਛ ਇਸ ਕਾ ਗੁਨ ਲੇਵਹੁ." ਤਬ ਗੁਰੂ ਨਾਨਕ ਪੁੱਛਿਆ, "ਇਸਕਾ ਗੁਨ ਕੈਸਾ ਹੈ?" ਤਬ ਪੰਡਤ ਕਹਿਆ, "ਇਸਕਾ ਗੁਨ ਵਿੱਦਿਆ ਹੈ, ਜਿਸ ਪੜ੍ਹੇ ਤੇਰੀ ਦਾਇਆ ਰਹੇ; ਅਤੇ ਜਹਾਂ ਬੈਠੇਂ, ਤਾਂ ਸੰਸਾਰ ਮਾਨੇ; ਅਤੇ ਇਸ ਮਤ ਲੇਤੇ ਮਹੰਤ ਹੋਵੈਂ." ਤਬ ਬਾਬਾ ਬੋਲਿਆ ਸਬਦ ਰਾਗ ਬਸੰਤ ਹਿੰਡੋਲ ਮਹਲਾ ੧ :—

ਰਾਜਾ ਬਾਲਕ, ਨਗਰੀ ਕਾਚੀ, ਦੁਸਟਾਂ ਨਾਲ ਪਿਆਰੋ;
ਦੁਇ ਮਾਈ ਦੁਇ ਬਾਪ ਪੜ੍ਹੀਅਹਿ; ਪੰਡਤ, ਕਰਹੁ ਬੀਚਾਰੋ.
ਸੁਆਮੀ ਪੰਡਤਾ, ਤੁਮ ਦੇਹੁ ਮਤੀ,
ਮੈਂ ਕਿੰਹ ਬਿਧਿ ਪਾਂਵਹੁ ਪ੍ਰਾਨ ਪਤੀ?
ਭੀਤਰ ਅਗਨਿ ਬਨਾਸਪਤ ਮਉਲੀ, ਸਾਗਰ ਪਿੰਡੇ ਪਾਇਆ.
ਚੰਦ ਸੂਰਜ ਦੁਇ ਘਟਹੀ ਭੀਤਰ, ਐਸਾ ਗਿਆਨ ਨ ਪਾਇਆ!
ਰਾਮ ਰਵੰਤਾ ਜਾਣੀਐ, ਇਕ ਮਾਈ ਭੋਗ ਕਰੇ;
ਤਾਂ ਕੇ ਲੱਖਣ ਜਾਣੀਐ, ਖਿਮਾ ਧਨ ਸੰਗ੍ਰਹੇ.
ਕਹਿਆ ਸੁਣਹਿ ਨ ਖਾਇਆ ਮਾਨੈ, ਤਿਨਹੀ ਸੇਤੀ ਵਾਸਾ.
ਪ੍ਰਣਵਤ ਨਾਨਕ ਦਾਸਨ ਦਾਸਾ, ਖਿਨ ਤੋਲਾ ਖਿਨ ਮਾਸਾ.

ਤਬ ਫੇਰ ਚਤੁਰ ਦਾਸ ਕਹਿਆ, ਅਤੇ ਬੇਨਤੀ ਕੀਤੀ, "ਜੀ, ਏਹ ਜੋ ਅਸੀਂ ਸੰਸਾਰ ਕੇ ਤਾਂਈ ਪੜਾ-

Digitized by Panjab Digital Library | www.panjabdigilib.org

ਵਤੇ ਆਹੇ, ਅਰ ਅਸੀਂ ਭੀ ਪੜ੍ਹਤੇ ਆਹੇ; ਕੁਛ ਪ੍ਰਾਪਤ ਹੋਵੈਗਾ ਪਰਮੇਸਰ ਕਾ ਨਾਂਉ ?" ਤਬ ਬਾਬੇ ਪੁੱਛਿਆ, "ਏ ਸੁਆਮੀ, ਤੂੰ ਕਿਆ ਪੜ੍ਹਿਆ ਹੈਂ; ਅਰ ਕਵਨ ਵਸਤ ਪੜ੍ਹਾਵਤੇ ਹੋਂ ਸੰਸਾਰੇ ਜੋਗ, ਅਰ ਕਿਆ ਵਿਦਿਆ ਪੜ੍ਹਾਵਤੇ ਹੋਂ ਚਾਟੜਿਆਂ ਜੋਗ ?" ਤਬ ਪੰਡਤ ਬੋਲਿਆ, "ਜੀ, ਬਚਨ ਪਾਇਕੇ ਬ੍ਰਹਮੇ ਕੇ, ਪਹਿਲੀ ਪੱਟੀ ਪੜ੍ਹਾਇਦੇ ਹਾਂ ਸੰਸਾਰੇ ਜੋਗ." ਤਬ ਬਾਬੇ ਸਬਦ ਬੋਲਿਆ ਰਾਗ ਰਾਮਕਲੀ ਵਿੱਚ ਮਹਲਾ ੧ :—

ਓਅੰਕਾਰ ਬ੍ਰਹਮਾ ਉਤਪੱਤ;
ਓਅੰਕਾਰ ਕੀਆ ਜਿਨ ਚਿਤ;
ਓਅੰਕਾਰ ਸੈਲ ਜੁਗ ਭਏ;
ਓਅੰਕਾਰ ਬੇਦ ਨਿਰਮਏ;
ਓਅੰਕਾਰ ਸਬਦ ਉਧਰੇ;
ਓਅੰਕਾਰ ਗੁਰਮੁਖ ਤਰੇ.
ਓ ਨਮ ਅਖਰ ਸੁਨਹੁ ਵੀਚਾਰ;
ਓ ਨਮ ਅਖਰ ਤ੍ਰਿ ਭੁਵਣ ਸਾਰ.
ਸੁਣ ਪਾਂਡੇ, ਕਿਆ ਲਿਖਹੁ ਜੰਜਾਲਾ ?
ਲਿਖ ਰਾਮ ਨਾਮ ਗੁਰ ਮੁਖ ਗੋਪਾਲਾ.
ਸਸੈ ਸਭ ਜਗ ਸਹਿਜ ਉਪਾਇਆ; ਤੀਨ ਭਵਨ ਇਕ ਜੋਤੀ.
ਗੁਰਮੁਖ ਵਸਤੁ ਪਰਾਪਤ ਹੋਵੈ, ਚੁਣ ਲੈ ਮਾਣਕ ਮੋਤੀ.

Digitized by Panjab Digital Library | www.panjabdigilib.org

ਸਮਝੈ ਸੂਝੈ ਪੜ੍ਹ ਪੜ੍ਹ ਬੂਝੈ, ਅੰਤ ਨਿਰੰਤਰ ਸਾਚਾ.
ਗੁਰ ਮੁਖ ਦੇਖੈ ਸੱਚ ਸਮਾਲੈ, ਬਿਨ ਸਾਚੇ ਜਗ ਕਾਚਾ.

ਤਬ ਓਅੰਕਾਰ ਹੋਇਆ ਪਉੜੀਆਂ ਚਉਵਿੰਜਾਹ । ਲਿਖਣੀਆਂ ਰਹਿਆਂ, ਪਰ ਲਿਖਿਆ ਨਹੀਂ. ਤਬ ਬਾਬੇ ਨਾਨਕ ਜੀ ਸਭ ਓਅੰਕਾਰ ਪੜ੍ਹ ਸੁਣਇਆ ਪੰਡਤ ਜੋਗ। ਤਬ ਪੰਡਤ ਆਇ ਪੈਰੀਂ ਪਇਆ, ਨਾਂਉ ਧਗੀਰ ਸਿੱਖ ਹੋਇਆ, ਗੁਰੂ ਗੁਰੂ ਲੱਗਾ ਜਪਣ. ਤਬ ਬਾਬਾ ਜੀ ਓਥਹੁੰ ਰਉ ਦੇ ਰਹੇ. ਬੋਲੋ ਵਾਹ ਗੁਰੂ!

# ਸਾਖੀ ਅਠਾਰਵੀਂ ਚਲੀ.

ਤਬ ਨਾਨਕਮਤੇ ਆਇ ਨਿੱਕਲੇ. ਤਬ ਇੱਕਸ ਬੜ ਕੇ ਤਲੇ ਜਾਇ ਬੈਠੇ. ਓਹੁ ਬੜ ਸੁੱਕਾ ਖੜਾ ਥਾ ਕਈ ਬਰਸ ਕਾ. ਜਬ ਸਾਧੂ ਆਇ ਬੈਠੇ, ਤਬ ਹਰਿਆ ਹੋਆ. ਤਬ ਸਿੱਧ ਆਏ. ਤਬ ਸਿੱਧਾਂ ਕਹਿਆ, "ਏ ਬਾਲਕਾ, ਤੂ ਕਿਸਕਾ ਸਿੱਖ ਹੈਂ? ਕਿਸ ਕੀ ਦੀਖਿਆ ਹੈ?" ਤਬ ਗੁਰੂ ਨਾਨਕ ਸਬਦ ਉਠਾਇਆ ਰਾਗ ਸੂਹੀ ਵਿਚ ਮਹੱਲਾ ੧ ਘਰ ੧ :—

ਕਉਣ ਤਰਾਜੀ, ਕਵਣ ਤੁਲਾ, ਤੇਰਾ ਕਵਣ ਸਰਾਫ ਬੁਲਾਵਾਂ?
ਕਵਣ ਗੁਰੂ ਕੈ ਪਹਿ ਦੀਖਿਆ ਲੇਵਾਂ, ਕੈ ਪਹਿ ਮੁੱਲ ਕਰਾਵਾਂ?
ਮੇਰੇ ਲਾਲ ਜੀਉ, ਤੇਰਾ ਅੰਤ ਨ ਜਾਂਣਾਂ.
ਤੂੰ ਜਲ, ਥਲ, ਮਹੀਅਲ ਭਰਪੁਰ ਲੀਣਾਂ; ਤੂੰ ਆਪੇ ਸਰਬ ਸਮਾਣਾ.
ਮਨ ਤਰਾਜੀ, ਚਿਤ ਤੁਲਾ; ਤੇਰੀ ਸੇਵ ਸਰਾਫ ਕਮਾਵਾਂ.
ਘਟ ਹੀ ਭੀਤਰ ਸੋ ਸਹੁ ਤੋਲੀ; ਇਨ ਬਿਧ ਚਿੱਤ ਰਹਾਵਾਂ.
ਆਪੇ ਕੰੜਾ, ਤੋਲ ਤਰਾਜੀ, ਆਪੇ ਤੋਲਣਹਾਰਾ.
ਆਪੇ ਦੇਖੈ, ਆਪੇ ਬੂਝੈ, ਆਪੇ ਹੈ ਵਣਜਾਰਾ.
ਅੰਧੁਲਾ, ਨੀਚ ਜਾਤ, ਪਰਦੇਸੀ, ਖਿਨ ਆਵੈ, ਤਿਲ ਜਾਵੈ.
ਤਾਂਕੀ ਸੰਗਤ ਨਾਨਕ ਰਹਿੰਦਾ, ਕਿਉ ਕਰ ਮੂੜਾ ਪਾਵੈ?

Digitized by Panjab Digital Library | www.panjabdigilib.org

ਤਬ ਸਿੱਧਾਂ ਆਖਿਆ, "ਬਾਲਕਾ, ਤੂੰ ਗੁਰੂ ਕਰ, ਜੋ-ਗੀ ਹੋਹੁ, ਦਰਸਨ ਭੇਖ ਲੇਹੁ." ਤਬ ਬਾਬੇ ਸਬਦ ਉਠਾਇਆ ਰਾਗ ਸੂਹੀ ਵਿੱਚ ਮਹੱਲਾ ੧ ਘਰ ੧ :-

ਜੋਗੁ ਨ ਖਿੰਥਾ, ਜੋਗ ਨ ਡੰਡੈ, ਜੋਗ ਨ ਭਸਮ ਚੜਾਈਐ;
ਜੋਗ ਨ ਮੁੰਦੀ, ਮੂੰਡ ਮੁੰਡਾਇਐ, ਜੋਗੁ ਨਾ ਸਿਙੀ ਵਾਈਐ.
ਅੰਜਨ ਮਾਂਹਿ ਨਿਰੰਜਨ ਰਹੀਐ; ਜੋਗ ਜੁਗਤਿ ਇਵ ਪਾਈਐ.
ਗੱਲੀਂ ਜੋਗ ਨ ਹੋਈ.
ਏਕ ਦ੍ਰਿਸਟ ਕਰ ਸਮਸਰ ਜਾਣੈ, ਜੋਗੀ ਕਹੀਐ ਸੋਈ.
ਜੋਗ ਨ ਬਾਹਰ ਮੜੀ ਮਸਾਂਣੀ, ਜੋਗ ਨ ਤਾੜੀ ਲਾਈਐ;
ਜੋਗ ਨ ਦੇਸ ਦਿਸੰਤਰ ਭਵਿਐ, ਜੋਗ ਨ ਤੀਰਥ ਨਾਈਐ.
ਅੰਜਨ ਮਾਂਹਿ ਨਿਰੰਜਨ ਰਹੀਐ, ਜੋਗ ਜੁਗਤਿ ਇਵ ਪਾਈਐ.
ਸਤ ਗੁਰੁ ਭੇਟੈ, ਤਾਂ ਸਹਿਸਾ ਤੂਟੈ, ਧਾਵਤ ਬਰਜ ਰਹਾਈਐ.
ਨਿਝਰ ਝਰੈ, ਸਹਜ ਧੁਨਿ ਲਾਗੈ, ਘਰ ਹੀ ਪਰਚਾ ਪਾਈਐ.
ਅੰਜਨ ਮਾਹਿ ਨਿਰੰਜਨ ਰਹੀਐ, ਜੋਗ ਜੁਗਤਿ ਇਵ ਪਾਈਐ.
ਨਾਨਕ, ਜੀਵਤਿਆਂ ਮਰ ਰਹੀਐ, ਐਸਾ ਜੋਗ ਕਮਾਈਐ.
ਵਾਜੇ ਬਾਝਹੁ ਸਿਙੀ ਬਾਜੈ, ਤਉ ਨਿਰਭਉ ਪਦ ਪਾਈਐ.
ਅੰਜਨ ਮਾਂਹਿ ਨਿਰੰਜਨ ਰਹੀਐ, ਜੋਗ ਜੁਗਤਿ ਇਵ ਪਾਈਐ.

ਤਬ ਸਿੱਧਾਂ ਆਦੇਸ ਕੀਤਾ. "ਇਹ ਕੋਈ ਮਹਾਂ-ਪੁਰਖ ਹੈ, ਜਿਸ ਕੇ ਬੈਠਿਆਂ ਬਰੜ ਹਰਿਆ ਹੋਇਆ." ਤਬ ਬਾਬਾ ਓਥਹੁ ਚਲਿਆ. ਬੋਲੋ ਵਾਹ ਗੁਰੂ!

## ਸਾਖੀ ਉੱਨੀਵੀਂ ਚਲੀ.

ਇੱਕਤੁ ਡੇਰੇ ਆਇ ਨਿੱਕਲੇ ਵਣਜਾਰਿਆਂ ਕੇ. ਤਬ ਏਕ ਬਾਹਰ ਆਇ ਬੈਠੇ. ਉਸਦੇ ਘਰ ਪੁੱਤ੍ਰ ਹੋਆ ਥਾ, ਅਤੇ ਲੋਕ ਬਹੁਤ ਮੁਮਾਰਖੀ ਦੇਵਣ ਆਂਵਣ. ਕੋਈ ਅਲਤਾ ਪਾਵੈ, ਕੋਈ ਲੱਖ ਅਸੀਸਾਂ ਦੇਵੈ. ਤਬ ਮਰਦਾਨੇ ਬੈਠੇ ਤਮਾ-ਸਾ ਦੇਖਿਆ. ਜਾਂ ਲਹੁੜਾ ਦਿਨ ਆਇਆ, ਤਾਂ ਓਹ ਉਠ ਗਇਆ ਘਰ. ਖਬਰ ਲਈਆਸੁ ਨਾਂਹੀਂ. ਤਬ ਮਰਦਾਨੇ ਨੂੰ ਭੁੱਖ ਲੱਗੀ; ਆਖਿ-ਓਸੁ, "ਜੀ ਪਾਤਸਾਹ! ਇਸ ਤਾਂ ਅਸਾੜੀ ਖਬਰ ਭੀ ਨਾ ਲੱਧੀ, ਇਸ ਦੇ ਘਰ ਜੋ ਪੁੱਤ੍ਰ ਹੋਆ ਹੈ. ਆਪਣੀ ਹੂ ਹਵਾਇ ਨਾਲ ਉਠ ਗਇਆ; ਪਰ ਮੈਨੂੰ ਹੁਕਮ ਹੋਵੈ, ਤਾਂ ਇਸਦੇ ਘਰ ਜਾਵਾਂ. ਇਹ ਪੁੱਤ੍ਰ ਦੀ ਵਧਾਈ ਦੇਂਦੇ ਹੈਂ. ਹੁਕਮ ਹੋਵੈ, ਤਾਂ ਮੈ ਭੀ ਮੰਗਿਆਂ ਕੁਛ ਲੈ ਆਂਵਾਂ." ਤਾਂ ਬਾਬਾ ਹੱਸਿਆ, ਆਖਓਸੁ, "ਮਰਦਾਨਿਆਂ, ਇਸਦੇ ਘਰ ਪੁੱਤ੍ਰ ਨਹੀ ਹੋਆ, ਇਸ ਦੇ ਘਰ ਇੱਕ ਕਰਜਾਈ ਆਇਆ ਹੈ,

Digitized by Panjab Digital Library | www.panjabdigilib.org

ਚਾਰ ਪਹਿਰ ਰਾਤ ਰਹੇਗਾ, ਭਲਕੈ ਉੱਠ ਜਾਵੇ-
ਗਾ. ਪਰ ਤੇਰੇ ਆਤਮੇ ਆਈ, ਤਾਂ ਜਾਇ;
ਪਰ ਅਸੀਸ ਦੇਵੈ ਨਾਹੀਂ, ਚੁਪ ਕੀਤੇ ਜਾਇ
ਖੜਾ ਹੋਹੁ." ਤਬ ਮਰਦਾਨੇ ਆਖਿਆ, "ਭੱਲਾ
ਹੋਵੈ, ਜੀ, ਜਾਇ ਦੇਖਾਂ." ਤਬ ਮਰਦਾਨਾ ਗਇ-
ਆ; ਜਾਇ ਖੜਾ ਹੋਇਆ ਚੁਪ ਕੀਤਾ; ਖਬਰ
ਕਿਸੇ ਲੱਧੀ ਆ ਨਾਹੀਂ. ਉਠਿ ਆਇਆ. ਤਬ
ਬਾਬੇ ਆਖਿਆ, "ਮਰਦਾਨਿਆਂ, ਰਬਾਬ ਵਜਾਇ!"
ਤਾਂ ਮਰਦਾਨੇ ਰਬਾਬ ਵਜਾਇਆ. ਬਾਬੇ ਸਿਰੀ
ਰਾਗ ਵਿਚ ਸਬਦ ਆਖਿਆ ਮਹਲਾ ੧
ਘਰ ੧ ਪਹਿਰੇ :—

੧

ਪਹਿਲੈ ਪਹਰੈ ਰੈਣ ਕੇ ਵਣਜਾਰਿਆ ਮਿਤ੍ਰਾ,
ਹੁਕਮ ਪਾਇਆ ਗਰਭਾਸ;
ਉਰਧ ਤਪੁ ਅੰਤਰ ਕਰੇ, ਵਣਜਾਰਿਆ ਮਿਤ੍ਰਾ,
ਖਸਮ ਸੇਤੀ ਅਰਦਾਸ; —
ਖਸਮ ਸੇਤੀ ਅਰਦਾਸ ਵਖਾਣੈ, ਉਰਧ ਧਿਆਨਿ
ਲਿਵ ਲਾਗਾ.
ਨਾ ਮਰਜਾਦੁ ਆਇਆ ਕਲਿ ਭੀਤਰਿ, ਬਾਹੁੜਿ ਜਾ-
ਸੀ ਨਾਂਗਾ.
ਜੈਸੀ ਕਲਮ ਵੁੜੀ ਹੈ ਮਸਤਕਿ, ਤੈਸੀ ਜੀਅੜੇ ਪਾਸ.

ਕਹੁ ਨਾਨਕ, ਪ੍ਰਾਣੀ ਪਹਿਲੈ ਪਹਿਰੇ ਹੁਕਮ ਪਾਇਆ ਗਰਭਾਸ.

੨

ਦੂਜੈ ਪਹਿਰੇ ਰੈਣ ਕੇ, ਵਣਜਾਰਿਆ ਮਿੱਤ੍ਰਾ, ਵਿਸਰ ਗਇਆ ਧਿਆਨ;
ਹੱਥੋ ਹੱਥ ਨਚਾਈਐ, ਵਣਜਾਰਿਆ ਮਿੱਤ੍ਰਾ, ਜਿਉ ਜਸੁਧਾ ਘਰ ਕਾਨ; —
ਹੱਥੋ ਹੱਥ ਨਚਾਈਐ ਪ੍ਰਾਣੀ; ਮਾਤ ਕਹੇ ਸੁਤ ਮੇਰਾ.
ਚੇਤ, ਅਚੇਤ ਮੂੜ੍ਹ ਮਨ ਮੇਰੇ, ਅੰਤ ਨਹੀਂ ਕੁਛ ਤੇਰਾ.
ਜਿਨ ਰਚ ਰਚਿਆ, ਤਿਸਹਿ ਨ ਜਾਂਣੈ, ਮਨ ਭੀਤਰ ਧਰ ਧਿਆਨ.
ਕਹੁ ਨਾਨਕ, ਪ੍ਰਾਣੀ ਦੂਜੈ ਪਹਿਰੈ ਵਿਸਰ ਗਇਆ ਧਿਆਨ.

੩

ਤੀਜੈ ਪਹਿਰੇ ਰੈਣ ਕੇ, ਵਣਜਾਰਿਆ ਮਿੱਤ੍ਰਾ, ਧਨ ਜੋਬਨ ਸਿਉ ਚਿੱਤ;
ਹਰਿ ਕਾ ਨਾਮੁ ਨ ਚੇਤ ਹੀ, ਵਣਜਾਰਿਆ ਮਿੱਤ੍ਰਾ ਬੱਧਾ ਛੁਟਹਿ ਜਿੱਤ; —
ਹਰਿ ਕਾ ਨਾਮ ਨ ਚੇਤੈ ਪ੍ਰਾਣੀ, ਬਿਕਲ ਭਇਆ ਸੰਗ ਮਾਇਆ.
ਧਨ ਸਿਉ ਰਾਤਾ, ਜੋਬਨ ਮਾਤਾ, ਅਹਿਲਾ ਜਨਮ ਗਵਾਇਆ.
ਧਰਮ ਸੇਤੀ ਵ੍ਯਾਪਾਰ ਨ ਕੀਤੋ, ਕਰਮ ਨ ਕੀਤੋ ਮਿੱਤ.
ਕਹੁ ਨਾਨਕ, ਤੀਜੈ ਪਹਿਰੇ ਪ੍ਰਾਣੀ, ਧਨ ਜੋਬਨ ਸਿਉ ਚਿੱਤ.

੪

ਚਉਥੈ ਪਹਿਰੇ ਰੈਣ ਕੇ, ਵਣਜਾਰਿਆ ਮਿੱਤ੍ਰਾ, ਲਾਵੀ ਆਇਆ ਖੇਤ.
ਜਾਂ ਜਮ ਪਕੜ ਚਲਾਇਆ, ਵਣਜਾਰਿਆ ਮਿੱਤ੍ਰਾ, ਕਿਸੈ ਨ ਮਿਲਿਆ ਭੇਤ; —
ਭੇਤ ਚੇਤ ਹਰਿ ਕਿਸੈ ਨ ਮਿਲਿਆ, ਜਾਂ ਜਮ ਪਕੜ ਚਲਾਇਆ.

ਝੂਠਾ ਰੁਦਨ ਹੋਆ ਦੁਆਲੈ, ਖਿਨ ਮਹਿ ਭਇਆ ਪਰਾਇਆ.
ਸਾਈ ਵਸਤੁ ਪਰਾਪਤ ਹੋਈ, ਜਿਸ ਸਿਉ ਲਾਇਆ ਹੇਤ.
ਕਹੁ ਨਾਨਕ, ਪ੍ਰਾਣੀ ਚਉਥੈ ਪਹਿਰੈ, ਲਾਵੀ ਲੁਣਿਆਂ ਖੇਤ.

ਤਬ ਭੁਲਕ ਹੋਆ, ਤਾਂ ਓਹ ਲਸ਼ਕਰ ਚੱਲਿਆ; ਰੋਂਦੇ ਪਿਟਦੇ ਨਿੱਕਲੇ. ਤਬ ਮਰਦਾਨੇ ਅਰਜ ਕੀਤੀ, ਆਖਿਓਸੁ, "ਜੀ, ਇਨਾਂ ਦੇ ਬਾਬ ਕਿਆ ਵਰਤੀ? ਕੱਲ ਤਾਂ ਅਲਤਾ ਪਾਂਇਦੇ ਆਹੇ, ਅਤੇ ਹਸਦੇ ਖੇਡਦੇ ਸੇ!" ਤਬ ਬਾਬੇ ਸਲੋਕ ਦਿੱਤਾ :—

ਜਿਤੁ ਮੁਹਿ ਮਿਲਨ ਮੁਬਾਰਖੀ, ਲੱਖ ਮਿਲਨ ਅਸੀਸ,
ਸੇ ਮੁਹਿ ਫੇਰ ਪਿਟਾਈਅਹਿਂ; ਮਨ ਤਨ ਸਹੇ ਕਸੀਸ.
ਇਕ ਮੁਏ, ਇੱਕ ਢੋਇਆ, ਇੱਕ ਦਿੱਤੇ ਨਦੀ ਵਹਾਇ.
ਗਈ ਮੁਬਾਰਖ, ਨਾਨਕ, ਭੀ ਸੱਚੇ ਨੂੰ ਸਾਲਾਹ!

ਤਬ ਬਾਬਾ ਤੇ ਮਰਦਾਨਾਂ ਓਥੋਂ ਚੱਲੇ. ਬੋਲੋ ਵਾਹ-ਗੁਰੂ!

# ਸਾਖੀ ਬੀਹਵੀਂ ਚੱਲੀ.

ਰਾਹ ਵਿੱਚ ਇੱਕ ਚਾਣਿਆਂ ਦੀ ਬਾੜੀ ਆਈ. ਤਬ ਮਰਦਾਨੇ ਦੇ ਜੀਅ ਆਈ, ਜੋ ਬਾਬਾ ਚੱਲੇ, ਤਾਂ ਦੁਇ ਬੂਟੇ ਲੈ ਆਂਵਾਹਿ. ਤਬ ਬਾਬਾ ਮੁਸਕਾਇਆ. ਤਬ ਉਸਕਾ ਪਾਲੀ ਲੱਗਾ ਹੋਲਾਂ ਕਰਣ; ਤਬ ਬਾਬਾ ਤੇ ਮਰਦਾਨਾ ਦੋਵੇ ਓਥੇ ਬੈਠ ਗਏ. ਤਾਂ ਬੈਠੇ, ਤਾਂ ਉਨ ਪਾਲੀ ਹੋਲਾ ਆਗੈ ਰੱਖੀਆਂ; ਤਬ ਬਾਬੇ ਮਰਦਾਨੇ ਨੂੰ ਦਿੱਤੀਆਂ. ਤਬ ਉਸ ਲੜਕੇ ਦੇ ਜੀਅ ਆਈ, ਜੋ ਕਿਛ ਘਰ ਤੇ ਲੈ ਆਂਵਾਂ, ਫਕੀਰਾਂ ਕੇ ਮੁੰਹ ਪਾਂਵਣੇ ਕੇ ਤਾਂਈਂ. ਜਬ ਉਠ ਚੱਲਿਆ, ਤਾਂ ਬਾਬੇ ਪੁੱਛਿਆ, ਤਬ ਉਸ ਆਖਿਆ, "ਜੀ, ਕਿਛ ਘਰ ਤੇ ਲੈ ਆਂਵਾਂ, ਤੁਸਾਡੇ ਮੁੰਹਿ ਪਾਵਣੇ ਕੇ ਤਾਂਈ." ਤਬ ਗੁਰੂ ਬਾਬੇ ਸਲੋਕੁ ਦਿੱਤਾ :—

ਸਬਰ ਤੇਰਾ ਲੇਫ ਨਿਹਾਲੀ, ਭਾਉ ਤੇਰਾ ਪਕਵਾਨ.
ਨਾਨਕ ਸਿਫਤੀ ਰੱਜਿਆ, ਬਹੁੜ੍ਹ ਕੇ ਸੁਲਤਾਨ.

ਤਬ ਪਾਤਸਾਹੀ ਮਿਲੀ ਚਾਣਿਆਂ ਕੀ ਮੁੱਠ ਕਾ ਸਦਕਾ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਇਕੀਹਵੀ ਚੱਲੀ.

ਤਬ ਮਰਦਾਨੇ ਆਖਿਆ, "ਜੀ, ਚਉਮਾਸਾ ਕਿਥਾਊਂ ਬੈਠੀਐ." ਤਬ ਬਾਬੇ ਆਖਿਆ, "ਭੱਲਾ ਹੋਵੈ, ਅਗੇ ਕੋਈ ਗਿਰਾਂਉ ਆਵੈ, ਓਥੇ ਬੈਠਹਿੰਗੇ." ਤਬ ਸਹਿਰ ਤੇ ਕੋਹ ਇੱਕ ਉੱਪਰ ਜਾਇ ਬੈਠਾ ਗਿਰਾਂਉ ਵਿੱਚ. ਤਬ ਉਸ ਗਿਰਾਂਉ ਵਿੱਚ ਇੱਕ ਖੱਤ੍ਰੀ ਦੀ ਲਾਗ ਆਹੀ. ਓਹ ਇੱਕ ਦਿਨ ਆਇ ਦਰਸਨ ਲੱਗਾ; ਓਹ ਦਰਸਨ ਦੇਖਣ ਨਿਤਾਪ੍ਰਤਿ ਆਵੈ ਸੇਵਾ ਕਰਣ. ਤਬ ਉਸ ਖੱਤ੍ਰੀ ਨੇਮ ਇੱਕ ਕੀਤੋਸ, ਜੋ ਦਰਸਨ ਦੇਖੇ ਬਿਨਾਂ ਜਲ ਪਾਨ ਲੈਣਾ ਨਾਹੀਂ. ਤਬ ਉਸ ਕੇ ਪਾਸ ਇੱਕ ਹਟਵਾਣੀਆਂ ਥਾ. ਓਨ ਪੁੱਛਿਆ, "ਭਾਈ ਜੀ, ਤੂੰ ਨਿੱਤ ਦੀ ਨਿੱਤ ਕਿੱਥੈ ਜਾਂਦਾ ਹੈਂ? ਅੱਗੇ ਕਿਤੈ ਸੰਜੋਗ ਪਾਇ ਕੈ ਜਾਂਦਾ ਸਹਿ." ਤਬ ਓਨ ਸਿੱਖ ਆਖਿਆ, "ਭਾਈ ਜੀ, ਓਥੇ ਇੱਕ ਸਾਧੂ ਆਇ ਰਹਿਆ ਹੈ; ਮੈਂ ਉਸ ਕੈ ਦਰਸਨ ਨੂੰ ਜਾਂਦਾ ਹੋਂਦਾ ਹਾਂ." ਤਬ ਉਸ ਕਹਿਆ, "ਜੀ, ਉਸ ਸਾਧੂ ਕਾ ਦਰਸਨ

ਅਸੀਂ ਭੀ ਕਰਹਿਂ?" ਤਬ ਉਸ ਸਿੱਖ ਕਹਿਆ, "ਜੀ ਤੁਸੀਂ ਭੀ ਕਰਹੁ." ਤਾਂ ਇਕ ਦਿਨ ਓਹ ਭੀ ਚੱਲਿਆ, ਓਥੈ ਇੱਕ ਲੌਂਡੀ ਆਹੀ, ਸੋ ਓਹ ਹਟਵਾਣੀਆਂ ਉਸ ਲੌਂਡੀ ਨਾਲ ਅਟਕਿਆ; ਸੋ ਉਸ ਲੌਂਡੀ ਦੇ ਵਾਸਤੇ ਉੱਥੈ ਜਾਵੈ. ਤਬ ਨਿਤਾਪ੍ਰਤਿ ਘਰ ਤੇ ਇੱਕਠੇ ਹੀਂ ਆਂਵਨ; ਓਹ ਲੌਂਡੀ ਕੇ ਜਾਵੈ, ਅਤੇ ਓਹ ਸਿੱਖ ਦਰਸਨ ਕਉ ਜਾਵੈ ਗੁਰੁ ਪਰਮੇਸਰ ਦਾ.

ਤਬ ਇੱਕ ਦਿਨ ਹਟਵਾਣੀਏਂ ਕਹਿਆ ਸਿੱਖ ਨੂੰ, "ਭਾਈ ਜੀ, ਮੈਂ ਜਾਂਦਾ ਆਹਾ ਬਿਕਰਮ ਕਰਣ, ਅਤੇ ਤੂੰ ਜਾਂਦਾ ਹੈਂ ਸਾਧੂ ਕੀ ਸੇਵਾ ਕਰਣ; ਅਤੇ ਅੱਜ ਤੇਰਾ ਅਤੇ ਮੇਰਾ ਕਰਾਰ ਹੈ, ਜੋ ਇਕੱਠੇ ਚਲੀ ਆਹਿ ਇਥਹੁ; ਅਤੇ ਤੂੰ ਸਾਧੂ ਕੇ ਦਰਸਨ ਕਉ ਜਾਇ, ਅਤੇ ਮੈਂ ਜਾਂਦਾ ਹਾਂ ਬਿਕਰਮ ਕਰਣ. ਦੇਖਾਂ ਤੈਨੂੰ ਕਿਆ ਪ੍ਰਾਪਤ ਹੋਵੇਗਾ, ਅਤੇ ਮੈਨੂੰ ਕਿਆ ਪ੍ਰਾਪਤ ਹੋਵੈਗਾ." ਤਬ ਓਨਾਂ ਇੱਕ ਟਿਕਾਣਾ ਮੁਕਰਰੁ ਕੀਤਾ; ਤਾਂ ਆਖਿਓਨਿ, "ਜੇ ਤਾਂ ਤੂੰ ਅੱਗੈ ਆਂਵਹਿਂ, ਤਾਂ ਇੱਥੈ ਹੀਂ ਆਇ ਬੈਠਣਾਂ; ਅਤੇ ਜੇ ਮੈਂ ਆਵਾਂ, ਤਾਂ ਏਥੇ ਹੀਂ ਬੈਠਾਂ ਗਾ, ਜੋ ਇਕੱਠੇ ਹੋਇ ਚੱਲਹਿੰਗੇ".

Digitized by Panjab Digital Library | www.panjabdigilib.org

ਤਬ ਅਗਲੇ ਦਿਨ ਦੋਵੈਂ ਇਕੱਠੇ ਗਏ. ਤਬ ਜਿਸ ਦਰਸਨ ਕਰਨਾ ਆਹਾ, ਸੋ ਦਰਸਨ ਨੂੰ ਆਇਆ; ਆਇ ਦਰਸਨ ਕੀਤਾ; ਅਤੇ ਓਹ ਲੰਉਂਡੀ ਦੇ ਜਾਵੈ, ਤਾਂ ਲੰਉਂਡੀ ਪਾਰ ਨਾਹੀਂ; ਤਬ ਓਹ ਦਲਗੀਰ ਹੋਇ ਕਰ ਉਠ ਆਇਆ, ਆਇ ਕਰ, ਉਸੇ ਟਿਕਾਣੇ ਉੱਪਰ ਆਇ ਬੈਠਾ; ਅਤੇ ਫਿਕਰ ਨਾਲ ਲੱਗਾ ਧਰਤੀ ਖੋਦਣ. ਜਾਂ ਦੇਖੇ, ਤਾਂ ਇੱਕ ਮੁਹਰ ਹੈ, ਅਤੇ ਹੋਰ ਕੋਇਲੇ ਹੈਨ ਮੱਟ ਭਰਿਆ ਹੋਇਆ. ਤਬ ਓਹ ਗੁਰੂ ਪਾਸੋਂ ਪੇਰੀਂ ਪੈਰੇ ਚੱਲਿਆ. ਤਬ ਦਰਵਾਜੇ ਬਾਹਰ ਨਿਕਲਿਆ; ਤਾਂ ਉਸਨੂੰ ਇੱਕ ਕੰਡਾ ਚੁਭਿਆ; ਤਬ ਓਹ ਕੱਪੜੇ ਸਾਥ ਪੈਰ ਬੰਨ ਕਰ ਆਇਆ; ਇੱਕ ਜੁੱਤੀ ਜੜੀ, ਇੱਕ ਜੁੱਤੀ ਭੈਨੀ. ਤਬ ਉਸ ਪੁੱਛਿਆ, "ਭਾਈ ਜੀ, ਜੁੱਤੀ ਜੜਾਇ ਲੇਹੁ." ਤਬ ਕਹਿਆ, "ਭਾਈ ਜੀ, ਮੈਂ ਤਾਂ ਇੱਕ ਮੁਹਰ ਲੱਧੀ ਹੈ, ਅਤੇ ਤੈਨੂੰ ਕੰਡਾ ਚੁਭਿਆ ਹੈ; ਇਹੁ ਬਾਤ ਪੂਛੀ ਚਾਹੀਐ, ਜੋ ਤੂੰ ਜਾਤਾ ਹੈਂ ਗੁਰੂ ਕੀ ਸੇਵਾ ਕਰਣ, ਅਤੇ ਮੈਂ ਜਾਂਦਾ ਹਾਂ ਪਾਪ ਕਮਾਵਣ." ਤਬ ਦੋਵੈਂ ਆਏ, ਆਇ ਕਰ ਬੇਨਤੀ ਕੀਤੀ; ਸਭ ਹਕੀਕਤ ਆਖ ਸੁਣਾਈ. ਤਬ ਗੁਰੂ ਬੋਲਿਆ,

Digitized by Panjab Digital Library | www.panjabdigilib.org

"ਚੁੱਪ ਕਰ ਰਹੁ, ਫੇਲੋ ਕਾਈ ਨਾਂਹੀਂ." ਤਾਂ ਓਨਾਂ ਆਖਿਆ, "ਜੀ, ਜਾਹਰ ਕੀਚੈ." ਤਬ ਬਾਬਾ ਬੋਲਿਆ, ਆਖਿਓਸੁ, "ਓਹ ਜੋ ਮੱਟ ਕੋਇਲਿਆਂ ਕਾ ਥਾ, ਸੋ ਸਭੇ ਮੁਹਰਾਂ ਥੀਆਂ; ਪਰ ਜਿਉਂ ਜਿਉਂ ਬਿਕਰਮਾਂ ਨੂੰ ਦੌੜਿਆ ਹੈ, ਤਿਉਂ ਤਿਉਂ ਮੁਹਰਾਂ ਤੇ ਕੋਇਲੇ ਹੋਏ ਹੈਨ. ਅਤੇ ਤੇਰੇ ਲੇਖ ਸੂਲੀ ਥੀ, ਜਿਉਂ ਜਿਉਂ ਸੇਵਾ ਨੂੰ ਆਇਆ ਹੈਂ, ਤਿਉਂ ਤਿਉਂ ਸੂਲੀ ਘਟ ਦੀ ਗਈ; ਸੂਲੀ ਕਾ ਕੀੜਾ ਹੋਇਆ ਸੇਵਾ ਕਾ ਸਦਕਾ." ਤਬ ਉਹ ਉਠ ਪੈਰੀਂ ਪਏ, ਨਾਂਉ ਧਰੀਕ ਸਿੱਖ ਹੋਏ; ਗੁਰੂ ਗੁਰੂ ਲੱਗੇ ਜਪਣ. ਤਬ ਬਾਬੇ ਸਬਦ ਬੋਲਿਆ ਰਾਗ ਮਾਰੂ ਵਿੱਚ ਮਹੱਲਾ ੧ ਘਰ ੧ :—

ਕਰਣੀ ਕਾਗਦੁ, ਮਨ ਮਸਵਾਣੀ, ਬੁਰਾ ਭਲਾ ਦੁਇ ਲੇਖ ਪਏ,
ਜਿਉਂ ਜਿਉਂ ਕਿਰਤ ਚਲਾਏ; ਤਿਉਂ ਚਲੀਐ. ਤਉ ਗੁਣ ਨਾਂਹੀ ਅੰਤੁ ਹਰੇ.
ਚਿਤ ਚੇਤਸਿ ਕੀ ਨਹਿੰ, ਬਾਵਰਿਆ?
ਹਰਿ ਬਿਸਰਤ ਤੇਰੇ ਗੁਣ ਗਲਿਆ.
ਜਾਲੀ ਰੈਨਿ, ਜਾਲੁ ਦਿਨ ਹੂਆ; ਜੇਤੀ ਘੜੀ, ਫਾਹੀ ਤੇਤੀ;
ਰਸਿ ਰਸਿ ਚੋਗ ਚੁਗਹਿੰ ਨਿਤ ਫਾਸਹਿੰ; ਛੂਟਸਿ, ਮੂੜੇ, ਕਵਨ ਗੁਣੀ?
ਕਾਂਇਆਂ ਆਰਣੁ, ਮਨ ਵਿੱਚ ਲੋਹਾ, ਪੰਚ ਅਗਨਿ ਤਿਤ ਲਾਗ ਰਹੀ;

Digitized by Panjab Digital Library | www.panjabdigilib.org

ਕੋਇਲੇ ਪਾਪ ਪੜੇ ਤਿਸ ਊਪਰ, ਮਨ ਜਲਿਆ, ਸੰਨੀ ਚਿਤ ਭਈ.
ਭਇਆ ਮਨੂਰ, ਕੰਚਨ ਫਿਰ ਹੋਵੈ ਜੇ ਗੁਰੁ ਮਿਲੈ ਤਿਨੇਹਾ,
ਏਕ ਨਾਮ ਅੰਮ੍ਰਿਤ ਓਹ ਦੇਵੈ, ਤਉ, ਨਾਨਕ, ਤ੍ਰਿਸਟਸਿ ਦੇਹਾ.

ਤਬ ਓਥਹੁੰ ਚਲਦੇ ਰਹੇ. ਬੋਲੋ ਵਾਹਗੁਰੂ!

# ਸਾਖੀ ਬਾਈਵੀਂ ਚੱਲੀ.

ਤਬ ਉਥਹੁ ਚਲੇ, ਤਾਂ ਪੈਂਡੇ ਵਿਚ ਠਗ ਮਿਲੇ. ਤਬ ਦੇਖ ਕਰ ਠੱਗਾਂ ਆਖਿਆ, "ਜਿਸ ਕੇ ਮੂੰਹ ਤੇ ਐਸੀ ਜੋਤ ਹੈ, ਸੋ ਖਾਲੀ ਨਾਂਹੀ, ਇਸ ਕੇ ਪੱਲੇ ਬਹੁਤ ਦੁਨੀਆਂ ਹੈ." ਤਬ ਬਾਬੇ ਦੇ ਚਉਫੇਰ ਆਇ ਖੜੇ ਹੋਏ. ਤਬ ਦਰਸਨ ਦੇਖਣੈ ਨਾਲ ਸਬਾਹ ਹੋਇ ਆਈ. ਤਬ ਓਹ ਆਇ ਖੜੇ ਹੋਏ; ਤਬ ਗੁਰੂ ਨਾਨਕ ਪੁੱਛਿਆ, "ਤੁਸੀਂ ਕਉਣ ਹੋ?" ਤਬ ਓਨਾਂ ਕਹਿਆ, "ਅਸੀਂ ਠਗ ਹਾਂ, ਅਰ ਤੇਰੇ ਮਾਰਣੇ ਨੂੰ ਆਏ ਹਾਂ." ਤਬ ਬਾਬੇ ਆਖਿਆ, "ਭਲਾ ਹੋਵੇ, ਇੱਕ ਕੰਮ ਕਰ ਮਾਰਹੁ." ਤਬ ਓਨਾਂ ਕਹਿਆ, "ਕੰਮ ਕੇਹਾ ਹੈ?" ਤਬ ਬਾਬੇ ਕਹਿਆ, "ਓਹ ਜੋ ਧੂੰਆਂ ਹੈ ਨਦਰ ਆਂਵਦਾ ਹੈ, ਤਹਾਂ ਤੇ ਅੱਗ ਲੈ ਆਵਹੁ; ਮਾਰ ਕਰ ਦਾਗ ਦੇਵਣਾ." ਤਬ ਠੱਗਾਂ ਆਖਿਆ, "ਕੇਹੀ ਅੱਗ, ਮਾਰ ਦੂਰ ਕਰਹੁ." ਤਬ ਇੱਕ ਨੇ ਆਖਿਆ, "ਅਸਾਂ ਬਹੁਤ ਜੀਉ ਮਾਰੇ ਹੈਨ, ਪਰ ਹੱਸ ਕਰ ਕਹਿਆ 'ਕਿਸੇ ਨਾਂਹੀਂ ਜੋ 'ਮਾਰੋ.'

Digitized by Panjab Digital Library | www.panjabdigilib.org

ਅਸਾਂਤੇ ਕਹਾਂ ਜਾਂਦਾ ਹੈ?" ਤਬ ਦੁਇ ਠੱਗ ਬਾਬੇ ਪਾਸ ਰਖਵਾਲੇ ਖੜੇ, ਅਤੇ ਦੁਇ ਵੇੜੇ ਅੱਗ ਨੂੰ. ਜੋ ਓਹ ਜਾਨ, ਤਾਂ ਅੱਗੇ ਚਿਖਾ ਪਈ ਜਲਦੀ ਹੈ; ਅਤੇ ਰਾਮਗਣ, ਅਤੇ ਜਮਗਣ ਖੜੇ ਝਗੜਦੇ ਹੈਨ. ਤਬ ਓਨਾਂ ਠੱਗਾਂ ਪੁੱਛਿਆ ਓਨਾਂ ਗਣਾਂ ਨੂੰ, "ਤੁਸੀਂ ਕਉਣ ਹੋਂ, ਅਤੇ ਕਿਉਂ ਝਗੜਦੇ ਹੋਂ?" ਤਬ ਓਨਾਂ ਕਹਿਆ, "ਅਸੀਂ ਜਮਗਣ ਹਾਂ; ਆਗਿਆ ਪਰਮੇਸਰ ਕੀ ਨਾਲ ਇਸ ਜੀਅ ਕੋ ਕੁੰਭੀ ਨਰਕ ਲੇ ਚੱਲੇ ਆਹੇ; ਅਤੇ ਏਹ ਪਿੱਛੋਂ ਰਾਮਗਣ ਆਏ ਹੈਨ, ਅਸਾਂ ਤੇ ਖੱਸ ਲੇ ਚੱਲੇ ਹੈਨ." ਤਬ ਠੱਗਾਂ ਪੁੱਛਿਆ ਓਨਾਂ ਨੂੰ, "ਤੁਸੀਂ ਕਿਉਂ ਖੱਸ ਲੇ ਚੱਲੇ ਹੋਂ ਇਨਾਂ ਪਾਸੋਂ?" ਤਬ ਰਾਮਗਣਾਂ ਆਖਿਆ, "ਇਹ ਮਹਾਂ ਪਾਪੀ ਥਾ, ਇਸ ਨੂੰ ਕੁੰਭੀ ਨਰਕ ਮੇਂ ਦੇਣਾਂ ਥਾ, ਪਰ ਜਿਸ ਗੁਰੂ ਪਰਮੇਸਰ ਨੂੰ ਤੁਮ ਮਾਰਣ ਦੇ ਫਿਕਰ ਵਿੱਚ ਹੋਂ, ਤਿਸਕੀ ਦ੍ਰਿਸਟ ਇਸਕੀ ਚਿਖਾ ਕਾ ਧੂਆਂ ਪਇਆ ਹੈ; ਤਿਸ ਕਾ ਸਦਕਾ ਵੈਕੁੰਠ ਨੂੰ ਪ੍ਰਾਪਤ ਹੋਇਆ ਹੈ." ਤਬ ਠੱਗ ਸੁਣਤੇ ਹੀ ਚਉਕੇ. ਉਨਾਂ ਆਖਿਆ, "ਜਿਸ ਕੀ ਦ੍ਰਿਸਟ ਧੂਆਂ ਪਏ ਤੇ ਮੁਕਤ ਨੂੰ ਪ੍ਰਾਪਤ

ਭਾਇਆ, ਤਿਸ ਕੇ ਮਾਰਣੇ ਨੂੰ ਅਸੀਂ ਆਏ ਹਾਂ!"
ਤਬ ਓਹ ਆਇ ਪੈਰੀਂ ਪਏ. ਅਗਲਿਆਂ ਪੁੱਛਿ-
ਆ, "ਇਹ ਕਿਆ ਹੂਆ ਹੈ, ਜੋ ਆਇ ਕੈ ਪੈਰੀਂ ਪਏ
ਤੁਸੀਂ?" ਓਨਾਂ ਸਭ ਬਾਤ ਕਹਿ ਸੁਣਾਈ. "ਏਹ
ਮਹਾਂ ਪੁਰਖ ਹੈ." ਤਬ ਓਹ ਭੀ ਆਇ ਪੈਰੀਂ ਪਏ;
ਹੱਥ ਜੋੜ ਖੜੇ ਹੋਏ; ਲੱਗੇ ਬੇਨਤੀ ਕਰਣ:
ਆਖਿਓਨ, "ਜੀ, ਅਸਾਂ ਨੂੰ ਨਾਂਉ ਧਰੀਕ ਸਿੱਖ
ਕਰੀਏ; ਅਸਾੜੇ ਪਾਪ ਬਿਨਾਸ ਕਰ; ਅਸਾਂ
ਮਹਾਂ ਘੋਰ ਪਾਪ ਕਮਾਏ ਹੈਨ." ਤਬ ਗੁਰੂ ਬਾਬਾ
ਮਿਹਰਵਾਨ ਹੋਇਆ, ਆਖਿਓਸ, "ਤੁਸਾੜੇ
ਪਾਪ ਤਬ ਹੀ ਬਿਨਾਸ ਹੋਵਨ, ਜੇ ਤੁਸੀਂ ਏਹੁ
ਕਿਰਤ ਛੋਡੋ, ਅਤੇ ਕਿਰਸਾਣੀ ਕਰਹੁ, ਅਤੇ ਜੋ
ਕੁਛ ਵਸਤੂ ਰਹਿੰਦੀਆਂ ਹੈ, ਸੋ ਪਰਮੇਸਰ ਕੇ
ਨਾਂਇ ਦੇਹੁ; ਅਤੀਤਾਂ ਅਤੇ ਭਗਤਾਂ ਦੇ ਮੂੰਹ ਪਾ-
ਵਹੁ." ਤਬ ਓਨਾਂ ਆਗਿਆ ਮੰਨ ਲੀਤੀ, ਜੋ
ਕਿਛ ਵਸਤੂ ਥੀਆ, ਸੋ ਆਨ ਅੱਗੇ ਰੱਖੀਆ.
ਗੁਰੂ ਗੁਰੂ ਲੱਗੇ ਕਰਣ, ਜਨਮ ਸਵਾਰਿਆ. ਤਬ
ਬਾਬਾ ਜੀ ਬੋਲਿਆ, ਸਬਦ ਸਿਰੀ ਰਾਗ ਵਿੱਚ

ਮਹੱਲਾ ੧ :—

ਲੱਬ ਕੁੱਤਾ, ਕੂੜ ਚੂਹੜਾ, ਠੱਗ ਖਾਧਾ ਮੁਰਦਾਰ;
ਪਰ ਨਿੰਦਾ ਪਰਮਲ, ਮੁਖ ਸੁੱਧੀ, ਅਗਨਿ ਕ੍ਰੋਧ ਚੰਡਾਲ;
ਰਸ ਕਸ, ਆਪ ਸਲਾਹਣਾਂ, ਏ ਕਰਮ ਮੇਰੇ, ਕਰਤਾਰ.
ਬਾਬਾ, ਬੋਲੀਐ ਪਤ ਹੋਇ?
ਉੱਤਮ ਸੇ ਦਰ ਉੱਤਮ ਕਹੀਐ; ਨੀਚ ਕਰਮ ਬਹਿ ਰੋਇ.
ਰਸ ਸੁਇਨਾ, ਰਸ ਰੁੱਪਾ, ਕਾਮਣ, ਰਸ ਪਰਮਲ ਕੀ ਵਾਸ;
ਰਸ ਘੋੜੇ, ਰਸ ਸੇਜਾ, ਮੰਦਰ, ਰਸ ਮੀਠਾ, ਰਸ ਮਾਸ.
ਏਤੇ ਰਸ ਸਰੀਰ ਕੇ; ਕੈ ਘਟ ਨਾਮ ਨਿਵਾਸ?
ਜਿਤ ਬੋਲਿਐ ਪਤ ਪਾਈਐ, ਸੋ ਬੋਲਿਆ ਪਰਵਾਣ.
ਫਿੱਕਾ ਬੋਲ ਵਿਗੁੱਚਣਾਂ; ਸੁਣ ਮੂਰਖ, ਮਨ, ਅਜਾਣ.
ਜੋ ਤਿਸ ਭਾਵਹਿ, ਸੇ ਭਲੇ; ਹੋਰ ਕਿ ਕਹਿਣ ਵਖਾਣ?
ਤਿਨ ਮਤ, ਤਿਨ ਪਤ, ਤਿਨ ਧਨ ਪਲੈ, ਜਿਨ ਹਿਰਦੇ ਰਹਿਆ ਸਮਾਇ.
ਤਿਨ ਕਾ ਕਿਆ ਸਾਲਾਹਣਾਂ; ਅਵਰ ਸੁਆਲਿਉ ਕਾਇ?
ਨਾਨਕ, ਨਦਰੀ ਬਾਹਰੇ ਰਾਚਹਿੰ ਦਾਨ ਨ ਨਾਇ.

ਸਲੋਕ :—

ਬਲਦ ਮਸਾਇਕ ਹਾਲੀ ਸੇਖ,
ਧਰਤਿ ਕਤੇਬਾ, ਫੜੀ ਲੇਖ;
ਰੋਟੀ ਕਾ ਪਰਸੇਉ ਅੱੜੀ ਜਾਇ,
ਤਾਂ ਕਾ ਖੱਟਿਆ ਸਭ ਕੋ ਖਾਇ.
ਘਾਲ ਖੱਟ ਕਿਛ ਹੱਥੋਂ ਦੇਇ,
ਨਾਨਕ ਰਾਹ ਪਛਾਣੇ ਸੇਇ.

ਤਾਂ ਗੁਰੂ ਦੀ ਖੁਸ਼ੀ ਹੋਈ. ਓਥੋਂ ਰਉਂਦੇ ਰਹੇ. ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

# ਸਾਖੀ ਤੇਈਵੀਂ ਚੱਲੀ.

ਤਬ ਬਾਬਾ ਜੀ ਕਾਵਰੂ ਦੇਸ ਜਾਇ ਨਿੱਕਲੇ. ਤਬ ਇਕ ਦਿਨ ਮਰਦਾਨੇ ਨੂੰ ਭੁੱਖ ਲੱਗੀ; ਤਾਂ ਮਰਦਾਨੇ ਕਹਿਆ, "ਜੀ ਪਾਤਸਾਹ! ਹੁਕਮ ਹੋਵੈ, ਤਾਂ ਸ਼ਹਿਰ ਵਿੱਚ ਜਾਂਈਂ?" ਤਬ ਬਾਬੇ ਕਹਿਆ, "ਮਰਦਾਨਿਆਂ ਏਹ ਕਾਵਰੂ ਦੇਸ ਹੈ; ਤ੍ਰਿਆ ਰਾਜ ਹੈ. ਤੂੰ ਜਾਣਾ ਹੈ, ਤਾਂ ਜਾਹ." ਤਬ ਮਰਦਾਨਾ ਉੱਠ ਗਇਆ; ਜਾਇ ਇੱਕ ਤ੍ਰੀਮਤ ਦੇ ਦਰ ਖੜਾ ਹੋਇਆ. ਉਸ ਬੁਲਾਇ ਪੁੱਛਿਓਸ; ਖਾਣੇ ਨੂੰ ਲੱਗਾ ਮੰਗਣ. ਤਬ ਉਸ ਤ੍ਰੀਮਤ ਅੰਦਰ ਬੁਲਾਇਆ. ਜਬ ਅੰਦਰ ਗਇਆ, ਤਬ ਧਾਗਾ ਬੰਨ ਕੇ ਮੇਢਾ ਕਰ ਬੈਠਾਇਆ. ਤਬ ਕਿੱਲੇ ਨਾਲ ਬੰਨ ਕਰ ਪਾਂਣੀ ਨੂੰ ਗਈ. ਤਬ ਬਾਬਾ ਅੰਤਰ ਧਿਆਨ ਕਰਕੈ ਵੇਖੈ, ਤਾਂ ਮਰਦਾਨਾ ਮੇਢਾ ਹੋਇਆ ਹੈ; ਤਬ ਬਾਬਾ ਆਇਆ. ਬਾਬੇ ਵੱਲੋਂ ਵੇਖ ਕਰ ਲੱਗਾ ਮਿਆਂਕਣ. ਤਬ ਓਹ ਘੜਾ ਲੈ ਕਰ ਆਈ. ਤਬ ਗੁਰੂ ਪੁੱਛਿਆ, ਜੋ "ਅਸਾਡਾ ਆਦਮੀ

Digitized by Panjab Digital Library | www.panjabdigilib.org

ਇੱਥੇ ਆਇਆ ਆਹਾ?" ਤਬ ਓਨ ਆਖਿਆ, "ਵੇਖ ਲੈ ਜਾਇ." ਤਬ ਬਾਬਾ ਬੋਲਿਆ ਸਲੋਕ :–

ਕੱਲਰ ਕੀਆਂ ਵਣਜਾਰੀਆਂ, ਝੂੰਗੇ ਮੁਸਕ ਮੰਗੇਨ;
ਅਮਲਾਂ ਬਾਝੋਂ, ਨਾਨਕਾ, ਕਿਤਕਰ ਖਸਮ ਮਿਲੇਨ?

ਤਬ ਉਸ ਕੈ ਸਿਰ ਉੱਪਰ ਘੜਾ ਲਗ ਰਹਿਆ; ਉੱਤਰੈ ਨਾਂਹੀ; ਕੂਕਦਾ ਸਦਕਾ ਲਈ ਫਿਰੈ.

ਤਬ ਨੂਰਸ਼ਾਹ ਨੂੰ ਖਬਰ ਹੋਈ, ਇਕ ਇਸਤ੍ਰੀ ਆਈ ਹੈ ਜੋ ਉਸਦੇ ਸਿਰ ਉੱਪਰਹੁੰ ਘੜਾ ਨਾਂਹੀ ਉੱਤਰਦਾ. ਤਾਂ ਉਸ ਹੁਕਮ ਕੀਤਾ, "ਜੋ ਕੋਈ ਮੰਤ੍ਰਵਾਨ ਹੈ, ਰਹੈ ਨਾਂਹੀ." ਤਬ ਜਹਾਂ ਤਾਂਈ ਮੰਤ੍ਰਵਾਨ ਥੇ, ਸੋ ਸਭ ਆਏ; ਆਪੋ ਆਪਣੀ ਵਿੱਦਿਆ ਲੈ ਆਏ. ਕੋਈ ਦਰਖਤਾਂ ਉੱਪਰ ਚੜ੍ਹ ਆਇਆ, ਕੋਈ ਢੋਲ ਵਜਾਂਇਦੇ ਆਏ. ਤਬ ਆਇ ਕੈ ਲੱਗੀਆਂ ਕਾਮਣ ਕਰਣ. ਧਾਗਾ ਬੰਨ ਬੰਨ ਕਰ ਥੱਕੇ ਲੱਗੇ ਕੋਈ ਨਾਂਹੀਂ.

ਤਬ ਬਾਬੇ ਮਰਦਾਨੇ ਵੱਲ ਦੇਖਿਆ, ਤਬ ਮਰਦਾਨਾ ਲੱਗਾ ਮਿਆਂਕਣ; ਤਬ ਗੁਰੂ ਹਸਿਆ, ਆਖਿਓਸ, "ਮਰਦਾਨਿਆਂ ਵਾਹ ਗੁਰੂ ਕਹਿ ਕਰ ਮੱਥਾ ਟੇਕ, ਰਬਾਬ ਲੈਕਰ ਆਉ." ਤਬ ਮਰਦਾਨੇ ਮੱਥਾ

ਟੇਕਿਆ, ਗਲਹੁੰ ਧਾਗਾ ਟੁੱਟ ਪਇਆ, ਮਰਦਾਨਾਂ
ਰਬਾਬ ਲੈਕਰ ਆਇਆ. ਤਬ ਬਾਬੇ ਆਖਿਆ,
"ਮਰਦਾਨਿਆਂ, ਰਬਾਬ ਵਜਾਇ." ਤਬ ਮਰਦਾਨੇ
ਰਬਾਬ ਵਜਾਇਆ. ਬਾਬੇ ਸਬਦ ਕੀਤਾ ਰਾਗ
ਵਡਹੰਸ ਵਿੱਚ ਮਹੱਲਾ ੧ :—

ਗੁਣਵੰਤੀ ਸਹੁ ਰਾਵਿਆ; ਨਿਰਗੁਣ ਕੂਕੇ ਕਾਇ?
ਜੇ ਗੁਣਵੰਤੀ ਥੀ ਰਹੈ, ਤਾਂ ਭੀ ਸਹੁ ਰਾਂਵਣ ਜਾਇ.
ਮੇਰਾ ਕੰਤ ਰੀਸਾਲੂ; ਕੀ ਧਨ ਅਵਰਾਂ ਰਾਵੇ, ਜੀ?
ਕਰਣੀ ਕਾਂਮਣ ਜੇ ਥੀਐ, ਜੇ ਮਨ ਧਾਗਾ ਹੋਇ,
ਮਾਣਕ ਮੁੱਲ ਨਾ ਪਾਈਐ ਲੀਜੈ ਚਿੱਤ ਪਰੋਇ.
ਰਾਹ ਦਸਾਂਈ, ਨਾਂ ਜੁਲਾਂ; ਆਖਾਂ ਅਮਿੜੀਆਸ;
ਤੈਂ ਸਹਿ ਨਾਲ ਅਕੂਅਣਾਂ; ਕਿਉ ਥੀਵੈ ਘਰ ਵਾਸ?
ਨਾਨਕ, ਏਕੀ ਬਾਹਰਾ ਦੂਜਾ ਨਾਂਹੀ ਕੋਇ.
ਤੈਂ ਸਹੁ, ਲੱਗੀ ਜੇ ਰਹੈ, ਭੀ ਸਹੁ ਰਾਵੈ ਸੋਇ.

ਤਬ ਕਿਛ ਹੋਇ ਆਵੇ ਨਹੀ. ਤਬ ਨੂਰਸਾਹ ਕੋ
ਖਬਰ ਹੋਈ, ਜੋ ਮੰਤ੍ਰ ਕਿਛ ਨਾਂਹੀ ਚਲਦਾ. ਤਬ
ਨੂਰਸਾਹ ਸਭਨਾਂ ਕੀ ਸਿਰਦਾਰ ਥੀ. ਤਾਂ ਖਾਸੀਆਂ
ਸਹੇਲੀਆਂ ਅਸਿਖ ਅਤੰਬਰ ਕਾਗਦੇ ਕਰਕੇ ਆਂਈ-
ਆਂ; ਆਇਕਰ ਲੱਗੀਆਂ ਮੰਤ੍ਰ ਜੋਰ ਕਰਣ. ਤਬ
ਗੁਰੂ ਬੋਲਿਆ ਸਬਦ ਰਾਗ ਸੂਹੀ ਵਿੱਚ ਮਹੱਲਾ ੧

Digitized by Panjab Digital Library | www.panjabdigilib.org

ਕੁਚੱਜੀ :—

ਮੰਦ ਕੁਚੱਜੀ, ਅਮਾਵਣ ਡੋਸੜੇ; ਹਉ ਕਿਉਂ ਸਹੁ ਰਾਵਣ
ਜਾਂਉ, ਜੀਉ?
ਇੱਕ ਦੂ ਇੱਕ ਚੜ੍ਹੰਦੀਆਂ, ਕਉਣ ਜਾਂਣੈ ਮੇਰਾ ਨਾਂਉ, ਜੀਉ?
ਜਿਨੀ ਸਖੀ ਸਹੁ ਰਾਵਿਆ, ਸੇ ਅੰਬੀ ਛਾਵੜੀਏਹ ਜੀਉ.
ਸੇ ਗੁਣ ਮੰਞੁ ਨ ਆਵਨੀ; ਹਉ ਕੈਜੀ ਦੋਸ ਧਰੇਉ ਜੀਉ?
ਕਿਆ ਗੁਣ ਤੇਰੇ ਵਿੱਥਰਾਂ? ਹਉ ਕਿਆ ਕਿਆ ਘਿਨਾ ਤੇਰਾ
ਨਾਂਉ, ਜੀਉ?
ਇੱਕਤ ਟੋਲ ਨ ਅੰਬੜਾਂ; ਹਉ ਸਦ ਕੁਰਬਾਣੈ ਤੇਰੇ ਜਾਂਉ, ਜੀਉ.
ਸੁਇਨਾ, ਰੁੱਪਾ ਰੰਗੁਲਾ, ਮੋਤੀ, ਤੈ ਮਾਣਿਕ, ਜੀਉ,
ਸੇ ਵਸਤੂ ਸਹਿ ਦਿੱਤੀਆਂ; ਮੈ ਤਿਨ ਸਿਉਂ ਲਾਇਆ ਚਿੱਤੁ, ਜੀਉ.
ਮੰਦਰ ਮਿਟੀ ਸੰਦੜੇ, ਪੱਥਰ ਕੀਤੇ ਰਾਸ, ਜੀਉ,
ਹਉ ਏਨੀ ਟੋਲੀਂ ਭੁੱਲੀਅਸ; ਤਿਸ ਕੰਤ ਨ ਬੈਠੀ ਪਾਸ, ਜੀਉ.
ਅੰਬਰ ਕੂੰਜਾਂ ਕੁਰਲੀਆਂ, ਬੱਗ ਬਹਿਠੇ ਆਇ ਜੀਉ.
ਸਾ ਧਨ ਚੱਲੀ ਸਾਹੁਰੇ; ਕਿਆ ਮੁੰਹ ਦੇਸੀ ਅੱਗੈ ਜਾਇ, ਜੀਉ?
ਸੁੱਤੀ ਸੁੱਤੀ ਝਾਲੁ ਥੀਆ, ਭੁੱਲੀ ਵਾਟੜੀਆਸ, ਜੀਉ.
ਤੈਂ ਸਹਿ ਨਾਲੋਂ ਮੁੱਤੀਅਸ, ਦੁੱਖਾਂ ਕੂੰ ਧਰੀਆਸ, ਜੀਉ.
ਤੁਧ ਗੁਣ, ਮੈਂ ਸਭ ਅਵਗੁਣਾ; ਇਕ ਨਾਨਕ ਕੀ ਅਰਦਾਸ, ਜੀਉ.
ਸਭ ਰਾਤੀਂ ਸੋਹਾਗਣੀ, ਮੈ ਡੋਹਾਗਣ ਕਾਈ ਰਾਤ, ਜੀਉ?

ਤਬ ਨੂਰਸਾਹ ਭੀ ਮੰਤ੍ਰ ਕਰ ਥਕੀ, ਕਿਛ ਹੋਵੈ ਨਾਂਹੀ; ਹੁਕਮ ਕੀਤੋਸ, ਜੋ ਗੁਨਾਹੁ ਪਾਇਆ. ਮੁਹਤੁ ਲੈ ਕਰ ਰਹੀ; ਫੇਲਕੀਆਂ ਭੀ ਖੜੀਆਂ ਹੋਈਆਂ. ਲੱਗੀਆਂ ਨੱਚਣ ਗਾਂਵਣ. ਤਬ ਬਾਬੇ ਆਖਿਆ,

Digitized by Panjab Digital Library | www.panjabdigilib.org

"ਮਰਦਾਨਿਆਂ, ਰਬਾਬ ਵਜਾਇ." ਤਬ ਮਰਦਾਨੇ ਰਬਾਬ ਵਜਾਇਆ. ਬਾਬੇ ਸਬਦ ਉਠਾਇਆ ਰਾਗ ਆਸਾ ਵਿੱਚ ਮਹੱਲਾ ੧ ਘਰ ੧ :—

ਤਾਲ ਮਦੀਰੇ ਘਟ ਕੇ ਘਾਟ;
ਦੋ ਲਖ ਦੁਨੀਆਂ ਵਾਜੇ ਬਾਟ.
ਨਾਰਦ ਨਾਚੈ ਕਾਲਿ ਕਾ ਭਾਉ;
ਜਤੀ ਸਤੀ ਕਹਿ ਰਾਖਹਿ ਪਾਉ.
ਨਾਨਕ, ਨਾਮ ਵਿਟਹੁ ਕੁਰਬਾਂਣ.
ਅੰਧੀ ਦੁਨੀਆਂ, ਸਾਹਿਬ ਜਾਂਣ.
ਗੁਰ ਪਾਸਹੁ ਫਿਰ ਚੇਲਾ ਖਾਇ,
ਤਾਮਿ ਪਰੀਤਿ ਵਸੈ ਘਰ ਆਇ.
ਜੇ ਸਉ ਵਰਿਆਂ ਜੀਵਣ ਖਾਂਣ,
ਖਸਮ ਪਛਾਣੈ ਸੋ ਦਿਨ ਪਰਵਾਂਣ.
ਦਰਸਨ ਦੇਖਿਐ ਦਇਆ ਨ ਹੋਇ.
ਲਏ ਦਿਤੇ ਬਿਨ ਰਹੈ ਨ ਕੋਇ;
ਰਾਜਾ ਨਿਆਂਉ ਕਰੇ ਹੱਥ ਹੋਇ.
ਕਹੈ ਖੁਦਾਇ, ਨ ਮਾਨੈ ਕੋਇ.
ਮਾਨਸ ਮੂਰਤਿ, ਨਾਨਕ ਨਾਮ.
ਕਰਣੀ ਕੁੱਤਾ, ਦਰ ਪਰਵਾਣ.
ਗੁਰ ਪਰਸਾਦ ਜਾਣੈ ਮਿਹਮਾਣ,
ਤਾਂ ਕਿਛ ਦਰਗਹਿ ਪਾਵੈ ਮਾਂਣ.

ਤਦ ਗੁਰੂ ਬਾਬੇ ਸਲੋਕ ਦਿੱਤਾ :—

ਗੱਲੀ ਅਸੀਂ ਚੰਗੇਰੀਆਂ, ਆਚਾਰੀਂ ਬੁਰੀਆਂਹ.

ਮਨਹੁ ਕੁਸੁੱਧਾਂ, ਕਾਲੀਆਂ, ਬਾਹਰ ਚਿੱਟਵੀਆਂਹ;
ਰੀਸਾਂ ਕਰਹਿੰ ਤਿਨਾਂੜੀਆਂ ਜੋ ਸੇਵਨ ਦਰ ਖੜੀਆਂਹ.
ਨਾਲ ਖਸੰਮੈ ਰੱਤੀਆਂ, ਮਾਂਣਹਿ ਸੁਖ ਰਲੀਆਂਹ.
ਹੋਂਦੇ ਤਾਂਨ ਨਿਤਾਣੀਆਂ, ਰਹਿਣ ਨਿਮਾਨੜੀਆਂਹ,
ਨਾਨਕ, ਜਨਮ ਸਕਾਰਥਾ, ਜੇ ਤਿਨ ਕੇ ਸੰਗ ਮਿਲਾਂਹ.

ਤਬ ਗੁਰੂ ਏਹ ਸਲੋਕ ਬੋਲਿਆ; ਤਬ ਨੂਰਸਾਹ ਕਹਿਆ ਜੋ ਮਾਇਆ ਨਾਲ ਮੋਹੇਂ. ਤਬ ਅਨਕ ਪ੍ਰਕਾਰ ਕੀ ਮਾਇਆ ਲੈ ਲੈ ਆਈਆਂ-ਮੋਤੀ, ਹੀਰੇ, ਜਵੇਹਰ, ਸੁਇਨਾਂ, ਰੁੱਪਾ, ਗੁਲੀਆਂ, ਕਪੂਰ, ਕੱਪੜੇ ਜੋ ਕਿਛ ਭਲੀਆਂ ਵਸਤੂ ਥੀਆਂ, ਸੋ ਆਣ ਅੱਗੈ ਰੱਖੀਆਂ; ਬੇਨਤੀ ਲੱਗੀ ਕਰਣ, "ਜੀ, ਕਿਛ ਤੁਮ ਲੇਹਿ." ਤਬ ਗੁਰੂ ਬਾਬੇ ਆਖਿਆ, "ਮਰਦਾਨਿਆਂ, ਰਬਾਬ ਵਜਾਇ." ਤਬ ਮਰਦਾਨੇ ਰਬਾਬ ਵਜਾਇਆ. ਰਾਗ ਤਿਲੰਗ ਕੀਤਾ ਮਹਲਾ ੧ ਘਰ ੩ :—

ਇਆਨੜੀਏ, ਮਾਨੜਾ ਕਾਇ ਕਰੇਂਹ?
ਆਪਨੜੈ ਘਰ ਹਰਿ ਰੰਗੋ ਕੀ ਨ ਮਾਂਣੇਹ?
ਸਹੁ ਨੇੜੈ, ਧਨ ਕੰਮਲੀਏ, ਬਾਹਰ ਕਿਆ ਢੂੰਢੇਂਹ?
ਭੈ ਕੀਆਂ ਦੇਹ ਸਲਾਈਆਂ, ਨੈਣੀ ਭਾਵ ਕਾ ਕਰ ਸੀਂਗਾਰੋ,
ਤਾਂ ਸੋਹਾਗਣ ਜਾਣੀਐ ਲਾਗੀ, ਜਾਂ ਸਹੁ ਧਰੇ ਪਿਆਰੋ.

Digitized by Panjab Digital Library | www.panjabdigilib.org

ਇਆਣੀ ਬਾਲੀ ਕਿਆ ਕਰੇ, ਜਾਂ ਧਨ ਕੰਤ ਨ ਭਾਵੈ ?
ਕਰਣ ਪਲਾਹ ਕਰੇ ਬਹੁਤੇਰੇ, ਸਾ ਧਨ ਮਹਿਲ ਨ ਪਾਵੈ.
ਵਿਣ ਕਰਮਾ ਕਿਛ ਪਾਈਐ ਨਾਹੀ, ਜੇ ਬਹੁਤੇਰਾ ਧਾਵੈ.
ਲੱਬ ਲੋਭ ਅਹਿੰਕਾਰ ਕੀ ਮਾਤੀ ਮਾਇਆ ਮਾਂਹਿ ਸਮਾਣੀ;
ਇਨੀਂ ਬਾਤੀ ਸਹੁ ਪਾਈਐ ਨਾਂਹੀਂ, ਭਈ ਕਾਮਣ ਇਆਣੀ.
ਜਾਇ ਪੁੱਛਹੁ ਸੁਹਾਗਣੀ, ਵਾਹੈ ਕਿੰਨੀ ਬਾਤੀਂ ਸਹੁ ਪਾਈਐ:
"ਜੋ ਕਿਛ ਕਰੇ, ਸੋ ਭਲਾ ਕਰ ਮਾਨੀਐ; ਹਿਕਮਤ ਹੁਕਮ
ਚੁਕਾਈਐ.
ਜਾਂ ਕੈ ਪ੍ਰੇਮ ਪਦਾਰਥ ਪਾਈਐ, ਤਉ ਚਰਨੀ ਚਿਤ ਲਾਈਐ,
ਸਹੁ ਕਹੈ ਸੁ ਕੀਜੈ, ਤਨ ਮਨ ਦੀਜੈ, ਐਸਾ ਪਰਮਲ ਲਾਈਐ."
ਏਵ ਕਹਹਿ ਸੋਹਾਗਣੀ, "ਭੈਣੇ, ਇਨੀਂ ਬਾਤੀਂ ਸਹੁ ਪਾਈਐ."
ਆਪ ਗਵਾਈਐ ਤਾਂ ਸਹੁ ਪਾਈਐ, ਔਰ ਕੈਸੀ ਚਤੁਰਾਈ?
ਸਹੁ ਨਦਰ ਕਰ ਦੇਖੈ, ਸੋ ਦਿਨ ਲੇਖੈ; ਕਾਮਣ ਨਉ ਨਿਧ ਪਾਈ,
ਆਪਣੇ ਕੰਤ ਪਿਆਰੀ ਸਾ ਸੋਹਾਗਣਿ, ਨਾਨਕ, ਸਾ ਸਭ ਰਾਈ;
ਐਸੇ ਰੰਗ ਰਾਤੀ ਸਹਿਜ ਕੀ ਮਾਤੀ, ਅਹਿ ਨਿਸ ਭਾਇ ਸਮਾਣੀ,
ਸੁੰਦਰ ਸਾਇ, ਸਰੂਪ ਬਿਚੱਖਣ, ਕਹੀਐ ਸਾਇ ਸਿਆਣੀ.

ਤਬ ਗੁਰੂ ਕੀ ਪੈਰੀ ਆਇ ਪਈਆਂ, ਗਲ ਵਿੱਚ ਪੱਲਾ ਪਾਇ ਕਰ ਖੜੀਆਂ ਹੋਇ ਰਹੀਆਂ; ਆਖਣ ਲੱਗੀਆਂ, "ਜੀ, ਅਸਾਡੀ ਗਤ ਕਿਉਂ ਕਰ ਹੋਵੈ, ਅਤੇ ਇਸ ਕੇ ਸਿਰਹੁੰ ਘੜਾ ਕਿਉਂ ਕਰ ਉੱਤਰੈ?" ਤਬ ਬਾਬੇ ਆਖਿਆ, "ਵਾਹਗੁਰੂ ਕਹਿ ਕੈ ਇਸ ਦੇ ਸਿਰਹੁੰ ਘੜਾ ਉਤਾਰਹੁ, ਅਤੇ

ਤੁਸਾਡੀ ਗਤਿ ਹੋਵੈਗੀ ਤੁਸੀਂ ਗੁਰੂ ਗੁਰੂ ਜਪਹੁ." ਤਬ ਓਹ ਆਇ ਪੈਰੀਂ ਪਈਆਂ; ਨਾਉ ਧਰੀਕ ਸਿੱਖਣੀਆਂ ਹੋਈਆਂ. ਤਾਂ ਓਨਾਂ ਅੰਤਰ ਧਿਆਨ ਧਰਕੈ ਅਰਦਾਸ ਕੀਤੀ, "ਜੀ ਪਾਤਸਾਹ! ਅਸੀਂ ਮਰਦਾਂ ਦੇ ਵਾਸਤੇ ਬਹੁਤ ਦੁਖੀ ਹੋਈਆਂ ਹਾਂ. ਜੀ. ਪਾਤਸਾਹ! ਤੂੰ ਗੁਰੂ ਹੈਂ, ਤੇਰੇ ਅੱਗੇ ਅਰਦਾਸ ਕੀਤੀ ਹੈ. ਅਸਾਂ ਨੂੰ ਸਾਂਤਿ ਬਖਸੀਐ." ਤਾਂ ਗੁਰੂ ਨਾਨਕ ਜੀ ਮਿਹਰਵਾਨ ਹੋਇਆ, ਅਤੇ ਕਹਿਆ, "ਤੁੱਸਾਂ ਨੂੰ ਗੁਰੂ ਬਾ-ਬਾ ਸਾਂਤਿ ਦੇਵੈਗਾ. ਗੁਰੂ ਗੁਰੂ ਤੁਸਾਂ ਜਪਣੇ." ਉਹ ਲੱਗੀਆਂ ਗੁਰੂ ਗੁਰੂ ਜਪਣ. ਤਾਂ ਉੱਥਹੁ ਬਾਬਾ ਜੀ ਰਉਂਦੇ ਰਹੇ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਚਉਵੀਵੀਂ ਚੱਲੀ.

ਤਬ ਬਾਬਾ ਉਥਹੁੰ ਰਉਂਦਾ ਰਹਿਆ. ਜਾਂਦਾ ਜਾਂਦਾ ਉੱਦਿਆਨ ਵਿੱਚ ਜਾਇ ਨਿਕਲਿਆ. ਤਬ ਪਰਮੇਸਰ ਕੀ ਆਗਿਆ ਨਾਲ ਕਲਿਜੁਗ ਛਲਣ ਕਉ ਆਇਆ; ਆਇ ਰੂਪ ਧਾਰਿਓਸ. ਤਬ ਬਾਬਾ ਦੇਖੈ, ਤਾਂ ਅੰਧੇਰੀ ਬਹੁਤ ਆਈ, ਲੱਗੇ ਦਰਖਤ ਉੱਡਣੇ. ਤਬ ਮਰਦਾਨਾਂ ਬਹੁਤ ਭੈਮਾਨ ਹੋਇਆ, ਆਖਿਓਸੁ, "ਜੀ, ਤੈਂ ਆਣ ਉਜਾੜੀ ਵਿੱਚ ਪਾਇ ਮਾਰੇ; ਗੋਰ ਖੱਫਣਹੁ ਭੀ ਗਏ." ਤਬ ਗੁਰੂ ਕਹਿਆ, "ਮਰਦਾਨਿਆਂ, ਕਾਹਲਾ ਹੋਹੁ ਨਾਂਹੀ." ਤਬ ਮਰਦਾਨੇ ਆਖਿਆ, "ਅੱਜ ਤੇਰੀ ਏਡਾ ਹੋਆ ਆਹਾ, ਏਹ ਬਲਾਇ ਨਾਂਹੀ ਡਿੱਠੀ. ਸੋ ਇਹੁ ਕਿਆ ਆਇਆ ਹੈ ਅਸਾਡੇ ਜੀਅ ਨੂੰ?" ਤਬ ਅਗਨਿ ਕਾ ਸਰੂਪ ਵਿਖਾਲਿਆ, ਜੋ ਧੂਆਂ ਚਉਹਾਂ ਧਿਰਾਂ ਤੇ ਉੱਠਿਆ; ਚਾਰੇ ਕੂੰਟਾਂ ਅਗਨਿ ਹੋਇ ਗਈ. ਤਬ ਮਰਦਾਨਾਂ ਮੂੰਹ ਢੱਕ ਕੇ ਪੈ ਰਹਿਆ, ਆਖਿਓਸੁ, "ਜੀਵਣੇ ਰਹੇ ਹਾਂ." ਤਬ ਫੇਰ ਪਾਣੀ ਕਾ ਰੂਪ ਹੋਇਆ,

Digitized by Panjab Digital Library | www.panjabdigilib.org

ਘਟਾ ਬੰਧ ਆਇਆ; ਤਬ ਲੱਗਾ ਬਰਸਣ, ਪਰ ਬਾਬੇ ਤੇ ਦੂਰ ਵਰਸੇ. ਤਬ ਗੁਰੂ ਬਾਬੇ ਆਖਿਆ, "ਮਰਦਾਨਿਆ, ਮੁੰਹ ਉਘਾੜ ਕੈ ਉਠ ਬੈਠ, ਰਬਾਬ ਵਜਾਇ." ਤਬ ਮਰਦਾਨਾ ਉਠ ਬੈਠਾ, ਰਬਾਬ ਵਜਾਇਆਸੁ. ਬਾਬੇ ਸਬਦ ਉਠਾਇਆ ਰਾਗ ਮਾਰੂ ਵਿਚ ਮਹਲਾ ੧ ਘਰ ੨ :—

ਡਰਪੈ ਧਰਤਿ, ਅਕਾਸੁ, ਨਖੱਤ੍ਰਾ, ਸਿਰ ਊਪਰਿ ਅਮਰੁ ਕਰਾਰਾ.
ਪਉਣੁ, ਪਾਣੀ, ਬੈਸੰਤਰ ਡਰਪੈ, ਡਰਪੈ ਇੰਦ੍ਰੁ ਬਿਚਾਰਾ.
ਏਕਾ ਨਿਰਭਉ ਬਾਤ ਸੁਨੀ.
ਸੋ ਸੁਖੀਆ, ਸੋ ਸਦਾ ਸੁਹੇਲਾ, ਜੋ ਗੁਰੁ ਮਿਲਿ ਗਾਇ ਗੁਨੀ.
ਦੇਹਧਾਰ ਅਰ ਦੇਵਾ ਡਰਪਹਿਂ; ਸਿੱਧ ਸਾਧਿਕ ਡਰਿ ਮੋਇਆ;
ਲੱਖ ਚਉਰਾਸੀ ਮਰਿ ਮਰਿ ਜਨਮੇ, ਫਿਰ ਫਿਰ ਜੋਨੀ ਜੋਇਆ.
ਰਾਜਸ, ਸਾਤਕ, ਤਾਂਮਸ ਡਰਪਹਿਂ; ਕੇਤੇ ਰੂਪ ਉਪਾਇਆ!
ਛਲ ਬਪੁਰੀ ਇਹ ਕਉਲਾ ਡਰਪੈ, ਅਤਿ ਡਰਪੈ ਧਰਮਰਾਇਆ.
ਸਗਲ ਸਮੱਗ੍ਰੀ ਡਰਹਿ ਬਿਆਪੀ, ਬਿਨ ਡਰ ਕਰਣੈਹਾਰਾ.
ਕਹੁ ਨਾਨਕ, ਭਗਤਨ ਕਾ ਸੰਗੀ, ਭਗਤ ਸੋਹਹਿਂ ਦਰਬਾਰਾ!

ਤਬ ਦੈਂਤ ਕਾ ਰੂਪ ਧਾਰ ਆਇਆ. ਚੋਟੀ ਅਸਮਾਨ ਨਾਲ ਕੀਤੀਆਸੁ. ਜਿਉਂ ਜਿਉਂ ਨੇੜੈ ਆਵੇ, ਤਿਉਂ ਤਿਉਂ ਘਟਦਾ ਜਾਵੇ, ਤਬ ਮਨੁੱਖ ਕਾ ਸਰੂਪ ਕਰ ਕੇ ਆਇਆ; ਹਥ ਜੋੜ ਆਇ ਖੜਾ

Digitized by Panjab Digital Library | www.panjabdigilib.org

ਹੋਇਆ. ਤਬ ਬਾਬੇ ਪੁੱਛਿਆ, "ਭਾਈ, ਤੂੰ ਕੌਣ ਹੈਂ?"
ਤਬ ਉਨ ਆਖਿਆ, "ਜੀ, ਮੈਨੂੰ ਤੂੰ ਨਾਂਹੀ ਜਾਣਦਾ?
ਮੈਂ ਕਲਿਜੁਗ ਹਾਂ, ਅਤੇ ਤੇਰੇ ਮਿਲਣੇ ਨੂੰ ਆਇਆ
ਹਾਂ. ਤੂੰ ਕਰਤੇ ਪੁਰਖ ਕਾ ਵਜੀਰ ਹੈਂ." ਤਬ ਬਾਬੇ
ਨਿਮਸਕਾਰ ਕੀਤਾ, ਤਾਂ ਆਖਿਆ, "ਤੇਰਾ ਅਮਰ
ਕਿਆ ਹੈ, ਅਤੇ ਹੁਕਮ ਕਿਆ ਚਲਾਇਦਾ ਹੈਂ?"
ਤਬ ਕਲਿਜੁਗ ਕਹਿਆ ਸਲੋਕ :—

ਸਤੀਆਂ ਸਤ ਕਰੈ ਤਾਂ ਛੀਜੈ; ਤਪੀਆਂ ਘਰ ਤਪ
ਨ ਹੋਈ.
ਜੇਕੋ ਨਾਮ ਲੇਵੈ ਬਦਨਾਮੀ, ਕਲਿ ਕੇ ਲੱਛਣ ਏਈ.

"ਇਹ ਮੇਰਾ ਅਮਰ ਹੈ." ਤਬ ਬਾਬਾ ਬੋਲਿਆ, "ਤੂੰ
ਸਿਕਦਾਰ ਹੈਂ, ਤੇਰਾ ਹੁਕਮ ਹੈ, ਅਸੀਂ ਤੇਰੀ ਰਈ-
ਯਤ ਹੈਂ; ਪਰ ਦਰਗਾਹ ਵਿਚ ਜੇ ਤੂੰ ਸਿਕਦਾਰੀ
ਕਾ ਲੇਖਾ ਦੇਣਾਂ ਹੈ; ਜਾਂ ਲੇਖੇ ਨੂੰ ਫੜੀਅਹਿਗਾ, ਤਾਂ
ਹਵਾਲੇ ਚਾਕਰਾਂ ਦੇ ਹੋਵੈਂਗਾ; ਤੇਰੇ ਪਾਸਹੁ ਲੇਖਾ
ਅਸਾਂ ਹੀ ਲੇਣਾਂ ਹੈ." ਤਬ ਬਾਬਾ ਬੋਲਿਆ
ਸਲੋਕ :—

ਜਿਨਾਂ ਸਿਕਦਾਰੀ ਤਿਨਾਂ ਖੁਆਰੀ, ਚਾਕਰ ਕੇਹਾ ਡਰਣਾ?
ਜੇ ਸਿਕਦਾਰਾਂ ਪਵਨ ਕਜੀਐ, ਤਾਂ ਚਾਕਰ ਹੱਥਹੁ ਮਰਣਾ.

Digitized by Panjab Digital Library | www.panjabdigilib.org

ਤਬ ਬਾਬੇ ਆਖਿਆ, "ਤੂੰ ਸਿਰਦਾਰ ਹੈਂ, ਜੇ ਤੂੰ ਲੇਖੇ ਨੂੰ ਫੜੀਅਹਿੰਗਾ, ਤਾਂ ਹਵਾਲੇ ਅਸਾਡੇ ਹੋਂਵਹਿੰਗਾ." ਤਬ ਕਲਿਜੁਗ ਕਹਿਆ, "ਜੀ, ਮੈਂ ਤੇਰੇ ਪਾਸ ਆਇਆ ਹਾਂ, ਸੋ ਇਸੇ ਵਾਸਤੇ ਆਇਆ ਹਾਂ, ਜੋ ਮੇਰੇ ਪਾਸਹੁੰ ਲੇਖਾ ਮੰਗੀਏਗਾ ਦਰਗਾਹ ਵਿੱਚ, ਮੈਂ ਤੇਰੇ ਵੱਸ ਪਉਣਾ ਹੈ; ਮੇਰਾ ਖਸਮਾਨਾ ਕਰਣਾ ਹੋਵੇਗਾ ਤੈਨੇ." ਤਬ ਬਾਬੇ ਆਖਿਆ, "ਗੁਰੂ ਖਸਮਾਨਾਂ ਸਭ ਸਿਸਟਿ ਕਾ ਕਰੇਗਾ; ਜਬ ਤੂੰ ਲੇਖੇ ਨੂੰ ਫੜੀਅਹਿੰਗਾ, ਤਾਂ ਤੇਰਾ ਖਸਮਾਨਾ ਕਰੇਗਾ." ਤਬ ਕਲਿਜੁਗ ਕਹਿਆ, "ਜੀ, ਮੇਰੇ ਆਤਮੇ ਸੰਤੋਖ ਕਿਉਂਕਰ ਆਵੈ? ਜੇ ਤੂੰ ਮੇਰੀ ਭੇਟ ਕਿਛ ਲੇਂਹ, ਤਾਂ ਮੈਂ ਜਾਣਾਂ ਜੋ ਮੇਰਾ ਖਸਮਾਨਾ ਹੋਵੇਗਾ." ਤਬ ਗੁਰੂ ਬਾਬੇ ਕਹਿਆ, "ਜੋ ਮੈਨੂੰ ਭੇਟ ਦੇਂਦਾ ਹੈਂ, ਸੋ ਕਿਆ ਦੇਂਦਾ ਹੈਂ?" ਕਹੇ, "ਜੀ, ਮੇਰੇ ਪਾਸ ਸਭ ਕਿਛ ਹੈ, ਜੇ ਆਖੇਂ, ਤਾਂ ਮੋਤੀਆਂ ਦੇ ਮੰਦਰ ਉਸਾਰਾਂ, ਅਤੇ ਰਤਨਾਂ ਦਾ ਜੜਾਉ ਕਰਾਂ, ਅਗਰ ਚੰਦਨ ਦਾ ਲੇਪ ਕਰਾਂ, ਅਤੇ ਭਲੀਆਂ ਭਲੀਆਂ ਇਸਤਰੀਆਂ ਆਣ ਦੇਵਾਂ, ਅਤੇ ਨਉ ਨਿੱਧੀ, ਅਠਾਰਹੁ ਸਿੱਧੀ

ਦੇਂਦਾਂ, ਅਤੇ ਉਗੱਵ੍ਹ ਆਥਵੰ ਦੀ ਪਾਤਸਾਹੀ ਦੇਵਾਂ ? ਜੋ ਕਿਛ ਚਾਹੇਂ, ਸੋ ਲੇਹਿ." ਤਬ ਬਾਬੇ ਆਖਿਆ, "ਅਸਾਂ ਆਪਣੀ ਪਾਤਸਾਹੀ ਛੋੜ ਨਿਕਲੇਹਾਂ, ਅਸਾਂ ਪਰਾਈ ਕਿਆ ਕਰਣੀ ਹੈ ?" ਤਬ ਬਾਬ ਬੋਲਿਆ ਸਬਦ ਸਿਰੀ ਰਾਗ ਵਿੱਚ ਮਹੱਲਾ੧ ਘਰ ੧ :—

ਮੋਤੀ ਤ ਮੰਦਰ ਊਸਰੈ, ਰਤਨੀਂ ਤ ਹੋਇ ਜੜਾਉ.
ਕਸਤੂਰਿ, ਕੁੰਗੂ, ਅਗਰ, ਚੰਦਨ ਲੀਪ, ਆਵੈ ਚਾਉ.
ਮਤ ਦੇਖ ਭੂਲਾਂ ਵੀਸਰੇ, ਤੇਰਾ ਚਿੱਤ ਨ ਆਵੇ ਨਾਂਉ !
ਹਰਿ ਬਿਨ ਜੀਉ ਜਲ ਬਲ ਜਾਂਉ;
ਮੈਂ ਆਪਣਾ ਗੁਰੁ ਪੂਛ ਦੇਖਿਆ ਅਵਰੁ ਨਾਂਹੀ ਥਾਂਉ.

ਤਬ ਫੇਰ ਕਲਿਜੁਗ ਕਹਿਆ, ਜੋ "ਜੇਵਾਹਰਾਂ ਦੀ ਧਰਤੀ ਕਰਾਂ, ਲਾਲਾਂ ਦਾ ਜੜਾਉ ਕਰਾਂ, ਇੰਦ੍ਰ ਦੀਆਂ ਮੋਹਣੀਆਂ ਲੇ ਆਵਾਂ ?" ਤਬ ਗੁਰੂ ਪਉੜੀ ਦੂਜੀ ਆਖੀ :—

ਧਰਤੀ ਤ ਹੀਰੇ ਲਾਲ ਜੜਤੀ, ਪਲੰਘ ਲਾਲ ਜੜਾਉ,
ਮੋਹਣੀ ਮੁਖਮਣੀ ਸੋਹੇ ਕਰੇ ਰੰਗ ਪਸਾਉ;
ਮਤ ਦੇਖ ਭੂਲਾ ਵੀਸਰੈ, ਤੇਰਾ ਚਿੱਤ ਨ ਆਵੈ ਨਾਉ !

ਤਬ ਫੇਰ ਕਲਿਜੁਗ ਕਹਿਆ, "ਜੀ, ਏਹ

Digitized by Panjab Digital Library | www.panjabdigilib.org

ਨਹੀਂ ਲੈਂਦਾ, ਤਾਂ ਸਿੱਧੀ ਲੈ, ਜੋ ਰਿਦੈ ਆਵੈ ਤਾਂ ਗੁਪਤ ਧਰਤੀ ਵਿੱਚ ਚੱਲ, ਅਤੇ ਹਜਾਰ ਕੋਹਾਂ ਤੇ ਜਾਇ ਪ੍ਰਗਟ ਹੋਹ?" ਤਬ ਬਾਬੇ ਪਉੜੀ ਤੀਜੀ ਆਖੀ :—

ਸਿੱਧ ਹੋਵਾਂ ਸਿਧ ਲਾਈ, ਰਿੱਧ ਆਖਾਂ ਆਉ,<br>
ਗੁਪਤ ਪਰਗਟ ਹੋਇ ਬੈਸਾਂ, ਲੋਕ ਰਾਖੇ ਭਾਉ,<br>
ਮਤ ਵੇਖ ਭੂਲਾ ਵੀਸਰੈ, ਤੇਰਾ ਚਿੱਤ ਨ ਆਵੈ ਨਾਂਉ!

ਤਬ ਕਲਿਜੁਗ ਆਖਿਆ, "ਜੀ, ਪਾਤਸਾਹ ਹੋਵਹੁ, ਰਾਜ ਕਰਹੁ?" ਤਬ ਗੁਰੂ ਬਾਬੇ ਚਉਥੀ ਪਉੜੀ ਆਖੀ :—

ਸੁਲਤਾਨ ਹੋਵਾਂ ਮੇਲ ਲਸਕਰ, ਤਖਤ ਰਾਖਾਂ ਪਾਉ,<br>
ਹੁਕਮ ਹਾਸਲ ਕਰੀਂ ਬੈਠਾ, ਨਾਨਕਾ, ਸਭ ਵਾਉ!<br>
ਮਤ ਵੇਖ ਭੂਲਾਂ ਵੀਸਰੈ, ਤੇਰਾ ਚਿੱਤ ਨ ਆਵੈ ਨਾਉ!

ਤਬ ਕਲਿਜੁਗ ਪਰਦੱਖਣਾ ਕੀਤੀ ਅਤੇ ਆਖਿਆ, "ਜੀ, ਤੂੰ ਭੇਟ ਕੋਈ ਨਹੀਂ ਲੈਂਦਾ, ਤਾਂ ਤੂੰ ਮੇਰੇ ਉੱਪਰ ਗਜਬ ਹੈਂ। ਅੱਗੇ ਹੀ ਮੈਂ ਪਾਪ ਮੱਲ ਦਾ ਹਾਂ; ਅਤੇ ਤੂੰ ਗੁੱਸੇ ਹੋਵੈਂਗਾ, ਤਾਂ ਮੇਰਾ ਕਵੁਣ ਹਾਲ ਹੋਵੈਗਾ?" ਤਬ ਬਾਬੇ ਆਖਿਆ, "ਕਲਿਜੁਗਾ, ਤੂੰ ਖਤਰਾ ਕੋਈ ਨਹੀ ਕਰਣਾ, ਦਰਗਾਹ

ਵਿੱਚ ਤੇਰਾ ਖਸਮਾਨਾ ਕਰੀਂਗਾ; ਪਰ ਮੈਂ ਤੇਰੇ ਅੱਗੇ ਅਧੀਨ ਹਾਂ ਇੱਕ ਗੱਲ ਦਾ." ਤਾਂ ਕਲਿਜੁਗ ਆ-ਖਿਆ, "ਜੀ, ਆਖਹੁ." ਤਬ ਬਾਬੇ ਆਖਿਆ, "ਜੋ ਕੋਈ ਅਸਾਡਾ ਸਿੱਖ ਹੋਵੇਗਾ ਤੇਰੇ ਵਿੱਚ, ਸਬਦ ਸਾਖੀ ਦੇ ਪੜ੍ਹਨੇਹਾਰਾ ਹੋਵੇਗਾ, ਤਿਸਦਾ ਬੁਰਾ ਨਾਂਹੀਂ ਕਰਣਾ; ਅਤੇ ਕੋਈ ਸਿੱਖ ਪਿੱਛਲੀ ਪਹਿਰ ਰਾਤ ਰਹਿੰਦੀ ਸਬਦ ਪੜ੍ਹਦਾ ਹੋਵੈ, ਅਤੇ ਦਾ ਉਸ ਸਿੱਖ ਨੂੰ ਨਿੰਦ੍ਰਾ ਆਵੈ, ਤਾਂ ਤੂੰ ਉਸਨੂੰ ਜਗਾਇ ਦੇਵੈਂ, ਖਬਰਦਾਰ ਕਰੈਂ, ਪਰ ਦਿਖਾਈ ਨਾਂਹੀਂ ਦੇਵਣੀ." ਤਬ ਕਲਿਜੁਗ ਕਹਿਆ, "ਜੀ, ਤੂੰ ਜਾਣਦਾ ਹੈਂ, ਜੋ ਮੈਨੂੰ ਸ੍ਰੀ ਪਾਰ ਬ੍ਰਹਮ ਕਾ ਕਿਉਂ-ਕਰ ਹੁਕਮ ਕੀਤਾ ਹੈ?" ਤਬ ਬਾਬੇ ਕਹਿਆ, ਜੋ "ਮੈਂ ਜਾਣਦਾ ਹਾਂ ਜਿਉਂਕਰ ਹੁਕਮ ਹੈ, ਪਰ ਮੈਂ ਤੇਰੇ ਅੱਗੇ ਬੇਨਤੀ ਕਰਦਾ ਹਾਂ, ਕਿਛ ਰਿਆ-ਇਤ ਕਰੈਂ ਮੇਰੇ ਸਿੱਖ ਉੱਪਰ. ਜੋ ਵਾਹਗੁਰੂ ਕਹੇ-ਗਾ, ਤਿਸਦਾ ਬੁਰਾ ਨਾਂਹੀ ਮੰਗਣਾ." ਤਬ ਕਲਿ-ਜੁਗ ਕਹਿਆ, "ਭਲਾ ਹੋਵੈ, ਜੀ, ਮੇਰੇ ਸਿਰ ਮੱਥੇ ਉੱਪਰ ਹੈ." ਤਾਂ ਫੇਰ ਕਲਿਜੁਗ ਕਹਿਆ,

Digitized by Panjab Digital Library | www.panjabdigilib.org

"ਜੀ ਪਾਤਸਾਹ, ਐਦੂ ਅੱਗੈ ਤਾਂ ਧਰਤੀ ਨਾਂਹੀ ਤੂ ਕਿੱਥੈ ਜਾਂਦਾ ਹੈਂ?" ਤਬ ਬਾਬੇ ਆਖਿਆ, "ਮੈਂ ਗੁਰੂ ਭਾਲਦਾ ਫਿਰਦਾ ਹਾਂ." ਤਾਂ ਕਲਿਜੁਗ ਕਹਿਆ, "ਜੀ, ਤੇਰਾ ਗੁਰੂ ਕਉਣ ਹੋਵੈ? ਮੈਂ ਤਾਂ ਕਿਸੇ ਦੀ ਰਹਿਣ ਨਾਂਹੀ ਦੇਂਦਾ; ਤੇਰਾ ਗੁਰੂ ਸੋਈ ਹੋਵੈ, ਜੋ ਤੇਰਾ ਕੀਤਾ ਹੋਵੈਗਾ, ਤੇਰੇ ਅੰਗਤੇ ਹੋਵੈਗਾ, ਸੋ ਤੇਰਾ ਗੁਰੂ ਹੋਵੈਗਾ।" ਤਾਂ ਕਲਿਜੁਗ ਆਖਿਆ, "ਜੀ, ਮੈਂ ਤੇਰੇ ਸਿੱਖਦਾ ਬੁਰਾ ਨਾਂ ਮੰਗਾਂਗਾ, ਪਰ ਤੂ ਮੇਰਾ ਖਸਮਾਨਾ ਕਰੇਂ ਦਰਗਾਹ ਵਿੱਚ." ਤਬ ਬਾਬੇ ਕਹਿਆ, "ਮੇਰਾ ਸਿੱਖ ਕੋਟਾਂ ਮੱਧੇ ਹੋਵੈਗਾ, ਤਿਸ ਦਾ ਸਦਕਾ ਤੇਰੀ ਗਤਿ ਹੋਵੈਗੀ." ਤਬ ਕਲਿਜੁਗ ਕਹਿਆ, "ਬੱਚਨ ਦੇਹਿ." ਤਬ ਬਾਬੇ ਆਖਿਆ, "ਏਹ ਬਚਨ ਤੈਨੂੰ ਦਿੱਤਾ; ਤੇਰੀ ਭੀ ਗਤਿ ਕੀਤੀ." ਤਾਂ ਕਲਿਜੁਗ ਪੈਰੀਂ ਪਾਇਆ, ਬਾਬੇ ਵਿਦਿਆ ਕੀਤਾ. ਤਾਂ ਗੁਰੂ ਬਾਬਾ ਅਤੇ ਮਰਦਾਨਾ ਓਥਹੁੰ ਰਉਂਦੇ ਰਹੇ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਪੰਜੀਹਵੀਂ ਚੱਲੀ.

ਆਇ ਕੀੜੂ ਨਗਰ ਪ੍ਰਗਟੇ. ਜਾਂ ਦੇਖੈ ਤਾਂ ਰੁੱਖ ਬਿਰਖ ਸਭ ਸਿਆਹ ਨਦਰ ਆਵੈਂ, ਧਰਤੀ ਸਾਰੀ. ਤਬ ਮਰਦਾਨਾ ਬਹੁਤ ਭੈਮਾਨ ਹੋਇਆ. ਦੇਖਕਰ ਆਖਿਓਸੁ, "ਜੀ, ਇਥੋਂ ਚੱਲੀਐ; ਏਡਾ ਕਾਲਾ ਅਸਾਂ ਕਦੇ ਨਾਹੀ ਡਿੱਠਾ. ਇਸ ਕਾਲੇ ਤੇ ਚੱਲ." ਤਬ ਗੁਰੂ ਬਾਬੇ ਆਖਿਆ, "ਮਰਦਾਨਿਆਂ, ਇਨ ਕੀ ਪਾਤਸਾਹੀ ਹੈ, ਭਾਵੇਂ ਕੋਈ ਸਉ ਜੰਗਲ ਵਿੱਚ ਜਾਵੇ. ਜੇ ਕੋਈ ਜਾਨਵਰ ਦਾ ਬੱਚਾ ਪੈਦਾ ਹੋਵੈ, ਤਾਂ ਖਾਇ ਜਾਂਵਨ, ਅਤੇ ਜੇ ਕਿਸੇ ਸੱਪ ਦਾ ਆਂਡਾ ਪੈਦਾ ਹੋਵੈ, ਤਾਂ ਖਾਇ ਜਾਵਨ; ਪਰ ਤੇਰੇ ਨੇੜੇ ਕੋਈ ਨਹੀਂ ਆਂਵਦਾ." ਤਬ ਮਰਦਾਨੇ ਅਰਜ ਕੀਤੀ, ਆਖਿਓਸੁ, "ਜੀ, ਕਦੇ ਕੋਈ ਇਥੇ ਆਇਆ ਭੀ ਹੈ?" ਤਬ ਬਾਬੇ ਆਖਿਆ, "ਮਰਦਾਨਿਆਂ, ਇੱਕ ਦਿਨ ਇੱਕ ਰਾਜਾ ਚੜ੍ਹਿਆ ਥਾ, ਬਾਂਨਵੈਂ ਖੂਹਣੀ ਲਸਕਰ ਲੇਕਰ ਇੱਕ ਰਾਜੇ ਉੱਪਰ ਚੜ੍ਹਿਆ ਥਾ. ਸੋ ਇਤ ਧਰਤੀ ਆਇ

Digitized by Panjab Digital Library | www.panjabdigilib.org

ਨਿਕਲਿਆ. ਤਬ ਇੱਕ ਕੀੜੀ ਜਾਇ ਮਿਲੀ;
ਤਾਂ ਆਖਿਓਸੁ, "ਹੇ ਰਾਜਾ, ਇਤੁ ਰਾਹਿ ਚੱਲ ਨਾਂ-
ਹੀਂ; ਅਤੇ ਜੇ ਚੱਲਦਾ ਹੈਂ, ਤਾਂ ਮੇਰੀ ਰਜ਼ਾਇ ਵਿੱਚ
ਚੱਲ." ਤਬ ਰਾਜੇ ਪੁੱਛਿਆ, "ਤੇਰੀ ਕਿਆ
ਰਜ਼ਾਇ ਹੈ?" ਤਬ ਕੀੜੀ ਕਹਿਆ, "ਹੇ ਰਾਜਾ,
ਮੇਰੀ ਇਹੁ ਰਜ਼ਾਇ ਹੈ, ਜੋ ਮੇਰੀ ਰੋਟੀ ਖਾਇਕਰ
ਜਾਹਿ." ਤਬ ਰਾਜੇ ਕਹਿਆ, "ਮੈਂ ਤੇਰੀ ਰੋਟੀ ਕਿਉਂ-
ਕਰ ਖਾਵਾਂ?" ਤਬ ਕੀੜੀ ਕਹਿਆ, "ਹੇ ਰਾਜਾ,
ਨਾਂਹੀਂ ਤਾਂ ਜੁਧੁ ਕਰਕੇ ਜਾਹਿ." ਤਬ ਰਾਜੇ ਕਹਿਆ,
ਭਲਾ ਹੋਵੈ ਕੀੜੀ." "ਹੇ ਮਰਦਾਨਿਆਂ, ਤਬ ਰਾ-
ਜਾ ਜੁੱਧ ਲੱਗਾ ਕਰਣ, ਬਾਵਨ ਖੂਹਣੀ ਲੈਕਰ ਕੀ-
ੜੀ ਸਾਥ. ਤਬ ਇੱਕਨ ਕੀੜੀ ਹੁਕਮ ਕੀਤਾ ਕੀੜੀ-
ਆਂ ਤਾਂਈ, "ਜਾਇ ਕਰ ਬਿਖ ਲਿਆਵਹੁ." ਤਬ
ਕੀੜੀਆਂ ਗੱਈਆਂ, ਪਇਆਲ ਤੇ ਬਿਖ ਮੂੰਹ
ਭਰ ਲਿਆਈਆਂ. ਜਿਸ ਕਉ ਲਾਂਇਨ ਸੋ
ਸੁਆਹ ਹੋਇ ਜਾਂਇਨ." "ਹੇ ਮਰਦਾਨਿਆਂ, ਬਾ-
ਵਨ ਖੂਹਣੀ ਲਸਕਰ ਸੱਭੋ ਮੂਆ ਪਰਮੇਸਰ ਕੀ
ਆਗਿਆ ਸਾਥ. ਤਬ ਇੱਕੋ ਰਾਜਾ ਰਹਿਆ.

Digitized by Panjab Digital Library | www.panjabdigilib.org

ਤਬ ਓਹ ਕੀੜੀ ਗਈ, ਆਖਿਓਸੁ, "ਹੇ ਰਾਜਾ, ਬਾਤ ਸੁਣ; ਅਬ ਮੇਰੀ ਰੋਟੀ ਮੰਨੇਗਾ?" ਤਬ ਰਾਜਾ ਹੱਥ ਜੋੜ ਖੜਾ ਹੋਇਆ, ਆਖਿਓਸੁ, "ਭਲਾ ਹੋਵੈ ਜੀ." ਤਬ ਉਸ ਕੀੜੀ ਹੁਕਮ ਕੀਤਾ ਕੀੜੀਆਂ ਜੋਗ, "ਜਾਹੁ, ਅੰਮ੍ਰਿਤ ਲਿਆਵਹੁ." ਸਤ ਕੁੰਡੀ ਅੰਮ੍ਰਿਤ ਕੇ ਹੈਨ ਪਤਾਲ ਬਿਖੇ, ਅਤੇ ਸਤ ਕੁੰਡੀ ਬਿਖ ਕੇ ਹੈਨ ਪਤਾਲ ਬਿਖੇ. ਤਬ ਓਹ ਕੀੜੀਆਂ ਗਈਆਂ; ਜਾਇ ਕਰ ਅੰਮ੍ਰਿਤ ਮੁਖ ਭਰ ਲਿਆਈਆਂ. ਜਿਸ ਕਉ ਓਹ ਲਾਂਵਨ, ਸੋਈ ਉਠ ਖੜਾ ਹੋਵੈ. ਤਬ ਬਾਂਵਨ ਖੂਹਣੀ ਲਸਕਰ ਉੱਠ ਖੜਾ ਹੋਆ ਪਰਮੇਸਰ ਕੀ ਆਗਿਆ ਨਾਲ. ਤਬ ਰਾਜਾ ਉੱਠ ਕਰ ਰੋਟੀ ਖਾਂਵਣ ਗਇਆ ਬਾਂਵਨ ਖੂਹਣੀ ਸਾਥ. ਜਬ ਰੋਟੀ ਮਿਲੀ, ਤਾਂ ਠੰਢੀ; ਅਤੇ ਜਾਂ ਘੋੜਿਆਂ ਨੂੰ ਘਾਸ ਮਿਲਿਆ, ਤਾਂ ਭਿਨਾ ਹੋਆ; ਅਤੇ ਦਾਣਾਂ ਮਿਲਿਆ, ਸੋ ਚਿੱਥਿਆ ਹੋਆ. ਤਬ ਰਾਜੇ ਪੁੱਛਿਆ, "ਐਸੀ ਰੋਟੀ ਠੰਢੀ ਕਿਉਂ ਮਿਲੀ, ਅਤੇ ਘਾਸ ਭਿਨਾ, ਦਾਣਾਂ ਚਿੱਥਿਆ?" ਤਬ ਕੀੜੀ ਕਹਿਆ, "ਹੇ ਰਾਜਾ,

Digitized by Panjab Digital Library | www.panjabdigilib.org

ਅੱਗੇ ਇੱਕ ਰਾਜਾ ਆਇਆ ਥਾ, ਤਿਸ ਕਉ ਰੋਟੀ ਕੀਤੀ ਆਹੀ; ਤਿਸ ਤੇ ਜੋ ਰਹਿਆ ਥਾ, ਸੋ ਮੈਂ ਤੇਰੇ ਲਸਕਰ ਕਉ ਪਰੋਸਿਆ ਹੈ; ਅਤੇ ਜੋ ਉਸਦਿਆਂ ਘੋੜਿਆਂ ਦਾ ਦਾਣਾ ਬਚਿਆ, ਸੋ ਤੇਰੇ ਘੋੜਿਆਂ ਕਉ ਦਿੱਤਾ; ਅਤੇ ਜੋ ਉਸਦੇ ਘੋੜਿਆਂ ਦਾ ਘਾਸ ਰਹਿਆ ਥਾ, ਸੋ ਤੇਰੇ ਘੋੜਿਆਂ ਤਾਂਈ ਪਾਇਆ." ਜਬ ਰਾਜਾ ਜਾਇ ਕਰ ਦੇਖੇ, ਤਾਂ ਕਈ ਅੰਬਾਰ ਹੀਂ ਭਰੇ ਪਏ ਹੈਨ. ਤਬ ਰਾਜੇ ਕਾ ਅਭਿਮਾਨ ਦੂਰ ਹੋਇਆ, ਆਖਿਓਸੁ "ਐਸੇ ਰਾਜੇ ਵਰਤੇ ਹੈਨ!" ਤਬ ਰਾਜਾ ਫਿਰ ਘਰ ਆਇਆ. ਤਬ ਬਾਬਾ ਬੋਲਿਆ ਸਲੋਕ :—

ਸੀਹਾਂ, ਬਾਜਾਂ, ਚਰਗਾਂ, ਕੁਹੀਆਂ, ਇਨਾਂ ਖਵਾਲੇ ਘਾਹ.
ਘਾਹ ਖਾਣ ਤਿਨਾਂ ਮਾਸ ਖਵਾਲੇ, ਏਹ ਚਲਾਏ ਰਾਹ.
ਨਦੀਆਂ ਵਿੱਚ ਟਿੱਬੇ ਦੇਖਾਲੇ, ਥਲੀਂ ਕਰੇ ਅਸਗਾਹ.
ਜੀਆਂ ਮਾਰ ਜਿਵਾਲੇ, ਜੀਆਂ ਨਦਰੀ ਕਰੇ ਪਸਾਉ.
ਕੀੜਾ ਥਾਪ ਦੇਇ ਪਾਤਸਾਹੀ, ਲਸਕਰ ਕਰੇ ਸੁਆਹ.
ਨਾਨਕ, ਜਿਉ ਜਿਉ ਸਚੇ ਭਾਵੈ, ਤਿਉ ਤਿਉ ਦੇਇ ਗਿਰਾਹ.

ਤਬ ਮਰਦਾਨਾ ਪੈਰੀਂ ਪਇਆ. ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

# ਸਾਖੀ ਛਬੀਹਵੀਂ ਚੱਲੀ.

ਜਾਇ ਇੱਕ ਗਿਰਾਂਉ ਵਿੱਚ ਬੈਠੇ. ਤਬ ਉਸ ਗਿਰਾਂਉ ਵਿੱਚ ਕੋਈ ਬੈਠਣ ਨਾ ਦੇਵੇ. ਤਬ ਲੱਗੇ ਮਸਕਰੀਆਂ ਕਰਨ. ਤਬ ਗੁਰੂ ਬਾਬਾ ਬੋਲਿਆ ਸਲੋਕ :—

ਚੁੱਪ ਕਰਾਂ, ਤਾਂ ਆਖੀਐ ਇਤ ਘਟ ਨਾਹੀ ਮੱਤ;
ਜਾਂ ਬੋਲਾਂ, ਤਾਂ ਆਖੀਐ ਬੜ ਬੜ ਕਰੇ ਬਹੁਤ;
ਜਾਂ ਬੈਠਾਂ, ਤਾਂ ਆਖੀਐ ਬੈਠਾ ਸੱਥਰ ਘੱਤ;
ਉੱਠ ਚੱਲਾਂ, ਤਾਂ ਆਖੀਐ ਛਾਰ ਗਇਆ ਸਿਰ ਘੱਤ;
ਜੇ ਨਿਵਾਂ, ਤਾਂ ਆਖੀਐ ਡਰਦਾ ਕਰੇ ਭਗਤ;
ਕਾਈ ਗੱਲੀ ਨ ਮੈਂ ਬਣੀ, ਜਿਤ ਬਹਿ ਕਢਾਂ ਵੱਤ;
ਏਥੈ ਓਥੈ, ਨਾਨਕਾ, ਕਰਤਾ ਰੱਖੇ ਪੱਤ!

ਇੱਥੈ ਕਾਈ ਘੜੀ ਨਾ ਰਹੇ, ਤਬ ਮਰਦਾਨੇ ਕਹਿਆ, "ਜੀ, ਇਨਾਂ ਦੇ ਬਾਬ ਕਿਆ ਹੋਇਆ?" ਤਬ ਬਾਬੇ ਆਖਿਆ, "ਮਰਦਾਨਿਆਂ, ਏਹ ਸਹਰ ਵਸਦਾ ਰਹੈ!" ਤਬ ਬਾਬਾ ਓਥਹੁੰ ਰਵਦ ਰਹਿਆ. ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

# ਸਾਖੀ ਸਤਾਈਵੀਂ ਚੱਲੀ.

ਤਬ ਅਗਲੇ ਸਹਿਰ ਗਏ. ਤਬ ਓਨ੍ਹਾਂ ਲੋਕਾਂ ਬਹੁਤ ਸੇਵਾ ਕੀਤੀ. ਉੱਥੇ ਰਾਤ ਰਹੇ, ਭਲਕੇ ਉੱਠ ਚੱਲੇ; ਤਾਂ ਗੁਰੂ ਬੋਲਿਆ, "ਏਹ ਸਹਿਰ ਉਜਾੜੂ ਹੋਵੇਗਾ." ਤਬ ਮਰਦਾਨੇ ਆਖਿਆ, "ਜੀ, ਤੇਰੇ ਦਰ ਭਲਾ ਨਿਆਉ ਡਿੱਠਾ! ਜਿੱਥੇ ਬੈਠਣੇ ਨਾ ਮਿਲੇ, ਸੋ ਵਸਾਇਆ; ਅਤੇ ਜਿਨ੍ਹਾਂ ਸੇਵਾ ਬੰਦਗੀ ਬਹੁਤ ਕੀਤੀ, ਸੋ ਸਹਿਰ ਉਜਾੜਿਆ." ਤਾਂ ਗੁਰੂ ਆਖਿਆ, "ਮਰਦਾਨਿਆਂ, ਉਸ ਸਹਿਰ ਕਾ ਆਦਮੀ ਅਵਰ ਸਹਿਰ ਜਾਵੇਗਾ, ਤਾਂ ਹੋਰ ਭੀ ਬਿਗਾੜੇਗਾ; ਅਤੇ ਇਸ ਸਹਿਰ ਕਾ ਆਦਮੀ ਹੋਰਸ ਸਹਿਰ ਜਾਵੈਗਾ, ਤਾਂ ਓਨ੍ਹਾਂ ਦੀ ਭੀ ਗਤਿ ਕਰੈਗਾ, ਅਤੇ ਮੁਕਤਿ ਦੇਵੈਗਾ." ਤਬ ਮਰਦਾਨੇ ਆਖਿਆ, "ਜੀ, ਜੋ ਤੂ ਭਾਵੇਂ, ਸੋਈ ਕਰਹਿਂਗਾ." ਤਬ ਬਾਬੇ ਸਬਦ ਕੀਤਾ ਰਾਗ ਮਲਾਰ ਵਿੱਚ ਮਹੱਲਾ ੧ ਘਰ ੧ :—

ਖਾਣੰ, ਪੀਣੰ, ਹੱਸਣੰ, ਸਉਣੰ, ਵਿਸਰ ਗਇਆ ਹੈ ਮਰਣੰ;

ਖਸਮ ਵਿਸਾਰ ਖੁਆਰੀ ਕੀਨੀ, ਧ੍ਰਿਗ ਜੀਵਣ ਨਹਿ ਰਹਿਣਾ.
ਪ੍ਰਾਣੀ, ਏਕੋ ਨਾਮੁ ਧਿਆਵਹੁ!
ਅਪਨੀ ਪਤਿ ਸੇਤੀ ਘਰ ਜਾਵਹੁ!
ਤੁਧਨੋ ਸੇਵਹਿ ਤੁਧ ਕਿਆ ਦੇਵਹਿਂ? ਮਾਂਗਹਿ ਲੇਵਹਿਂ ਰਹੈਂ ਨਹੀਂ.
ਤੂ ਦਾਤਾ ਜੀਆਂ ਸਭਨਾਂ ਕਾ, ਜੀਆਂ ਅੰਦਰ ਜੀਅ ਤੁਹੀਂ.
ਗੁਰ ਮੁਖ ਧਿਆਵਹਿਂ, ਸੇ ਅੰਮ੍ਰਿਤ ਪਾਵਹਿ, ਸੇਈ ਸੂਚੇ ਹੋਹੀਂ.
ਅਹਿ ਨਿਸ ਨਾਮ ਜਪਹੁ ਰੇ ਪ੍ਰਾਣੀ, ਮੈਲੇ ਹੱਛੇ ਹੋਹੀਂ.
ਜੇਹੀ ਰੁਤ, ਕਾਇਆਂ ਸੁਖ ਤੇਹਾ, ਤੇਹੋ ਜੇਹੀ ਦੇਹੀ.
ਨਾਨਕ, ਰੁਤ ਸੁਹਾਵੀ ਸਾਈ, ਬਿਨ ਨਾਵੈਂ ਰੁਤ ਕੇਹੀ?

**ਬੋਲੋ ਵਾਹ ਗੁਰੂ!**

Digitized by Panjab Digital Library | www.panjabdigilib.org

# ਸਾਖੀ ਅਠਾਈਵੀਂ ਚੱਲੀ.

ਫੇਰ ਆਸਾ ਦੇਸ ਕਉ ਆਇਆ. ਅੱਗੇ ਸੇਖ ਫਰੀਦ ਥਾ ਜੰਗਲ ਵਿੱਚ. ਤਬ ਉਥੈ ਬਾਬਾ ਭੀ ਆਇਆ. ਤਬ ਸੇਖ ਫਰੀਦ ਬੋਲਿਆ, "ਅਲਹੁ ਅਲਹੁ, ਦਰਵੇਸ!" ਤਬ ਗੁਰੂ ਜੀ ਜਬਾਬ ਦਿੱਤਾ, ਆਖਿਓਸ, "ਆਓ, ਸੇਖ ਫਰੀਦ ਜੁਹਦੀ, ਅਲਹੁ ਅਲਹੁ!" ਤਬ ਦਸਤ ਪੰਜਾ ਲੈ ਕਰ ਬਹਿ ਗਇਆ. ਤਬ ਸੇਖ ਫਰੀਦ ਬਾਬੇ ਦਾ ਰੂਪ ਦੇਖ ਕਰ ਬੋਲਿਆ, ਗੋਸਟ ਕੀਤੀਆਸੁ. ਸੇਖ ਫਰੀਦ ਨੇ ਪੁੱਛਿਆ, ਆਖਿਓਸ, ਸਲੋਕ :—

ਅਕੈ ਤ ਲੋੜੁ ਮੁਕੱਦਮੀ, ਅਕੈ ਤ ਅਲਹੁ ਲੋੜੁ,
ਦੁਹਿ ਬੇੜੀਂ ਨਾ ਲੱਤ ਧਰ, ਮਤ ਵਞੈ ਵੱਖਰ ਬੋੜ।

ਤਬ ਗੁਰੂ ਜਬਾਬ ਦਿੱਤਾ ਸਲੋਕ :—

ਦੋਹੀਂ ਬੇੜੀਂ ਲੱਤ ਧਰ, ਦੋਵੇਂ ਵੱਖਰ ਚਾੜ੍ਹ,
ਕੋਈ ਬੇੜੀ ਡੁੱਬਸੀ, ਕੋਈ ਲੱਗੇ ਪਾਰ.
ਨਾਂ ਪਾਂਣੀ, ਨਾ ਬੇੜੀਆਂ, ਨਾ ਡੁੱਬੈ, ਨਾ ਜਾਇ,
ਨਾਨਕ, ਵੱਖਰ ਸੱਚ ਧਨ, ਸਹਿਜੇ ਰਹਿਆ ਸਮਾਇ.

Digitized by Panjab Digital Library | www.panjabdigilib.org

## ਤਬ ਸੇਖ ਫਰੀਦ ਕਹਿਆ ਸਲੋਕ :—

ਫਰੀਦਾ, ਚੂੜੇਲੀ ਸਿਉ ਰੱਤਿਆਂ ਦੁਨੀਆਂ ਕੂੜਾ ਭੇਤ.
ਨਾਨਕ, ਅੱਖੀ ਵੇਖਾਦਿਆਂ ਉਜੱੜ ਵੰਵੇ ਖੇਤ.

## ਤਬ ਗੁਰੂ ਬਾਬੇ ਜਬਾਬ ਦਿੱਤਾ ਸਲੋਕ :—

ਫਰੀਦਾ, ਧੁਰਹੁੰ ਧੁਰਹੂ ਹੋਂਦਾ ਆਇਆ, ਚੂੜੇਲੀ ਸਿਉ ਹੇਤ.
ਨਾਨਕ, ਖੇਤ ਨ ਉੱਜੜੇ ਜੇ ਰਾਖਾ ਹੋਇ ਸੁਚੇਤ.

## ਤਾਂ ਸੇਖ ਫਰੀਦ ਬੋਲਿਆ ਸਲੋਕ :—

ਫਰੀਦਾ, ਤਨ ਰਹਿਆ, ਮਨ ਫਟਿਆ, ਤਾਗਤ ਰਹੀ ਨ ਕਾਇ,
ਉੱਠੀ, ਪਿਰੀ ਤਬੀਬ ਥੀਉ, ਕਾਈ ਦਾਰੂ ਲਾਇ.

## ਤਬ ਗੁਰੂ ਬਾਬੇ ਜਵਾਬ ਦਿੱਤਾ ਸਲੋਕ :—

ਸੱਜਣ, ਸੱਚ ਪਰੱਖ, ਮੁੱਖ ਅਲਾਂਵਣ ਥੋਥਰਾ,
ਨਾਨਕ, ਮਨ ਮਝਾਹੂ ਲਖ, ਤੁਧਹੁ ਦੂਰ ਨ ਸੋ ਪਿਰੀ.

## ਤਬ ਸੇਖ ਫਰੀਦ ਬੋਲਿਆ ਸਬਦ ਰਾਗ ਸੂਹੀ ਵਿੱਚ ਲਲਤ :—

ਬੇੜਾ ਬੰਧ ਨ ਸੱਕਿਓ ਬੰਧਨ ਕੀ ਬੇਲਾ,
ਭਰ ਸਰਵਰ ਜਬ ਉੱਛਲੈ, ਤਬ ਤਰਣ ਦੁਹੇਲਾ.
ਹੱਥ ਨ ਲਾਇ ਕਸੁੰਭੜੇ, ਜਲ ਜਾਸੀ ਢੋਲਾ.
ਇੱਕ ਆਪੀਨੇ ਪਤਲੀ ਸਹਿ ਕੇਰੇ ਬੋਲਾ.
ਦੁੱਧਾ ਥਣੀ ਨ ਆਵਈ, ਫਿਰ ਹੋਇ ਨ ਮੇਲਾ.

Digitized by Panjab Digital Library | www.panjabdigilib.org

ਕਹੈ ਫਰੀਦ, ਸਹੇਲੀਹੋ, ਸਹੁ ਅੱਲਾ ਏਸੀ,
ਹੰਸ ਚਲੇਸੀ ਡੁੰਮਣਾ, ਇਹ ਤਨ ਢੇਰੀ ਥੀਸੀ.

## ਤਬ ਗੁਰੂ ਬਾਬੇ ਜਬਾਬ ਦਿੱਤਾ ਰਾਗ ਸੂਹੀ ਵਿਚ ਮਹੱਲਾ ੧ :—

ਜਪ ਤਪ ਕਾ ਬੰਧ ਬੇੜੁਲਾ, ਜਿਤ ਲੰਘਹਿ ਵਹੇਲਾ,
ਨਾਂ ਸਰਵਰ ਨਾ ਉਛੱਲੈ, ਐਸਾ ਪੰਥ ਸੁਹੇਲਾ.
ਤੇਰਾ ਏਕੋ ਨਾਮ ਮਜੀਠੜਾ ਰੱਤਾ ਮੇਰਾ ਚੋਲਾ
ਸਦ ਰੰਗ ਢੋਲਾ.
ਸਾਜਨ ਚਲੇ ਪਿਆਰਿਆ, ਕਿਉਂ ਮੇਲਾ ਹੋਈ?
ਜੇ ਗੁਣ ਹੋਵੈ ਗੰਠੜੀਐ, ਮੇਲੇਗਾ ਸੋਈ.
ਮਿਲਿਆ ਹੋਇ, ਨ ਵੀਛੁੜੈ, ਜੇ ਮਿਲਿਆ ਹੋਈ.
ਆਵਾਗਉਣ ਨਿਵਾਰਿਆ ਹੈ ਸਾਚਾ ਸੋਈ;
ਹਉਮੈ ਮਾਰ ਨਿਵਾਰਿਆ, ਸੀਤਾ ਹੈ ਚੋਲਾ;
ਗੁਰੁ ਬਚਨੀ ਫਲ ਪਾਇਆ ਸਹੁ ਕੇ ਅੰਮ੍ਰਿਤ ਬੋਲਾ.
ਨਾਨਕ ਕਹੈ, ਸਹੇਲੀਹੋ, ਸਹੁ ਖਰਾ ਪਿਆਰਾ;
ਹਮ ਸਹਿ ਕੇਰੀਆਂ ਦਾਸੀਆਂ; ਸਾਚਾ ਖਸਮ ਹਮਾਰਾ.

## ਤਬ ਸੇਖ ਫਰੀਦ ਬੋਲਿਆ ਸਬਦ ਰਾਗ ਆਸਾ ਕਾਫੀ ਵਿੱਚ :—

ਰੱਤੇ ਇਸਕ ਖੁਦਾਇ ਰੰਗ ਦੀਦਾਰ ਕੇ;
ਵਿਸਰਿਆ ਜਿਨ ਨਾਮ, ਤੇ ਭੁਇ ਭਾਰ ਥੀਏ.
ਦਿਲਹੁ ਮੁੱਹਬਤ ਜਿਨ, ਸੇਈ ਸੱਚਿਆ;
ਜਿਨ ਮਨ ਹੋਰ ਮੁਖ ਹੋਰ, ਸੇ ਕਾਂਢੇ ਕੱਚਿਆ.
ਆਪ ਲੀਏ ਲੜ੍ਹ ਲਾਇ, ਦਰ ਦਰਵੇਸ ਸੇ,

Digitized by Panjab Digital Library | www.panjabdigilib.org

ਤਿਨ ਧੰਨ ਜਣੇਂਦੀ ਮਾਇ, ਆਏ ਸਫਲ ਸੇ.
ਪਰਵਦਿਗਾਰ ਅਪਾਰ, ਅਗਮ, ਬੇਅੰਤ ਤੂੰ!
ਜਿਨਾਂ ਪਛਾਤਾ ਸੱਚ, ਚੁੰਮਾਂ ਪੈਰ ਮੂੰ
ਤੇਰੀ ਪਨਾਹ, ਖੁਦਾਇ; ਤੂੰ ਬਖਸੰਦਗੀ.
ਸੇਖ ਫਰੀਦੈ ਖੈਰ ਦੀਜੈ ਬੰਦਗੀ!

ਤਬ ਬਾਬਾ ਬੋਲਿਆ ਸਬਦ ਰਾਗ ਸੂਹੀ ਵਿੱਚ ਸੁਚੱਜੀ ਮਹੱਲਾ ੧ :—

ਜਾਂ ਤੂੰ, ਤਾਂ ਮੈ ਸਭ ਕੋ; ਤੂੰ ਸਾਹਿਬ ਮੇਰੀ ਰਾਸ, ਜੀਉ;
ਤੁਧ ਅੰਤਰ ਹੰਉ ਸੁਖ ਵਸਾਂ, ਤੂੰ ਅੰਤਰ ਸਾਬਾਸ, ਜੀਉ.
ਭਾਣੈ ਤਖਤ ਵਡਾਈਆਂ, ਭਾਣੈ ਭੀਖ ਉਦਾਸ, ਜੀਉ;
ਭਾਣੈ ਥਲ ਸਿਰ ਸਰ ਵਹੈ, ਕਮਲ ਫੁਲੈ ਆਕਾਸ ਜੀਉ;
ਭਾਣੈ ਭਉਜਲ ਲੰਘੀਐ, ਭਾਣੈ ਮੰਝਿ ਭਰੀਆਸ, ਜੀਉ;
ਭਾਣੈ, ਸੋ ਸਹੁ ਰੰਗੁਲਾ, ਸਿਫਤ ਰੱਤਾ ਗੁਣ ਤਾਸ ਜੀਉ;
ਭਾਣੈ ਸਹੁ ਭੀਹਾਵਲਾ, ਹੰਉ ਆਵਣ ਜਾਣ ਮੁਈਆਸ, ਜੀਉ.
ਤੂੰ ਸਹੁ, ਅਗਮ ਅਤੋਲਵਾਂ, ਹੰਉ ਕਹਿ ਕਹਿ ਢਹਿ ਪਈਆਸ, ਜੀਉ.
ਕਿਆ ਮਾਂਗਉ? ਕਿਆ ਕਹਿ ਸੁਣੀ? ਮੈ ਦਰਸਨ ਭੂਖ ਪਿਆਸ, ਜੀਉ.
ਗੁਰੁ ਸਬਦੀ ਸਹੁ ਪਾਇਆ, ਸਚੁ ਨਾਨਕ ਕੀ ਅਰਦਾਸ, ਜੀਉ.

ਤਬ ਬਾਬਾ ਅਤੇ ਸੇਖ ਫਰੀਦ ਦੁਇ ਇੱਕ ਰਾਤ ਇਕੱਠੇ ਰਹੇ ਜੰਗਲ ਵਿੱਚੇ. ਤਬ ਇੱਕ ਬੰਦਾ

Digitized by Panjab Digital Library | www.panjabdigilib.org

[illegible] Singh Shan
[illegible] DEPTT.
PUNJAB UNIVERSITY, CHANDIGARH.



ਖੁਦਾਇ ਕਾ ਆਇ [illegible]
ਉਠ ਆਇਆ. ਤਬ ਇੱਕ ਤਬਲਬਾਜ ਦੁੱਧ ਕਾ ਭਰ ਕਰ, ਪਿਛਲੀ ਰਾਤ ਨੂੰ ਲੈ ਆਇਆ. ਤਬ ਸੇਖ ਫਰੀਦ ਆਪਣਾ ਬੱਖਰਾ ਪਾਇ ਲਇਆ, ਅਤੇ ਗੁਰੂ ਦਾ ਬੱਖਰਾ ਰੱਖ ਛੱਡਿਓਸ. ਤਬ ਸੇਖ ਫਰੀਦ ਬੋਲਿਆ ਸਲੋਕ :—

ਜੋ ਜਾਗਨ, ਸੋਈ ਲਹਿਨ ਸਾਂਈ ਪਾਸਹੁ ਦਾਤ.
ਪਹਿਲੀ ਰਾਤੀ ਫੁੱਲੜਾ, ਫਲ ਭੀ ਪਿਛਲੀ ਰਾਤ.

ਤਬ ਬਾਬੇ ਜਬਾਬ ਦਿੱਤਾ ਸਲੋਕ :—

ਦਾਤੀਂ ਸਾਹਿਬ ਸੰਦੀਆਂ, ਕਿਆ ਚੱਲੇ ਤਿਸ ਨਾਲ?
ਇੱਕ ਜਾਗਦੇ ਨਾ ਲਾਹਿਨ, ਇਕਨਾਂ ਸੁੱਤਿਆਂ ਦੇਇ ਉਠਾਲ.

ਤਬ ਬਾਬਾ ਬੋਲਿਆ, "ਸੇਖ ਫਰੀਦ, ਇਸ ਦੁੱਧ ਵਿੱਚ ਹੱਥ ਫੇਰ ਕਰ ਦੇਖ." ਜਾਂ ਦੇਖੇ, ਤਾਂ ਚਾਰ ਮੁਹਰਾਂ ਹੈਨ. ਤਬ ਓਹ ਤਬਲਬਾਜ ਛੋੜ ਕਰ ਚਲਦਾ ਰਹਿਆ. ਤਬ ਗੁਰੂ ਬੋਲਿਆ ਸਬਦ ਰਾਗ ਤੁਖਾਰੀ ਵਿੱਚ ਮਹੱਲਾ ੧ ਛੰਤ :—

੧

ਪਹਿਲੇ ਪਹਿਰੇ, ਨੈਣ ਸਲੋਨੜੀਏ, ਰੈਣ ਅੰਧਿਆਰੀ, ਰਾਮ,
ਵੱਖਰ ਰਾਖੁ, ਮੁਈਏ, ਆਵੈ ਵਾਰੀ, ਰਾਮ; —
ਵਾਰੀ ਆਵੈ ਕਉਣ ਜਗਾਵੈ? ਸੂਤੀ ਜਮ ਰਸ ਚੂਸਏ.

Digitized by Panjab Digital Library | www.panjabdigilib.org

ਰੈਣ ਅੰਧੇਰੀ, ਕਿਆ ਗਤਿ ਤੇਰੀ ? ਚੋਰ ਪੜੈ ਘਰ ਮੂਸਏ.
ਰਾਖਣਹਾਰਾ ਅਗਮ ਅਪਾਰਾ, ਸੁਣ ਬੇਨੰਤੀ ਮੇਰੀਆ !
ਨਾਨਕ, ਮੂਰਖ ਕਬਹੁੰ ਨ ਚੇਤੈ ; ਕਿਆ ਸੂਝੈ ਰੈਣ ਅੰਧੇਰੀਆ ?

੨

ਦੂਜਾ ਪਹਿਰ ਭਇਆ, ਜਾਗ ਅਚੇਤੀ, ਰਾਮ,
ਵੱਖਰ ਰਾਖੁ, ਮੁਈਏ, ਖਾਜੈ ਖੇਤੀ, ਰਾਮ ; —
ਰਾਖਹੁ ਖੇਤੀ ਹਰਿ ਗੁਣ ਹੇਤੀ, ਜਾਗਤ ਚੋਰ ਨ ਲਾਗੈ.
ਜਮ ਮੱਗ ਨ ਜਾਵਹੁ, ਨਾ ਦੁਖ ਪਾਵਹੁ, ਜਮ ਕਾ ਡਰ ਭਉ ਭਾਗੈ.
ਰਵਿ ਸਸਿ ਦੀਪਕ ਗੁਰਮਤਿ ਦੁਆਰੈ, ਮਨ ਸਾਚਾ ਮੁਖ ਧਿਆਵਏ.
ਨਾਨਕ, ਮੂਰਖ ਅਜਹੁ ਨ ਚੇਤੈ, ਕਿਵ ਦੂਜੈ ਸੁਖ ਪਾਵਏ ?

੩

ਤੀਜਾ ਪਹਿਰ ਭਇਆ, ਨੀਂਦ ਵਿਆਪੀ, ਰਾਮ,
ਮਾਇਆ, ਸੁਤ, ਦਾਰਾ, ਦੂਖ ਸੰਤਾਪੀ, ਰਾਮ ; —
ਮਾਇਆ, ਸੁਤ, ਦਾਰਾ, ਜਗਤ ਪਿਆਰਾ, ਚੋਗ ਚੁਗੈ ਨਿਤ ਫਾਸੈ.
ਨਾਮੁ ਧਿਆਵੈ, ਤਾਂ ਸੁਖ ਪਾਵੈ, ਗੁਰਮਤਿ ਕਾਲ ਨ ਗ੍ਰਾਸੈ.
ਜੰਮਣ ਮਰਣ ਕਾਲ ਨਹੀ ਛੋਡੈ, ਵਿਣੁ ਨਾਵੈਂ ਸੰਤਾਪੀ.
ਨਾਨਕ, ਤੀਜੈ ਤ੍ਰਿਬਿਧ ਲੋਗਾ ਮਾਇਆ ਮੋਹ ਵਿਆਪੀ.

੪

[redacted]

ਚਉਥਾ ਪਹਿਰ ਭਇਆ, ਉਦੋਤ ਬਿਹਾਗੈ, ਰਾਮ,
ਤਿਨ ਘਰ ਰਾਖਿਅੜਾ, ਜੋ ਅਨਦਿਨ ਜਾਗੈ, ਰਾਮ ; —
ਗੁਰ ਪੂਛ ਜਾਗੇ ਨਾਮ ਲਾਗੇ ਤਿੰਨਾਂ ਰੈਣ ਸੁਹੇਲੀਆ.
ਗੁਰ ਸਬਦ ਕਮਾਵਹਿਂ ਜਨਮ ਨ ਆਵਹਿਂ, ਤਿਨਾ ਹਰਿ ਪ੍ਰਭੁ
ਬੇਲੀਆ.
ਕਰ ਕੰਪ, ਚਰਣ ਸਰੀਰ ਕੰਪੈ, ਨੈਣ ਅੰਧੁਲੇ, ਤਨ ਭਸਮ ਸੇ.
ਨਾਨਕ, ਦੁਖੀਆ ਜੁਗ ਚਾਰੇ ਬਿਨ ਨਾਮ ਹਰਿ ਕੇ ਮਨ ਵਸੇ.

੫

ਖੁੱਲੀ ਗੰਠੜੀਆ, "ਉਠ, ਲਿਖਿਆ ਆਇਆ," ਰਾਮ,

ਰਸਕਸ ਸੁਖ ਠਾਕੇ, ਬੰਧ ਚਲਾਇਆ, ਰਾਮ; —
ਬੇਧ ਚਲਾਇਆ, ਜਾਂ ਪ੍ਰਭ ਭਾਇਆ, ਨਾਂ ਸੀਸੇ ਨਾਂ ਸੁਣੀਐ
ਆਪਣ ਵਾਰੀ ਸਭ ਸੈ ਆਵੈ, ਪੱਕੀ ਖੇਤੀ ਲੁਣੀਐ.
ਘੜੀ ਚਸੇ ਕਾ ਲੇਖਾ ਲੀਜੈ, ਬੁਰਾ ਭਲਾ ਸਹੁ ਜੀਆ.
ਨਾਨਕ, ਸੁਰ ਨਰ ਸਬਦ ਮਿਲਾਏ, ਤਿਨ ਪ੍ਰਭ ਕਾਰਣ ਕੀਆ.

ਤਬ ਬਾਬਾ ਅਤੇ ਸੇਖ ਫਰੀਦ ਉਥਹੁੰ ਰਵੇ. ਤਬ ਓਹ ਆਇ ਦੇਖੈ, ਤਾਂ ਤਬਲਬਾਜ ਪਇਆ ਹੈ. ਤਬ ਚੁੱਕੇ, ਤਾਂ ਸੁਇਨੇ ਕਾ ਪਇਆ ਹੈ, ਅਤੇ ਮੁਹਰਾਂ ਨਾਲ ਭਰਿਆ ਹੈ. ਤਬ ਓਹ ਲੱਗਾ ਪੱਛੋਤਾਂਵਣ, ਆਖਓਸ, "ਦੀਨਦਾਰ ਫਕੀਰ ਥੇ, ਜੋ ਦਿਲੇ ਤੇ ਆਂਵਦਾ, ਤਾਂ ਦੀਨ ਪਾਵਤਾ; ਦੁਨੀਆਂ ਲੈ ਆਇਆ, ਤਾਂ ਦੁਨੀਆਂ ਮਿਲੀ." ਤਬ ਓਹ ਤਬਲਬਾਜ ਲੇਕਰ ਘਰ ਆਇਆ.

ਤਬ ਗੁਰੂ ਅਤੈ ਸੇਖ ਫਰੀਦ ਆਸਾ ਦੇਸ ਆਏ. ਤਬ ਆਸਾ ਦੇਸ ਕਾ ਰਾਜਾ ਜੋ ਥਾ, ਸੋ ਸਿਆਮ ਸੁੰਦਰ ਥਾ; ਸੋ ਉਸਕਾ ਕਾਲ ਹੂਆ ਥਾ. ਤਬ ਉਸਕੀ ਖੋਪਰੀ ਜਲੈ ਨਾਂਹੀ, ਅਨੇਕ ਜਤਨ ਕਰ ਰਹੇ. ਤਬ ਜੋਤਕੀ ਪੁੱਛੇ; ਜੋਤਕੀ ਆਖਿਆ, "ਇਨ ਏਕ ਵਾਰੀ ਮਿੱਥਿਆ

ਕਹਿਆ ਹੈ, ਤਿਸਤੇ ਇਸ ਕਾ ਜੀਉ ਕਸਟ ਮਹਿਂ ਪਇਆ ਹੈ." ਤਬ ਆਸਾ ਦੇਸ ਕੇ ਲੋਕ ਸਤਵਾਦੀ ਥੇ. ਦਿਨ ਕਉ ਬੀਜਦੇ ਹੈਂ, ਰਾਤ ਕਉ ਲੁਣਦੇ ਹੈਂ. ਤਬ ਆਸਾ ਦੇਸ ਕੇ ਲੋਕ ਲੱਗੇ "ਹਾਇ ਹਾਇ" ਕਰਨ. ਤਾਂ ਜੋਤਕੀਆਂ ਆਖਿਆ, ਜੇ "ਇਸ ਕੀ ਮੁਕਤਿ ਤਬ ਹੋਵੈ, ਜੋ ਕਿਸੈ ਸਾਧੂ ਕੇ ਚਰਣ ਲੱਗਨ." ਤਬ ਓਨਾਂ ਆਸਾ ਦੇਸ ਕੇ ਰਾਹ ਬੰਧੇ. ਏਕ ਦਰਵਾਜਾ ਰੱਖਿਆ. ਜੋ ਕੋਈ ਫਕੀਰ ਆਵੈ, ਤਾਂ ਉਸੈ ਦਰਵਾਜੈ ਕੱਢੀਐ. ਤਬ ਬਾਬਾ ਅਤੈ ਸੇਖ ਫਰੀਦ ਜਾਇ ਨਿੱਕਲੇ. ਜਬ ਨੇੜੇ ਗਏ, ਤਾਂ ਗੁਰੂ ਕਹਿਆ, "ਸੇਖ ਫਰੀਦ, ਪੈਰ ਧਰ." ਤਬ ਸੇਖ ਫਰੀਦ ਕਹਿਆ, "ਜੀ, ਮੇਰੀ ਕਿਆ ਮਜਾਲ ਹੈ, ਜੋ ਮੈਂ ਅੱਗੇ ਪੈਰ ਧਰਾਂ?" ਤਬ ਬਾਬੇ ਪੈਰ ਧਰਿਆ. ਤਬ ਖੋਪਰੀ ਫੁੱਟ ਗਈ; ਉਸ ਜੀਅ ਕੀ ਮੁਕਤਿ ਹੋਈ. ਤਬ ਸਾਰਾ ਆਸਾ ਦੇਸ ਆਇ ਪੈਰੀਂ ਪਇਆ. ਤਬ ਬਾਬਾ ਬੋਲਿਆ ਸਬਦ ਰਾਗ ਮਾਰੂ ਵਿੱਚ ਮਹੱਲਾ ੧ ਘਰ ੧ :——

ਮਿਲ ਮਾਤ ਪਿਤਾ ਪਿੰਡ ਕਮਾਇਆ.

Digitized by Panjab Digital Library | www.panjabdigilib.org

ਤਿਨ ਕਰਤੇ ਲੇਖ ਲਿਖਾਇਆ.
ਲਿਖ ਦਾਤ, ਜੋਤ, ਵਡਿਆਈ;
ਮਿਲ ਮਾਇਆ ਸੁਰਤ ਗਵਾਈ.
ਮੂਰਖ ਮਨ, ਕਾਹੇ ਕਰਸਹਿ ਮਾਣਾ?
ਉਠ ਚੱਲਣਾਂ ਖਸਮੈ ਭਾਣੇਂ.
ਤਜ ਸਾਦ, ਸਹਿਜ ਸੁਖ ਹੋਈ.
ਘਰ ਛੱਡਣੇ ਰਹੈ ਨ ਕੋਈ.
ਕਿਛੁ ਖਾਜੈ, ਕਿਛ ਧਰ ਜਾਈਐ,
ਜੇ ਬਾਹੁੜ ਦੁਨੀਆਂ ਆਈਐ.
ਸਜ ਕਾਂਇਆ ਪਟ ਹੰਢਾਏ,
ਫੁਰਮਾਇਸ ਬਹੁਤ ਚਲਾਏ,
ਕਰ ਸੇਜ ਸੁਖਾਲੀ ਸੋਵੈ,
ਹੱਥੀ ਪਉਂਦੀ, ਕਾਹੇ ਰੋਵੈ?
ਘਰ ਘੁਮਣਵਾਂਣੀ ਭਾਈ,
ਪਾਪ ਪੱਥਰ ਤਰਣੇ ਨ ਜਾਈ.
ਭਉ ਬੇੜਾ ਜੀਅ ਚੜਾਊ,
ਕਹੁ ਨਾਨਕ, ਦੇਵੈ ਕਾਹੂ.

ਤਬ ਰੋਟੀਆਂ ਲੈ ਲੈ ਆਵਨ. ਜੋ ਸੇਖ ਫਰੀਦ ਕਉ ਦੇਵਨ, ਤਿਸ ਕਉ ਆਖੇ, "ਮੈਂ ਖਾਧੀ ਹੈ, ਅਤੇ ਪੱਲੇ ਬੱਧੀ ਹੈ." ਤਬ ਆਸਾ ਦੇਸ ਕੇ ਲੋ-ਕਾਂ ਆਖਿਆ, "ਹੇ ਬੰਦੇ ਖੁਦਾਇ ਕੇ, ਤੂੰ ਕੋਈ ਉਸੀ ਦੇਸ ਮੁਲਕ ਕਾ ਕੂੜੀਆਰ ਹੈਂ, ਜਿਸ ਮੁਲਕ ਕਾ ਫਰੀਦ ਹੈ. ਜੋ ਰੋਟੀ ਕਾਠ ਕੀ ਹੈਸੁ. ਜੋ ਕੋਈ

Digitized by Panjab Digital Library | www.panjabdigilib.org

ਦੇਂਦਾ ਹੈ, ਤੂੰ ਆਖਦਾ ਹੈ, 'ਮੈਂ ਖਾਧੀ ਹੈ'." ਤਬ ਸੇਖ ਫਰੀਦ ਰੋਟੀ ਕਠ ਕੀ ਸੁੱਟ ਪਾਈ, ਆਖਿਓਸ, "ਇੱਕ ਵਾਰੀ ਕੂੜ ਆਪੇ ਦਾ ਸਦਕਾ ਰੱਜੇ ਇਤਨੀ ਸਜਾਇ ਪਾਈ ਹੈ, ਅਤੇ ਮੇਰਾ ਕਿਆ ਹਵਾਲ ਹੋਵੇਗਾ?" ਤਬ ਬਾਬੇ ਦੀ ਖੁਸੀ ਹੋਈ. ਸੇਖ ਫਰੀਦ ਵਿਦਿਆ ਕੀਤਾ. ਤਬ ਬਾਬਾ ਬੋਲਿਆ, "ਸੇਖ ਫਰੀਦ, ਤੁਸਾਂ ਵਿੱਚ ਖੁਦਾਇ ਹੈ, ਪਰ ਤੂ ਪੀਰ ਕਰ." ਤਬ ਸੇਖ ਫਰੀਦ ਵਿਦਿਆ ਹੋਇਆ. ਗਲ ਵਿੱਚ ਮਿਲੇ. ਤਬ ਗੁਰੂ ਸਬਦ ਬੋਲਿਆ ਰਾਗ ਸਿਰੀ ਰਾਗ ਵਿੱਚ ਮਹਲਾ ੧ :—

ਆਵਹੁ ਭੈਣੇ, ਗਲ ਮਿਲਾਹ ਅੰਕ, ਸਹੇਲੜੀਆਂਹ,<br>
ਮਿਲਕੈ ਕਰਹਿੰ ਕਹਾਣੀਆ ਸੰਮ੍ਰਥ ਕੰਤ ਕੀਆਂਹ.<br>
ਸਾਚੈ ਸਾਹਿਬ ਸਭ ਗੁਣ, ਅਵਗੁਣ ਸਭ ਅਸਾਂਹ.<br>
ਕਰਤਾ, ਸਭ ਕੋ ਤੇਰੈ ਜੋਰ.<br>
ਏਕ ਸਬਦ ਬੀਚਾਰੀਐ, ਜਾਂ ਤੂ, ਤਾਂ ਕਿਆ ਹੋਰ?<br>
ਜਾਇ ਪੁੱਛੋ ਸੋਹਾਗਣੀ, ਤੁੱਸੀ ਰਾਵਿਆ ਕਿੰਨੀ ਗੁਣੀ?"<br>
"ਸਹਿਜ ਸੰਤੋਖ ਸੀਗਾਰੀਆਂ, ਮਿੱਠਾ ਬੋਲਣੀ.<br>
ਪਿਰ ਰੀਸਾਲੂ ਤਾਂ ਮਿਲੇ, ਜਾਂ ਗੁਰੂ ਕਾ ਸਬਦ ਸੁਣੀ."<br>
ਕੇਤੀਆਂ ਤੇਰੀ ਕੁਦਰਤੀ, ਕੇਵਡ ਤੇਰੀ ਦਾਤ!<br>
ਕੇਤੇ ਤੇਰੇ ਜੀਅ ਜੰਤ ਸਿਫਤ ਕਰਹਿੰ ਦਿਨ ਰਾਤ!<br>
ਕੇਤੇ ਤੇਰੇ ਰੂਪ ਰੰਗ, ਕੇਤੇ ਜਾਤਿ ਅਜਾਤਿ!<br>
ਸੱਚ ਮਿਲੈ, ਸਚੁ ਊਪਜੈ, ਸਚ ਮਾਹਿ ਸਾਚ ਸਮਾਇ.

Digitized by Panjab Digital Library | www.panjabdigilib.org

ਸੁਰਤਿ ਹੋਵੈ, ਪਤ ਊਪਜੈ, ਗੁਰ ਬਚਨੀ ਭਉ ਖਾਇ.
ਨਾਨਕ, ਸੱਚਾ ਪਾਤਸਾਹ ਆਪੇ ਲਏ ਮਿਲਾਇ.

ਤਬ ਬਾਬਾ ਆਸਾ ਦੇਸ ਵਿੱਚ ਕੋਈ ਦਿਨ ਰਹਿਆ. ਸਾਰਾ ਆਸਾ ਦੇਸ ਲੱਗਾ ਜਪਣ; ਨਾਂਉ ਧਰੀਕ ਸਿੱਖ ਹੋਏ. ਇੱਕ ਮੰਜੀ ਆਸਾ ਦੇਸ ਵਿੱਚ ਹੈ. ਤਬ ਗੁਰੂ ਬਾਬੇ ਦੀ ਖੁਸੀ ਹੋਈ ਆਸਾ ਦੇਸ ਉੱਪਰ. ਤਬ ਉਥਹੁੰ ਰੰਉਦੇ ਰਹੇ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

## ਸਖੀ ਉਨਤੀਹਵੀਂ ਚੱਲੀ.

ਤਬ ਬਿਸੀਅਰ ਦੇਸ ਜਾਇ ਪ੍ਰਗਟੇ. ਤਬ ਕੋਈ ਬੈਠਨ ਦੇਵੇ ਨਾਂਹੀ. ਜਹਾਂ ਜਾਇ ਖਲੋਂਵਨ, ਤਹਾਂ ਚਉਕੇ ਦੇਵਨ, ਵਾਸੇ ਦੇਖਕਰ. ਤਬ ਝੰਡਾ ਬਾਢੀ ਆਇ ਨਿੱਕਲਿਆ; ਤਬ ਓਹ ਘਰ ਲੈ ਗਇਆ. ਪੈਰ ਧੋਇਕੈ ਪੀਤਿਆਸੁ, ਪੀਵਣੇਂ ਨਾਲ ਗੁਰੂ ਨਦਰੀ ਆਇਓਸ. ਉਦਾਸੀ ਹੋਇਆ ਨਾਲ ਲੱਗਾ ਫਿਰਣ.

ਪ੍ਰਿਥਮੇ ਬਾਬੇ ਉਦਾਸੀ ਕੀਤੀ ਪੂਰਬ ਕੀ. ਤਿਤ ਸਮੇ ਬੈਠਾ ਥਾ ਸਮੁੰਦ੍ਰ ਕੀ ਬਰੇਤੀ ਵਿੱਚ. ਪਉਣ ਅਹਾਰ ਕੀਆ. ਨਾਲ ਝੰਡਾ ਬਾਢੀ ਥਾ ਬਿਸੀਅਰ ਦੇਸ ਕਾ, ਤਿਸ ਕਉ ਜੁਗਾਵਲੀ ਮਿਲੀ; ਪ੍ਰਾਪਤ ਹੋਈ, ਨਗਰ ਛੁਟਾਘਾਟ ਕਾ. ਤਿਤ ਸਮੇ ਬਿਸਮਾਦ ਪੜਦਾ ਥਾ. ਅੱਗੇ ਜੁਗਾ-ਵਲੀ ਚੱਲੀ. ਜੁਗਾਵਲੀ ਕਾ ਸੁਮਾਰ ਸਾਰਾ ਹੀ ਲਿਖਿਆ. ਤਬ ਬਾਬੇ ਦੀ ਖੁਸੀ ਹੋਈ. ਤਬ ਝੰਡੇ ਬਾਢੀ ਬਿਸੀਅਰ ਦੇਸ ਕਉ ਵਿਦਿਆ ਕੀਤਾ

ਈਰੇ ਬਾਢੀ ਕੀ ਮੰਜੀ ਬਿਸੀਅਰ ਦੇਸ ਵਿੱਚ ਹੈ. ਤਬ ਬਾਬਾ ਅਤੇ ਮਰਦਾਨਾ ਉਥਹੁੰ ਰੋਂਉ-ਦੇ ਰਹੇ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਤੀਹਵੀਂ ਚੱਲੀ.

ਉਥਹੁ ਚੱਲੇ. ਜਾਂਦੇ ਜਾਂਦੇ ਵੱਡੀ ਉਜਾੜ ਵਿੱਚ ਜਾਇ ਪਏ; ਤਬ ਉਥੈ ਕੋਈ ਮਿਲੈ ਨਾਂਹੀ. ਤਬ ਮਰਦਾਨੇ ਨੂੰ ਭੁੱਖ ਲੱਗੀ; ਤਬ ਮਰਦਾਨੇ ਆਖਿਆ, "ਸੁਹਾਣ ਤੇਰੀ ਭਗਤਿ ਨੂੰ! ਅਸੀ ਤੂੰ ਮਸੇ ਮੁਲਖ ਦੇ ਟੁਕੜੇ ਮੰਗ ਖਾਂਦੇ ਸੇ; ਓਥਹੁੰ ਭੀ ਗਵਾਇਆ! ਅਸੀਂ ਤਾਂ ਵੱਡੀ ਉਜਾੜੀ ਵਿੱਚ ਆਇ ਪਏ ਆਹੇ; ਖੁਦਾਇ ਕੱਢੈ, ਤਾਂ ਨਿਕਲਹਿੰ! ਹੁਣ ਕੋਈ ਸੀਂਹ ਬੁੱਕ ਪਏਗਾ, ਤਾਂ ਮਾਰ ਜਾਵੇਗਾ!" ਤਬ ਬਾਬੇ ਆਖਿਆ, "ਮਰਦਾਨਿਆਂ, ਤੇਰੇ ਨੇੜੇ ਕੋਈ ਨਹੀਂ ਆਂਵਦਾ, ਹੋਸਿਆਰ ਹੋਇ." ਆਖਿਓਸੁ, "ਜੀ, ਕਿਉਂ ਕਰ ਹੋਸਿਆਰ ਹੋਵਾਂ, ਉਜਾੜੀ ਵਿੱਚ ਆਇ ਪਾਇਆ ਹੋਈ?" ਤਬ ਬਾਬੇ ਆਖਿਆ, "ਮਰਦਾਨਿਆਂ, ਅਸੀ ਉਜਾੜ ਵਿੱਚ ਨਾਂਹੀ, ਅਸੀਂ ਵਸਤੀ ਵਿੱਚ ਹਹਿ, ਜਿਥੇ ਨਾਂਉ ਚਿੱਤ ਆਂਵਦਾ ਹੈ." ਓਥੇ ਬਾਬਾ ਸਬਦ ਬੋਲਿਆ ਰਾਗ ਆਸਾ ਵਿੱਚ ਮਹਲਾ ੧ ਘਰ ੪ :-

Digitized by Panjab Digital Library | www.panjabdigilib.org

ਦੇਵਤਿਆਂ ਦਰਸਨਕੈ ਤਾਂਈ, ਦੂਖ, ਭੂਖ, ਤੀਰਥ ਕੀਏ,
ਜੋਗੀ, ਜਤੀ ਜੁਗਤ ਮਾਹਿ ਰਹਿਤੇ, ਕਰ ਕਰ ਭਗਵੇ ਭੇਸ ਭਏ,
ਤਉ ਕਾਰਣ, ਮੇਰੇ ਸਾਹਿਬਾ, ਰੰਗ ਰਤੇ ਦਰਵੇਸ ਭਏ.
ਤੇਰੇ ਨਾਮ ਅਨੇਕ, ਰੂਪ ਅਨੰਤਾ, ਕਹਣ ਨ ਜਾਹੀ ਤੇਰੇ ਗੁਣ ਕੇਤੇ।
ਦਰ, ਘਰ, ਮਹਿਲਾ, ਹਸਤੀ, ਘੋੜੇ, ਛੋਡ ਵਲਾਇਤ ਦੇਸ ਗਏ,
ਪੀਰ, ਪੈਕੰਬਰ, ਸਾਲਿਕ, ਸਾਦਿਕ, ਛੋਡੀ ਦੁਨੀਆਂ ਥਾਂਇ ਪਏ,
ਸਾਦ ਸਹਿਜ ਸੁਖ ਰਸ ਕਸ ਤਜੀਅਲੇ, ਕੱਪੜ ਛੋਡੇ ਚਮੜ ਲੀਏ,
ਦੁਖੀਏ ਦਰਦਵੰਦ ਦਰ ਤੇਰੇ ਨਾਮ ਰਤੇ ਦਰਵੇਸ ਭਏ,
ਖਲੜੀ, ਖਪਰੀ, ਲਕੜੀ, ਚਮੜੀ, ਸਿਖਾ, ਸੂਤ, ਧੋਤੀ ਕੀਨੀ.
ਤੂੰ ਸਾਹਿਬ, ਹਉ ਸਾਂਗੀ ਤੇਰਾ, ਨਾਨਕ, ਭਗਤਾਂ ਜਾਤਿ ਕੈਸੀ?

ਤਬ ਬਾਬੇ ਆਖਿਆ, "ਮਰਦਾਨਿਆਂ, ਤਉ ਬਾਂਣੀ ਬਾਝਹੁ ਸਰ ਨਹੀਂ ਆਂਵਦੀ." ਤਬ ਗੁਰੂ ਬਾਬੇ ਆਖਿਆ, "ਮਰਦਾਨਿਆਂ, ਸਬਦ ਚਿੱਤ ਕਰ, ਰਬਾਬ ਵਜਾਇ." ਤਬ ਮਰਦਾਨੇ ਆਖਿਆ, "ਜੀ, ਮੇਰਾ ਘਟ ਭੁੱਖ ਨਾਲ ਮਿਲ ਗਇਆ ਹੈ; ਮੈਂ ਰਬਾਬ ਨਾਂਹੀ ਵਜਾਇ ਸਕਦਾ." ਤਬ ਬਾਬੇ ਆਖਿਆ, "ਮਰਦਾਨਿਆਂ, ਚਲ ਪਿੱਛੈ ਕਿਸੈ ਵਸਤੀ ਜਾਹੁ." "ਅਜੀ, ਮੈਂ ਵਸਤੀ ਭੀ ਨਾਂਹੀ ਜਾਇ ਸਕਦਾ, ਮੇਰਾ ਭੁੱਖ ਨਾਲ ਘਟ ਮਿਲ ਗਇਆ ਹੈ;

ਹੰਉ ਮਰਦਾ ਹਾਂ." ਤਬ ਬਾਬੇ ਆਖਿਆ, "ਮਰ-
ਦਾਨਿਆਂ, ਹੰਉ ਤੈਨੂੰ ਐਉਂ ਮਰਣ ਨਾਹੀਂ ਦੇਂਦਾ,
ਹੋਸੀਆਰ ਹੋਹ." ਆਖਿਓਸੁ, "ਜੀ, ਹੰਉ ਕਿਉਂ-
ਕਰ ਹੋਸ਼ੀਆਰ ਹੋਵਾਂ? ਹੰਉ ਮਰਦਾ ਹਾਂ, ਮੇਰੀ ਜੀ-
ਵਣੇ ਦੀ ਗੱਲ ਰਹੀ ਹੈ." ਤਬ ਮਰਦਾਨੇ ਆਖਿਆ,
"ਜੀ, ਮੈਨੂੰ ਦੁੱਖ ਨ ਦੇਇ." ਤਬ ਬਾਬੇ ਆਖਿਆ,
"ਮਰਦਾਨਿਆਂ, ਇਸ ਰੁੱਖ ਦੇ ਫਲ ਖਾਹਿ, ਪਰ
ਰੱਜ ਕੇ ਖਾਹਿ ਜਿਤਨੇ ਖਾਇ ਸਕਦਾ ਹੈਂ, ਪਰ ਪੱਲੈ
ਬੰਨੀਂ ਨਾਂਹੀ." ਤਬ ਮਰਦਾਨਾ ਲੱਗਾ ਖਾਂਵਣ,
ਫਲਾਂ ਕਾ ਸੁਆਦ ਆਇਓਸੁ, ਜਾਂਣੈ ਸੱਭੇ ਖਾਇ
ਲਈ, ਫਿਰ ਹੱਥ ਆਵਨਗੇ ਕੇ ਨਾਂਹੀ ਆਂਵਨ-
ਗੇ; ਕੁਛ ਪੱਲੈ ਭੀ ਬੰਨ੍ਹ ਲਈ, ਮਤ ਹੱਥ ਆਂ-
ਵਨਗੇ ਕਿ ਨਾਂਹੀ." ਤਾਂ ਮਰਦਾਨੇ ਪੱਲੇ ਭੀ ਬੰਨ੍ਹ
ਲਏ. ਉੱਥਹੁ ਰੰਉਦੇ ਰਹੇ.

ਜਾਂਦੇ ਜਾਂਦੇ ਅੱਗੇ ਮਰਦਾਨੇ ਨੂੰ ਫਿਰ ਭੁੱਖ
ਲੱਗੀ, ਆਖਿਓਸੁ, "ਖਾਂਵਾਂ." ਜਾਂ ਮੂੰਹ ਪਾਏ,
ਤਾਂ ਉਤੈ ਵੇਲਲੇ ਢਹਿ ਪਇਆ. ਤਬ ਬਾਬੇ ਆ-
ਖਿਆ, "ਕਿਆ ਹੋਇਆ, ਮਰਦਾਨਿਆਂ?"

Digitized by Panjab Digital Library | www.panjabdigilib.org

"ਜੀਉ ਪਾਤਸਾਹ! ਤੁਧ ਆਖਿਆ ਥਾ, ਸੋ ਹੋਇ-
ਆ. ਤੁਸਾਂ ਆਖਿਆ ਆਹਾ, ਜੋ ਖਾਹਿ ਸੋ ਖਾਹਿ,
ਰਹਿਦੇ ਪੱਲੇ ਨਾਂਹੀ ਬੰਨੀਂ." ਮੈਂ ਆਖਿਆ, ਕੁਛ
ਪੱਲੈ ਭੀ ਬੰਨ ਲਈਂ, ਮਤ ਹੱਥ ਆਵਨ ਕਿ ਨਾਂ
ਆਵਨ. ਸੋ ਮੁਹਿੰ ਪਾਏ ਸਨ, ਮੇਰਾ ਇਹ ਹਵਾਲ
ਹੋਇ ਗਇਆ." ਤਬ ਬਾਬੇ ਆਖਿਆ, "ਮਰਦਾ-
ਨਿਆਂ, ਤੁਧ ਬੁਰਾ ਕੀਤਾ ਸੀ, ਜੋ ਮੁੰਹਿ ਪਾਏ ਸਨ.
ਪਰ ਇਹ ਬਿਖ ਫਲ ਸਨ, ਪਰ ਬਚਨ ਪਾਇ ਕੈ
ਅੰਮ੍ਰਿਤਫਲ ਹੋਏ ਸਨ." ਤਬ ਬਾਬੇ ਮੱਥੇ ਉੱਪਰ
ਪੈਰ ਰੱਖਿਆ; ਤਬ ਮਰਦਾਨਾ ਚੰਗਾ ਭਲਾ ਹੋ-
ਇਆ; ਉੱਠ ਬੈਠਾ. ਤਬ ਮਰਦਾਨੇ ਆਖਿਆ,
"ਸੁਹਾਣ ਤੇਰੀ ਭਗਤਿ ਨੂੰ, ਅਤੇ ਤੇਰੀ ਕਮਾਈ ਨੂੰ!
ਅਸੀਂ ਡੂੰਮ, ਮੰਗ ਪਿੰਨ ਖਾਧਾ ਲੇਦ੍ਹਾਹੇਂ, ਤੂੰ
ਅਤੀਤ ਪੁਰਖ ਹੈਂ, ਖਾਂਵਹਿ ਪੀਵਂਹਿ ਭੀ ਕਿਛ ਨਾਂਹੀ,
ਅਤੇ ਵਸਤੀ ਵੜ੍ਹਹਿ ਨਾਂਹੀ! ਹੰਉ ਕਿਉਂ ਕਰ ਤੇਰੇ
ਨਾਲ ਰਹਾਂ? ਅਸਾਂ ਨੂੰ ਵਿਦਿਆ ਕਰ." ਤਬ ਬਾਬੇ
ਆਖਿਆ, "ਮਰਦਾਨਿਆਂ, ਮੇਰੀ ਬਹੁਤ ਖੁਸੀ ਹੈ
ਤੁਧ ਉੱਪਰ, ਤੂੰ ਕਿਉਂ ਕਰ ਵਿਦਿਆ ਮੰਗਦਾ ਹੈਂ?"

Digitized by Panjab Digital Library | www.panjabdigilib.org

ਤਬ ਮਰਦਾਨੇ ਆਖਿਆ, "ਸੁਹਾਣ ਤੇਰੀ ਖੁਸੀ ਨੂੰ! ਪਰ ਮੇਰੀ ਵਿਦਿਆ ਕਰ; ਹਉ ਆਪਣੇ ਘਰ ਜਾਵਾਂ". ਤਬ ਬਾਬੇ ਆਖਿਆ, "ਕਿਵੈਂ ਰਹੈਂ ਭੀ?" ਤਬ ਮਰਦਾਨੇ ਆਖਿਆ, "ਤਾਂ ਰਹਾਂ, ਜੇ ਮੇਰੀ ਭੁੱਖ ਗਵਾਂਵੇਂ. ਜੋ ਤੇਰਾ ਅਹਾਰ ਹੋਵੈ, ਸੋ ਮੇਰਾ ਅਹਾਰ ਕਰਹਿੰ; ਜੇ ਤੂੰ ਇਹੁ ਕੰਮ ਕਰਹਿੰ, ਤਾਂ ਤੇਰੇ ਨਾਲ ਰਹਾਂ. ਜੇ ਇਹ ਭੀ ਬਚਨ ਕਰਹਿੰ, ਜੋ ਮੇਰੇ ਕਰਮ ਭੀ ਨਾਂ ਵੀਚਾਰਹਿੰ, ਤਾਂ ਹਉ ਤੇਰੇ ਨਾਲ ਰਹਾਂ. ਜੇ ਇਤਨਾਂ ਕੰਮ ਨਾਂ ਕਰਹਿੰ, ਤਾਂ ਮੇਰੀ ਵਿਦਿਆ ਕਰ." ਤਬ ਗੁਰੂ ਬਾਬਾ ਬੋਲਿਆ, ਆਖਿਓਸੁ, "ਜਾਹਿ, ਮਰਦਾਨਿਆਂ, ਤੂੰ ਦੀਨ ਦੁਨੀਆਂ ਨਿਹਾਲ ਹੋਇਆ." ਤਬ ਮਰਦਾਨਾਂ ਉੱਠ ਪੈਰੀਂ ਪਇਆ. ਗੁਰੂ ਬਾਬੇ ਇਤਨੀਆਂ ਵਸਤੂ ਦਿੱਤੀਆਂ, ਮੱਥਾ ਟੇਕਦਿਆਂ ਨਾਲ, ਅਗਮ ਨਿਗਮ ਕੀ ਸੋਝੀ ਹੋਈ. ਤਬ ਮਰਦਾਨਾਂ ਬਾਬੇ ਨਾਲ ਫਿਰਨ ਲੱਗਾ. ਤਬ ਉਦਾਸੀ ਕਰਕੇ ਘਰ ਆਏ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

## ਸਾਖੀ ਇਕਤੀਹਵੀਂ ਚੱਲੀ.

ਤਬ ਬਾਰੀਂ ਵਰੀਂ ਆਇ ਕਰ ਫੇਰ ਤਲਵੰਡੀ ਆਏ. ਤਲਵੰਡੀ ਤੇ ਕੋਸ ਦੂੰਹ ਉੱਪਰ ਬਾਹਰ ਉਜਾੜ ਵਿੱਚ ਆਇ ਬੈਠੇ. ਤਬ ਘੜੀ ਇੱਕ ਸਸ-ਤਾਇ ਕਰ ਮਰਦਾਨੇ ਅਰਜ ਕੀਤੀ, ਜੋ "ਜੀ, ਮੈਂ-ਨੂੰ ਹੁਕਮ ਹੋਵੈ, ਤਾਂ ਘਰ ਜਾਵਾਂ? ਘਰ ਕੀ ਖਬਰ ਲਹਾਂ, ਦੇਖਾਂ ਅਸਾਡੇ ਆਦਮੀ ਕਿਉਂ ਕਰ ਹੈਨ! ਕੋਈ ਰਹਿਆ ਹੈ, ਕਿ ਕੋਈ ਨਹੀਂ ਰਹਿ-ਆ!" ਤਬ ਬਾਬਾ ਹੱਸਿਆ, ਹਸ ਕਰ ਕਹਿ-ਓਸ, "ਮਰਦਾਨਿਆਂ, ਤੇਰੇ ਆਦਮੀ ਮਰ ਗਏ, ਤਾਂ ਅਸੀਂ ਸੰਸਾਰ ਕਿਉਂ ਕਰ ਰੱਖਹਿੰਗੇ? ਪਰ ਤੇ-ਰੇ ਅਤਮੇ ਆਂਵਦੀ ਹੈ, ਤਾਂ ਜਾਹਿ ਮਿਲ ਆਉ; ਪਰ ਤੁਰਤ ਆਵੈਂ. ਅਤੇ ਕਾਲੂ ਦੇ ਘਰ ਜਾਵੈਂ, ਪਰ ਅਸਾ-ਡਾ ਨਾਂਉ ਲਈਂ ਨਹੀਂ." ਤਬ ਮਰਦਾਨਾ ਪੈਰੀਂ ਪੈ-ਕਰ ਤਲਵੰਡੀ ਆਇਆ; ਜਾਇ ਘਰ ਵੜਿਆ. ਤਬ ਲੋਕ ਬਹੁਤ ਜੁੜ ਗਏ; ਸਭ ਕੋਈ ਆਇ ਪੈਰੀਂ ਪਇਆ, ਅਤੇ ਸਭ ਲੋਕ ਆਖਨ, ਜੋ

'ਮਰਦਾਨਾਂ ਡੂਮ ਆਇਆ ਹੈ, ਪਰ ਨਾਨਕ ਦਾ ਸ-
ਇਆ ਹੈ. ਏਹ ਓਹ ਨਾਂਹੀ, ਸੰਸਾਰ ਤੇ ਵੱਧ ਹੋ-
ਆ ਹੈ.' ਜੋ ਆਂਵਦਾ ਹੈ, ਸੋ ਪੈਰੀਂ ਪਉਂਦਾ ਹੈ. ਤਬ
ਮਰਦਾਨਾਂ ਘਰ ਬਾਰ ਦੇਖ ਕਰ, ਕਾਲੂ ਦੇ ਵੇੜ੍ਹੇ ਵਿੱਚ
ਗਇਆ; ਜਾਇ ਬੈਠਾ. ਤਬ ਬਾਬੇ ਦੀ ਮਾਤਾ ਉੱਠ
ਗਲ ਨੂੰ ਰੇਮੜੀ, ਲੱਗੀ ਬੈਰਾਗ ਕਰਣ. ਬੈਰਾਗ
ਕਰ ਕੈ ਆਖਿਓਸ, "ਮਰਦਾਨਿਆਂ, ਕਿਥਾਂਊਂ ਨਾ-
ਨਕ ਦੀ ਖਬਰ ਦੇਹਿ?" ਤਬ ਸਾਰੇ ਵੇੜ੍ਹੇ ਦੇ ਲੋਕ
ਜੁੜ ਗਏ. ਸਭ ਲੋਕ ਪੁੱਛਣ ਲੱਗੇ; ਤਾਂ ਮਰਦਾਨੇ
ਆਖਿਆ, "ਭਾਈ ਜੀ, ਜਾਂ ਸੁਲਤਾਨਪੁਰ ਆਹ,
ਤਾਂ ਮੈਂ ਭੀ ਨਾਲ ਆਹਾ; ਫੇਰ ਪਿਛਲੀ ਖਬਰ
ਮੈਨੂੰ ਨਹੀਂ." ਤਬ ਘੜੀ ਇੱਕ ਬਹਿ ਕਰ ਮਰਦਾਨਾਂ
ਉਠ ਚੱਲਿਆ. ਤਬ ਬਾਬੇ ਦੀ ਮਾਤਾ ਆਖਿਆ,
"ਭਾਈ, ਓਹ ਈਵੈਂ ਤੁਰਤ ਜੇ ਉੱਠ ਵੇੜ੍ਹੇ ਵਿਚੋਂ
ਗਇਆ, ਸੋ ਖਾਲੀ ਨਾਂਹੀ." ਤਬ ਮਾਤਾ ਉੱਠ
ਖੜੀ ਹੋਈ. ਕੁਛ ਕੱਪੜੇ, ਕੁਛ ਮਿਠਿਆਈ ਲੈ
ਕਰ, ਪਿੱਛਹੁ ਮਰਦਾਨੇ ਨੂੰ ਮਿਲੀ. ਆਖਿਓਸੁ
"ਮਰਦਾਨਿਆਂ, ਮੈਨੂੰ ਨਾਨਕ ਮਿਲਾਇ."

Digitized by Panjab Digital Library | www.panjabdigilib.org

ਤਾਂ ਮਰਦਾਨਾ ਚੁੱਪ ਕਰ ਰਹਿਆ. ਤਾਂ ਉੱਥਹੁੰ ਚਲੇ. ਆਂਵਦੇ ਆਂਵਦੇ ਜਾਂ ਕੋਹਾਂ ਦੂਹ ਉੱਪਰ ਆਏ, ਤਾਂ ਬਾਬਾ ਉਥੈ ਬੈਠਾ ਥਾ. ਤਬ ਬਾਬੇ ਡਿੱਠਾ ਜੋ ਮਾਤਾ ਤੇ ਮਰਦਾਨਾ ਆਏ. ਤਬ ਬਾਬਾ ਆਇ ਕਰ ਪੈਰੀਂ ਪਾਇਆ; ਤਬ ਮਾਤਾ ਨੇ ਸਿਰ ਚੁੰਮਿ ਲਿਆ. ਤਬ ਮਾਤਾ ਲੱਗੀ ਬੈਰਾਗ ਕਰਣ. "ਹਉ ਵਾਰੀ! ਹਉ ਵਾਰੀ! ਬੇਟਾ; ਹਉ ਵਾਰੀ ਤੁਧ ਵਿਟਹੁੰ; ਜਿੱਥੇ ਤੂੰ ਫਿਰਦਾ ਹੈਂ, ਤਿਸ ਥਾਂਉਂ ਵਿਟਹੁੰ ਹਉ ਵਾਰੀ! ਤੁਧ ਨਿਹਾਲ ਕੀਤਾ ਆਪਣਾ ਮੂੰਹ ਦਿਖਾ ਲਿਆ." ਤਬ ਬਾਬਾ ਭੀ ਮਾਤਾ ਕਉ ਦੇਖ ਕਰ ਬਹੁਤ ਖੁਸੀ ਹੋਇਆ, ਲੱਗਾ ਬੈਰਾਗ ਕਰਣ, ਬੈਰਾਗ ਕਰ ਕੇ ਹੱਸਿਆ. ਤਬ ਬਾਬੇ ਕਹਿਆ, "ਮਰਦਾਨਿਆਂ, ਰਬਾਬ ਵਜਾਇ." ਮਰਦਾਨੇ ਰਬਾਬ ਵਜਾਇਆ. ਬਾਬੇ ਸਬਦ ਉਠਾਇਆ ਰਾਗ ਵਡਹੰਸ ਵਿੱਚ ਮਹਲਾ ੧ ਘਰ ੧ :—

ਆਮਲੀ ਅਮਲ ਨ ਅੰਬੜੈ, ਮੱਛੀ ਨੀਰ ਨ ਹੋਇ.
ਜੋ ਰੱਤੇ ਸਹਿ ਆਪਣੈ, ਤਿਨ ਭਾਵੈ ਸਭ ਕੋਇ.
ਹਉ ਵਾਰੀਐ ਵੰਞਾਂ, ਖੰਨੀਐ ਵੰਞਾਂ, ਤਉ ਸਾਹਬ ਕੇ ਨਾਵੈਂ.
ਸਾਹਿਬ ਸਫਲਿਓ ਰੁੱਖੜਾ ਅੰਮ੍ਰਿਤ ਜਾਂ ਕਾ ਨਾਂਉ,

Digitized by Panjab Digital Library | www.panjabdigilib.org

ਜਿਨ ਪੀਆ ਤੇ ਤ੍ਰਿਪਤ ਭਏ; ਹਉ ਤਿਨ ਬਲਿਹਾਰੈ ਜਾਂਉ.
ਮੈ ਕੀ ਨਦਰ ਨ ਆਵਈ, ਵੱਸਹਿ ਹੱਭੀਆਂ ਨਾਲ,
ਤ੍ਰਿਖਾ ਤਿਹਾਇਆ ਕਿਉਂ ਲਹੈ, ਜਾਂ ਸਰ ਭੀਤਰ ਪਾਲ?
ਨਾਨਕ ਤੇਰਾ ਬਾਣੀਆਂ, ਤੂ ਸਾਹਿਬ ਮੈ ਰਾਸਿ.
ਮਨ ਤੇ ਧੋਖਾ ਤਾਂ ਲਹੈ, ਜਾਂ ਸਿਫਤ ਕਰੀ ਅਰਦਾਸ.

ਤਬ ਫੇਰ ਮਾਤਾ ਕੱਪੜੇ ਮਿਠਿਆਈ ਅੱਗੇ ਰੱਖੀ. ਤਬ ਮਾਤਾ ਆਖਿਆ, "ਬੱਚਾ, ਤੂ ਖਾਹਿ." ਤਬ ਬਾਬੇ ਆਖਿਆ, "ਮਾਤਾ, ਹਉ ਰੱਜਾ ਹਾਂ." ਮਾਤਾ ਆਖਿਆ, "ਬੇਟਾ, ਤੂ ਕਿਤ ਖਾਧੇ ਰੱਜਾ ਹੈਂ?" ਤਬ ਬਾਬੇ ਆਖਿਆ, "ਮਿਰਦਾਨਿਆਂ, ਰਬਾਬ ਵਜਾਇ." ਤਾਂ ਬਾਬੇ ਸਬਦ ਕੀਤਾ ਰਾਗ ਸਿਰੀ ਰਾਗ ਵਿੱਚ ਮਹਲਾ ੧ :—

ਸਭ ਰਸ ਮਿਠੇ ਮੰਨਿਐ, ਸੁਣਿਐ ਸਾਲੋਣੇ,
ਖਟਤੁਰਸੀ ਮੁਖ ਬੋਲਣਾਂ, ਮਾਰਣ ਨਾਦ ਕੀਏ;
ਛਤੀਹ ਅੰਮ੍ਰਿਤ ਭਾਉ ਏਕ, ਜਾਂਕੇ ਨਦਰ ਕਰੇਇ.
ਮਾਤਾ, ਹੋਰ ਖਾਣਾਂ ਖੁਸੀ ਖੁਆਰ,
ਜਿਤ ਖਾਧੇ ਤਨ ਪੀੜੀਆਹਿ, ਮਨ ਮਾਹਿ ਚਲੈ ਵਿਕਾਰ.

ਤਬ ਫੇਰ ਮਾਤਾ ਕਹਿਆ, "ਏਹ ਖਿਲਕਾ ਗਲਹੁ ਉਤਾਰ, ਨਵੇਂ ਕੱਪੜੇ ਪਹਿਰ." ਤਬ ਬਾਬੇ ਪਉੜੀ ਦੂਜੀ ਆਖੀ :—

Digitized by Panjab Digital Library | www.panjabdigilib.org

ਰੱਤਾ ਪੈਨਣ ਮਨ ਰੱਤਾ, ਸੁਪੈਦੀ ਸਤ ਦਾਨ,
ਨੀਲੀ ਸਿਆਹੀ ਕਦਾ ਕਰਣੀ, ਪਹਿਰਣ ਪੈਰ ਧਿਆਨ,
ਕਮਰਬੰਧ ਸੰਤੋਖ ਕਾ, ਧਨ ਜੋਬਨ ਤੇਰਾ ਨਾਮ.
ਬਾਬਾ, ਹੋਰ ਪੈਨਣ ਖੁਸੀ ਖੁਆਰ,
ਜਿਤ ਪੈਧੇ ਤਨ ਪੀੜੀਐ, ਮਨ ਮਹਿ ਚਲੈ ਵਿਕਾਰ.

ਤਬ ਬਾਬੇ ਕਾਲੂ ਨੂੰ ਖਬਰ ਹੋਈ. ਤਬ ਕਾਲੂ ਘੋੜੀ ਚੜ੍ਹ ਕੇ ਆਇਆ. ਜਾਂ ਆਇਆ, ਤਾਂ ਬਾਬਾ ਪੈਰੀਂ ਪਾਇਆ, ਨਮਸਕਾਰ ਕੀਤੋਸੁ; ਪਰਦੱਖਣਾ ਦੇਕਰ ਬੈਠ ਗਏ. ਤਬ ਕਾਲੂ ਲੱਗਾ ਬੈਰਾਗ ਕਰਣ. ਤਬ ਕਾਲੂ ਕਹਿਆ, "ਨਾਨਕ, ਘੋੜੀ ਚੜ੍ਹ ਕੈ ਘਰ ਚੱਲ"! ਤਬ ਗੁਰੂ ਨਾਨਕ ਜੀ ਕਹਿਆ "ਪਿਤਾ ਜੀ ਘੋੜੇ ਮੇਰੇ ਕੰਮ ਨਹੀ ਆਂਵਦੇ"! ਤਬ ਬਾਬੇ ਪਉੜੀ ਤੀਜੀ ਆਖੀ :—

ਘੋੜੇ, ਪਾਖਰ, ਸੁਇਨੇ ਸਾਖਤ, ਬੂਝਣ ਤੇਰੀ ਵਾਟ,
ਤਰਕਸ ਤੀਰ, ਕਮਾਣ, ਸਾਂਗ, ਤੇਗ ਬੰਧ ਗੁਣ ਧਾਤ,
ਵਾਜਾ, ਨੇਜਾ, ਪਤ ਸਿਉ ਪਰਗਟ, ਕਰਮ ਤੇਰਾ, ਮੇਰੀ ਜਾਤ.
ਬਾਬਾ, ਹੋਰ ਚੜ੍ਹਨਾ ਖੁਸੀ ਖੁਆਰ,
ਜਿਤ ਚੜ੍ਹਿਐ ਤਨ ਪੀੜੀਐ ਮਨ ਮਹਿ ਚਲੈ ਵਿਕਾਰ.

ਤਬ ਫੇਰ ਕਾਲੂ ਕਹਿਆ, "ਬੱਚਾ, ਤੂ ਇਕੱਵਾਰੀ ਘਰ ਚੱਲ. ਨਵੇਂ ਘਰ ਉਸਾਰੇ ਹੈਨ, ਤੂ ਵੇਖ,

ਚਿਰਾਂ ਪਿਛਹੁ ਆਇਆ; ਤੇਰਾ ਪਰਵਾਰ ਹੈ; ਤੂੰ ਮਿਲ ਕਰ ਆਉ; ਅਤੇ ਜੇ ਤੁਧ ਭਾਵਸੀ, ਤਾਂ ਫੇਰ ਜਾਵੈਂ." ਤਬ ਫੇਰ ਬਾਬੇ ਚਉਥੀ ਪਉੜੀ ਆਖੀ :—

ਘਰ ਮੰਦਰ ਖੁਸੀ ਨਾਮ ਕੀ, ਨਦਰ ਤੇਰੀ ਪਰਵਾਰ,
ਹੁਕਮ ਸੋਈ ਤੁਧ ਭਾਵਸੀ, ਹੋਰ ਆਖਣ ਬਹੁਤ ਅਪਾਰ.
ਨਾਨਕ, ਸੱਚਾ ਪਾਤਸਾਹ ਪੁੱਛ ਨ ਕਰੇ ਬੀਚਾਰ.
ਬਾਬਾ, ਹੋਰ ਸਉਣਾ ਖੁਸੀ ਖੁਆਰ,
ਜਿਤ ਸੁੱਤੇ ਤਨ ਪੀੜੀਆਹਿ, ਮਨ ਮਾਹਿ ਚਲੇ ਵਿਕਾਰ.

ਤਬ ਫੇਰ ਕਾਲੂ ਆਖਿਆ, "ਬੱਚਾ, ਤੇਰਾ ਜੀਉ ਕਿਤ ਗੱਲੇ ਖੁੱਟਾ ਹੋਇਆ ਹੈ? ਤੂੰ ਮੈਨੂੰ ਦੱਸ. ਜੇ ਆਖੇਂ, ਤਾਂ ਹੋਰ ਵੀਵਾਹ ਕਰਾਂਈ?" ਤਬ ਬਾਬਾ ਬੋਲਿਆ ਸਬਦ ਰਾਗ ਸੂਹੀ ਵਿੱਚ ਮਹੱਲਾ ੧ ਘਰ ੪ ਛੰਤ :—

ਜਿਨ ਕੀਆ ਤਿਨ ਦੇਖਿਆ ਜਗ, ਧੰਧੜੈ ਲਾਇਆ.
ਦਾਨ ਤੇਰੈ ਘਟ ਚਾਨਣਾ, ਤਨ ਚੰਦ ਦੀਪਾਇਆ;—
ਚੰਦੋ ਦੀਪਾਇਆ ਦਾਨ ਹਰਿ ਕੈ, ਦੁਖ ਅੰਧੇਰਾ ਉਠ ਗਇਆ.
ਗੁਣ ਜੰਞ ਲਾੜੇ ਨਾਲ ਸੋਹੈ ਪਰਖ ਮੋਹਣੀਐ ਲਇਆ;
ਵੀਵਾਹ ਹੋਇਆ ਸੋਭ ਸੇਤੀ ਪੰਚ ਸਬਦੀ ਆਇਆ.
ਜਿਨ ਕੀਆ ਤਿਨ ਦੇਖਿਆ ਜਗ, ਧੰਧੜੈ ਲਾਇਆ.
ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ.

Digitized by Panjab Digital Library | www.panjabdigilib.org

ਇਹ ਤਨ ਜਿਨ ਸਿਉ ਗਾਡ੍ਰਿਆ, ਮਨ ਲੀਅੜਾ ਦੀਤਾ; —
ਲੀਆ ਤ ਦੀਆ ਮਾਨ ਜਿਨ ਸਿਉ, ਸੇ ਸਜਨ ਕਿਉ ਵੀਸਰਹਿ?
ਜਿਨ ਦਿਸ ਆਇਆ ਹੋਹਿ ਰਲੀਆਂ, ਜੀਅ ਸੇਤੀ ਗਹਿ ਰਹਹਿ.
ਸਗਲ ਗੁਣ, ਅਵਗੁਣ ਨ ਕੋਈ ਹੋਹਿ ਨੀਤਾ ਨੀਤਾ.
ਹਉ ਬਲਿਹਾਰੀ ਸਾਜਨਾ ਮੀਤਾ ਅਵਰੀਤਾ.

ਗੁਣਾਂ ਕਾ ਹੋਵੈ ਵਾਸੁਲਾ ਕਢ ਵਾਸ ਲਈਜੈ
ਜੇ ਗੁਣ ਹੋਵਨ ਸਾਜਨਾਂ, ਮਿਲ ਸਾਂਝ ਕਰੀਜੈ; —
ਸਾਂਝ ਕੀਜੈ ਗੁਣਾਂ ਕੇਰੀ, ਛੋੜ ਅਵਗੁਣ ਚਲੀਐ.
ਪਹਿਰੇ ਪਟੰਬਰ, ਕਰ ਅਡੰਬਰ, ਆਪਣਾ ਪਿੜ੍ਹ ਮੱਲੀਐ.
ਜਿਥੈ ਜਾਇ ਬਹੀਐ, ਭਲਾ ਕਹੀਐ, ਝੋਲ ਅੰਮ੍ਰਿਤ ਪੀਜੈ.
ਗੁਣਾਂ ਕਾ ਹੋਵੈ ਵਾਸੁਲਾ ਕਢ ਵਾਸ ਲਈਜੈ.

ਆਪ ਕਰੇ, ਕਿਸ ਆਖੀਐ? ਹੋਰ ਕਰੇ ਨ ਕੋਈ.
ਆਖਣ ਤਾਂ ਕਉ ਜਾਈਐ ਜੇ ਭੂਲੜਾ ਹੋਈ; —
ਜੇ ਹੋਇ ਭੂਲਾ ਜਾਇ ਕਹੀਐ, ਆਪ ਕਰਤਾ ਕਿਉ ਭੂਲੇ?
ਸੁਣੇ ਦੇਖੇ ਬਾਝ ਕਹਿਐ ਦਾਨ ਅਣ ਮੰਗਿਆ ਦਿਵੈ.
ਦਾਨ ਦੇਇ ਦਾਤਾ ਜਗ ਬਿਧਾਤਾ, ਨਾਨਕਾ, ਸਚ ਸੋਈ.
ਆਪ ਕਰੈ, ਕਿਸ ਆਖੀਐ? ਹੋਰ ਕਰੈ ਨ ਕੋਈ.

ਤਬ ਬਾਬੇ ਆਖਿਆ, "ਪਿਤਾ ਜੀ, ਓਹ ਬਿਧਾਤਾ ਪੁਰਖ ਹੈ, ਓਹ ਭੁੱਲਣ ਵਿੱਚ ਨਾਹੀ. ਜੇ ਉਸ ਸੰਜੋਗੁ ਕੀਤਾ ਹੈ, ਸੋ ਭਲਾ ਕੀਤਾ ਹੈ." ਤਾਂ ਮਾਤਾ ਆਖਿਆ, "ਬੱਚਾ, ਉਠੀ ਚਲ, ਅਵਾਂਈਆਂ ਛੋੜ. ਫਿਰ ਕਿਆ ਸੰਜੋਗ ਬਣੇਗਾ, ਜਿਤ ਫਿਰ ਮਿਲਹਿੰਗਾ?" ਤਬ ਬਾਬੇ

## ਸਬਦ ਕੀਤਾ ਰਾਗ ਮਾਰੂ ਵਿੱਚ ਮਹਲ ੧ ਘਰ ੧ :—

ਪਿੱਛਹੁ ਰਾਤੀ ਸੱਦੜਾ ਨਾਮ ਖਸਮ ਕਾ ਲੇਇ.
ਖੇਮੇ, ਛੱਤ੍ਰ, ਸਿਰਾਇਚੇ, ਦਿੱਸਨ ਰੱਥ ਪੀੜ੍ਹੇਇ.
ਜਿਨ ਤੇਰਾ ਨਾਮੁ ਧਿਆਇਆ, ਤਿਨ ਕਉ ਸੱਦ ਮਿਲੇਇ.
ਬਾਬਾ, ਮੈ ਕਰਮ ਹੀਣ ਕੂੜ੍ਹਿਆਰ, ਨਾਮ ਨ ਪਾਇਆ ਤੇਰਾ.
ਅੰਧਾ ਭਰਮ ਭੁੱਲਾ ਮਨ ਮੇਰਾ.
ਸਾਦ ਕੀਤੇ ਦੁਖ ਪਰਫੁੜੇ ਪੂਰਬ ਲਿੱਖੇ ਮਾਇ,
ਸੁਖ ਥੋੜ੍ਹੇ, ਦੁਖ ਅੱਗਲੇ, ਦੂਖੇ ਦੁੱਖ ਵਿਹਾਇ.
ਵਿਛੁੜਿਆਂ ਕਾ ਕਿਆ ਵੀਛੁੜੈ, ਮਿਲਿਆਂ ਕਾ ਕਿਆ ਮੇਲ?
ਸਾਹਿਬ ਸੋ ਸਾਲਾਹੀਐ ਜਿਨ ਕਰ ਵੇਖਿਆ ਖੇਲ.
ਸੰਜੋਗੀ ਮੇਲਾਵੜਾ ਇਨ ਤਨ ਕੀਤੇ ਭੋਗ,
ਵਿਜੋਗੀ ਮਿਲ ਵਿੱਛੁੜੇ; ਨਾਨਕ, ਭੀ ਸੰਜੋਗ.

ਤਬ ਫੇਰ ਬਾਬੇ ਆਖਿਆ, "ਬਾਬਾ ਜੀ, ਮਾਤਾ ਜੀ, ਅਸੀਂ ਜੋ ਆਏ ਹਾਂ, ਸੋ ਕਹਿਆ ਥਾ ਆਵਹਿੰਗੇ, ਪਰ ਤੁਸੀਂ ਆਗਿਆ ਮਨ ਲੇਹੁ, ਅਸੀਂ ਅਜੇ ਉਦਾਸ ਹਾਂ." ਤਬ ਮਾਤਾ ਕਹਿਆ, "ਬੇਟਾ, ਮੇਰੇ ਮਨ ਸੰਤੋਖ ਕਿਉਂਕਰ ਆਵੇਗਾ, ਜੋ ਤੂੰ ਬਾਹਰੀਂ ਵਰੀਂ ਉਦਾਸੀ ਕਰ ਕੇ ਆਇਆ?" ਤਬ ਬਾਬੇ ਕਹਿਆ, "ਮਾਤਾ, ਤੂੰ ਬਚਨ ਮੰਨ ਲੈ, ਤੈਨੂੰ ਸੰ-ਤੋਖ ਆਵੇਗਾ." ਤਬ ਮਾਤਾ ਚੁੱਪ ਕਰ ਰਹੀ. ਬੋ-ਲੋ ਵਾਹ ਗੁਰੂ!

Digitized by Panjab Digital Library | www.panjabdigilib.org

## ਸਾਖੀ ਬੱਤੀਹਵੀਂ ਚੱਲੀ.

ਤਬ ਗੁਰੂ ਬਾਬਾ ਉਥਹੁ ਚੱਲਿਆ. ਰਾਵੀ ਰਹਿਨਾਂਉ ਦੇਖ ਕਰ, ਉਜਾੜੀ ਉਜਾੜੀ ਚੱਲਿਆ. ਪਟਣ ਦੇਸ ਵਿੱਚ ਆਇ ਨਿਕਲਿਆ. ਪਟਣ ਤੇ ਕੋਸ ਤਿਨ ਉੱਪਰ ਉਜਾੜ ਵਿੱਚ ਜਾਇ ਬੈਠੇ, ਮਰਦਾਨਾਂ ਭੀ ਨਾਲ ਥਾ. ਤਬ ਪਟਣ ਕਾ ਪੀਰ ਸੇਖ ਫਰੀਦ ਥਾ, ਤਿਸਦੇ ਤਖਤ ਤੇ ਸੇਖ ਬ੍ਰਾਹਮ ਥਾ. ਤਿਸ ਕਾ ਇੱਕ ਮੁਰੀਦ ਸੁਬਾਹ ਕੇ ਵੇਲੇ ਲੱਕੜ ਚੁਣਨ ਆਇਆ ਥਾ, ਤਿਸ ਕਾ ਨਾਂਉ ਸੇਖ ਕਮਾਲ ਥਾ; ਭਲਾ ਫਕੀਰ ਥਾ, ਖੁਦਾਇ ਕਾ ਖਬਰਦਾਰ ਥਾ. ਦੇਖੇ, ਤਾਂ ਜੰਗਲ ਵਿੱਚ ਬਾਬਾ ਤੇ ਮਰਦਾਨਾ ਬੈਠੇ ਹੈਨ. ਮਰਦਾਨੇ ਰਬਾਬ ਵਜਾਇਆ, ਸਬਦ ਗਾਵਣ ਲੱਗਾ, ਸਲੋਕੁ ਵਿੱਤੋਸ ਰਾਗ ਆਸਾ ਵਿੱਚ :—

ਆਪੇ ਪੱਟੀ ਕਲਮ ਆਪ, ਉਪਰ ਲੇਖ ਭੀ ਤੂੰ
ਇਕੋ ਕਹੀਐ, ਨਾਨਕਾ; ਦੂਜਾ ਕਾਹੇ ਕੂੰ ?

ਤਬ ਏਹ ਸਲੋਕ ਕਮਾਲ ਸੁਣਿਆ; ਸੁਣਕਰ

ਕਮਾਲ ਆਇ ਗਇਆ. ਅੱਗੋਂ ਆਵੈ, ਤਾਂ ਦੇਖੈ ਤਾਂ ਬਾਬਾ ਅਤੇ ਮਰਦਾਨਾ ਬੈਠੇ ਹੈਨ. ਆਇ ਕਰ ਸਿਰ ਨਿਵਾਇ ਕੈ ਬਹਿ ਗਇਆ; ਅਰਜ ਰੱਖਿਆਸੁ. "ਜੀਉ, ਇਸ ਰਬਾਬੀ ਕਉ ਹੁਕਮ ਹੋਵੈ, ਜੋ ਸਲੋਕ ਫਿਰ ਦੇਹਿ." ਤਾਂ ਮਰਦਾਨੇ, ਸਲੋਕ ਫੇਰ ਦਿੱਤਾ; ਕਮਾਲ ਸਿੱਖ ਲੀਤਾ. ਜੋ ਕੁੱਛ ਲਕੜੀਆਂ ਚੁਣੀਆਂ ਥੀਆਂ, ਸੋਈ ਲੈ ਕਰ ਆਇਆ; ਆਇ ਪੀਰ ਕਉ ਸਲਾਮ ਕੀਤੋਸ: ਲਕੜੀਆਂ ਸੁੱਟ ਕਰ ਜਾਇ ਆਪਣੇ ਪੀਰ ਕਉ ਕਹਿਆ, "ਪੀਰ ਜੀ, ਸਲਾਮਤ! ਮੈਨੂੰ ਇੱਕ ਖੁਦਾਇ ਕਾ ਪਿਆਰਾ ਮਿਲਿਆ ਹੈ." ਪੀਰ ਕਹਿਆ, "ਕਮਾਲ, ਕਿਥੈ ਮਿਲਿਓ?" ਤਾਂ ਕਮਾਲ ਕਹਿਆ, "ਪੀਰ ਸਲਾਮਤਿ ਮੈਂ ਲੱਕੜੀਆਂ ਚੁਣਨ ਗਇਆ ਥਾ; ਉੱਥੈ ਦੇਖਾ, ਤਾਂ ਇੱਕ ਖੁਦਾਇ ਦਾ ਪਿਆਰਾ ਬੈਠਾ ਹੈ. ਨਾਂਉ ਨਾਨਕ ਹੈਸ; ਉਸ ਕੈ ਨਾਲ ਇੱਕ ਰਬਾਬੀ ਹੈ, ਅਤੇ ਆਪਣੇ ਸਲੋਕ ਆਖਦਾ ਹੈ." ਤਬ ਪੀਰ ਆਖਿਆ, "ਬੱਚਾ, ਸੱਚੁ ਕਹੁ, ਕੋਈ ਤਉ ਭੀ ਸਿਖਿਆ?" ਤਬ ਕਮਾਲ ਕਹਿਆ,

Digitized by Panjab Digital Library | www.panjabdigilib.org

ਪੀਰ ਜੀ, ਸਲਾਮਤ! ਇੱਕ ਬੈਤ ਮੈਨੂੰ ਭੀ ਹਾਸਲ ਥੀਆ ਹੈ." ਪੀਰ ਆਖਿਆ, "ਅਲਾਇ ਤੁਖੋਂ ਕੇਹਾ ਹੈ?" ਤਾਂ ਕਮਾਲ ਆਖਿਆ, ਓਹ ਆਖਦਾ ਹੈ:—

ਆਪੇ ਪੱਟੀ ਕਲਮ ਆਪ, ਉੱਪਰ ਲੇਖ ਭੀ ਤੂੰ.
ਇਕੋ ਕਹੀਐ, ਨਾਨਕਾ, ਦੂਜਾ ਕਾਹੇ ਕੂ?"

ਤਾਂ ਪੀਰ ਕਹਿਆ, "ਕੁਛ ਸਮਝਿਓ ਇਸ ਬੈਤ ਦਾ ਬਿਆਨ?" ਤਾਂ ਕਮਾਲ ਆਖਿਆ, "ਤੈਨੂੰ ਸਭ ਕਿਛੁ ਰੋਸ਼ਨ ਹੈ." ਤਾਂ ਪੀਰ ਆਖਿਆ, "ਬੱਚਾ, ਜਿਸ ਕਾ ਇਹ ਬੈਤ ਹੈ, ਤਿਸਦਾ ਦੀਦਾਰ ਦੇਖਾਂਗੇ; ਓਹ ਖੁਦਾਇ ਦਾ ਫਕੀਰ ਹੈ; ਮੈਨੂੰ ਭੀ ਲੈ ਜੁਲ. ਉਸ ਨੂੰ ਤਾਂ ਖੁਦਾਇ ਦੀਆਂ ਗੱਲਾਂ ਭੀ ਪੁੱਛਾਂਗੇ." ਤਬ ਸੇਖ ਬ੍ਰਾਹਮ ਸੁਖਵਾਸਣ ਚੜ੍ਹ ਆਇਆ; ਕਮਾਲ ਨਾਲ ਲੀਤਾ. ਆਂਵਦਾ ਆਂਵਦਾ ਕੋਹਾਂ ਤਿਹੁੰ ਉੱਪਰ ਆਇਆ. ਦੇਖੇ, ਤਾਂ ਅੱਗੇ ਬਾਬਾ ਬੈਠਾ ਹੈ. ਤਬ ਸੇਖ ਬ੍ਰਾਹਮ ਜਾਇ ਖੜਾ ਹੋਇਆ. ਤਾਂ ਸੇਖ ਬ੍ਰਾਹਮ ਕਹਿਆ, "ਨਾਨਕ, ਸਲਾਮ ਅਲੇਕ!" ਤਬ ਗੁਰੂ ਬਾਬੇ ਆਖਿਆ, "ਅਲੇ-

Digitized by Panjab Digital Library | www.panjabdigilib.org

ਕਮ ਸਲਾਮ, ਪੀਰ ਜੀ! ਆਈਏ, ਖ਼ੁਦਾਇ ਅਸਾਂ ਨੂੰ ਮਿਹਰਵਾਨ ਹੋਇਆ ਹੈ, ਤੁਸਾਡਾ ਦੀ-ਦਾਰ ਪਾਇਆ." ਤਬ ਗਲੇ ਮਿਲ ਕਰ ਦਸਤ-ਪੋਸੀ ਕਰ ਕੇ ਬਹਿ ਗਏ. ਤਬ ਪੀਰ ਪੁੱਛਣਾ ਕੀਤਾ, ਜੋ "ਨਾਨਕ, ਤੇਰਾ ਬੈਤ ਸੁਣ ਕਰ ਹੈਰਾਨ ਹੋਆ ਹਾਂ. ਅਸਾਂ ਆਖਿਆ ਜਿਸ ਦਾ ਏਹ ਬੈਤ ਹੈ, ਤਿਸ ਦਾ ਦੀਦਾਰ ਦਿਖਾਂਗੇ." ਤਬ ਬਾਬੇ ਆਖਿਆ, "ਅਸਾਂ ਨੂੰ ਨਿਵਾਜਸ ਹੋਈ ਜੋ ਤੁਸਾਡਾ ਦੀਦਾਰ ਪਾਇਆ." ਤਬ ਪੀਰ ਕਹਿਆ, "ਇਸ ਬੈਤ ਦਾ ਬਿਆਨ ਦੇਹ. ਨਾਨਕ, ਤੂੰ ਜੋ ਆਖਦਾ ਹੈਂ, 'ਨਾਨਕ, ਏਕੋ ਏਕ ਹੈ, ਦੂਜਾ ਕਾਹੇ ਕੂ?' ਪਰ

ਇੱਕ ਸਾਹਿਬ, ਤੇ ਦੁਇ ਹੱਦੀ,
ਕੇਹੜਾ ਸੇਵੀ, ਕੇਹੜਾ ਰੱਦੀ?

"ਤੂੰ ਆਖਦਾ ਹੈਂ 'ਇਕੋ ਇੱਕ ਹੈ,' ਪਰ ਹਿੰਦੂ ਕਹਿੰਦੇ ਹੈਨ ਜੋ ਅਸਾਂ ਵਿੱਚ ਸਹੀ ਹੈ, ਅਤੇ ਮੁਸਲਮਾਨ ਕਹਿੰਦੇ ਹੈਨ ਜੋ ਅਸਾਂ ਵਿੱਚ ਸਹੀ ਹੈ. ਆਖ, ਦਿਖਾਂ ਕਿਸ ਵਿੱਚ ਸਹੀ ਕਰੇਗਾਂ." ਤਬ ਨਾਨਕ ਕਹਿਆ, "ਜੀ :—

ਹਿੱਕੋ ਸਾਹਿਬ ਹਿੱਕੋ ਹੱਦ.
ਹਿੱਕੋ ਸੇਵ ਦੂਜਾ ਰੱਦ.

ਸਲੋਕ :—

ਦੂਜਾ ਕਾਹੇ ਸੇਵੀਐ ਜੰਮੇ ਤੇ ਮਰਜਾਇ?
ਏਕੋ ਸਿਮਰੋ, ਨਾਨਕਾ, ਜੋ ਜਲ ਥਲ ਰਹਿਆ ਸਮਾਇ."

ਜਬ ਏਹ ਸਲੋਕ ਦਿੱਤਾ, ਤਬ ਪੀਰ ਪੁੱਛਣ ਕੀਤਾ :—

ਪਾਤ੍ਰ ਪਟੋਲਾ, ਧਜ ਕਰੀ, ਕੰਮਲੜੀ ਪਹਿਰੇਉ.
ਜਿਨੀਂ ਵੇਸੀਂ ਸਹੁ ਪਾਈਐ, ਸੋਈ ਵੇਸ ਕਰੇਉ.

ਤਬ ਫਿਰ ਗੁਰੂ ਬਾਬੇ ਜਬਾਬ ਦਿੱਤਾ :—

ਕਾਂਇ ਪਾਤ੍ਰ ਪਟੋਲਾ ਧਜ ਕਰੀ, ਕੰਮਲੜੀ ਪਹਿਰਹਿ ਕਾਇ?
ਘਰ ਬੈਠੇ ਸਹੁ ਪਾਈਐ, ਜੇ ਮਨ ਰਾਖੇ ਬਾਇ.
ਘਰਹੀਂ ਮੁੰਧ, ਬਿਦੇਸ ਪਿਰ, ਨਿਤ ਝੂਰੇ ਸੰਮਾਲੇਇ.
ਮਿਲਦਿਆਂ ਢਿੱਲ ਨ ਲੱਗਈ, ਜੇ ਨੀਅਤ ਰਾਸ ਕਰੇਇ.

ਜਾਂ ਇਹੁ ਬਾਬੇ ਜਬਾਬ ਦਿੱਤਾ, ਤਾਂ ਪੀਰ ਪੁੱਛਣਾਂ ਕੀਤਾ ਸਲੋਕ :—

ਨੰਢੀ ਥੀ ਨ ਰਾਵਿਆ, ਵੱਡੀ ਥੀ ਮੁਈਆਸ.
ਧਨ ਕੂਕੇਂਦੀ ਗੋਰ ਪਈ, ਤੈਂ ਸਾਹਿਬ ਨਾ ਮਿਲੀਆਸ."

ਤਬ ਬਾਬੇ ਜਬਾਬ ਦਿੱਤਾ ਸਲੋਕ :—

ਮਹਿਲ ਕੁਚੱਜੀ, ਮੜਵੜੀ, ਕਾਲੀ, ਮਨਹੁ ਕੁਸੁੱਧ.

Digitized by Panjab Digital Library | www.panjabdigilib.org

ਜੇ ਗੁਣ ਹੋਵਨ, ਤਾਂ ਪਿਰ ਮਿਲੈ, ਨਹੀਂ ਤਾਂ, ਨਾਨਕ, ਅਵਗੁਣ ਮੁੱਧ.

ਤਾਂ ਫਿਰ ਪੀਰ ਪੁੱਛਣਾਂ ਕੀਤਾ ਸਲੋਕ :—

ਕਵਨ ਸੁ ਅਖਰ, ਕਵਨ ਗੁਣ, ਕਵਣ ਸੁ ਮਣੀਆਂ ਮੰਤ?
ਕਵਣ ਸੁ ਭੇਖੋ ਵੇਸ ਕਰੀਂ, ਜਿਤ ਵਸਿ ਆਵੈ ਕੰਤ?

ਤਾਂ ਫਿਰ ਬਾਬੇ ਜਬਾਬ ਦਿੱਤਾ :—

ਨਿਵਣ ਸੁ ਅੱਖਰ, ਖਿਵਣ ਗੁਣ, ਜਿਹਬਾ ਮਣੀਆਂ ਮੰਤ.
ਇਹ ਤ੍ਰੈ, ਭੈਣੇ, ਵੇਸ ਕਰਹਿ, ਤਾਂ ਵਸਿ ਆਵੈ ਕੰਤ.
ਸੇਵਾ ਕਰੈ ਜੁ ਕੰਤ ਕੀ, ਕੰਤ ਤਿਸੀ ਕਾ ਹੋਇ.
ਸਭੇ ਸਹੀਆਂ ਛੋੜ ਕਰ ਕੰਤ ਤਿਸੀ ਪਹਿ ਹੋਇ.

ਜਾਂ ਬਾਬੇ ਜਬਾਬ ਦਿੱਤਾ, ਤਬ ਫਿਰ ਪੀਰ ਆਖਿਆ, "ਮੈਨੂੰ ਇੱਕ ਕਾਤੀ ਲੋੜੀਂਦੀ ਹੈ. ਓਹ ਕਾਤੀ ਮੈਨੂੰ ਦੇਹਿ, ਜਿਸ ਕਾ ਕੁੱਠਾ ਆਦਮੀ ਹਲਾਲ ਥੀਵੈ. ਇਹੁ ਜੋ ਕਾਤੀ ਹੈ, ਤਿਸ ਦੇ ਨਾਲ ਜਨਾਵਰ ਕੁਸਦੇ ਹੈਨ, ਅਤੇ ਆਦਮੀ ਦੇ ਗਲ ਵਹੇ, ਤਾਂ ਮੁਰਦਾਰ ਹੋਵੈ. ਮੈਨੂੰ ਓਹ ਕਾਤੀ ਦੇਹਿ ਜਿਸ ਕਾ ਕੁੱਠਾ ਆਦਮੀ ਹਲਾਲ ਥੀਵੈ." ਤਬ ਬਾਬੇ ਜਵਾਬ ਦਿੱਤਾ, "ਪੀਰ ਜੀ, ਲਈਐ.

ਸੱਚ ਕੀ ਕਾਤੀ, ਸੱਚ ਸਭ ਸਾਰ,
ਘਾੜਤ ਤਿਸ ਕੀ ਅਪਰ ਅਪਾਰ,
ਸੱਚ ਕੀ ਸਾਣ ਰਖੀ ਕਿਲਕਾਇ,

Digitized by Panjab Digital Library | www.panjabdigilib.org

ਗੁਣਕੀ ਥੇਕੀ ਤਿਸ ਮਾਂਹਿ ਸਮਾਇ,
ਤਿਸ ਕਾ ਕੁੱਠਾ ਹੋਵੈ ਸੇਖ,
ਲੋਹੂ ਲੱਬ ਨਿਕੱਥਾ ਵੇਖ.
ਹੋਇ ਹਲਾਲ ਲਗੈ ਹੱਕ ਜਾਇ,
ਨਾਨਕ, ਦਰ ਦੀਦਾਰ ਸਮਾਇ."

ਜਾਂ ਇਹੁ ਕਾਤੀ ਬਾਬੇ ਦਿੱਤੀ, ਤਾਂ ਪੀਰ ਸਿਰ ਫੇਰਿਆ, ਆਖਿਓਸ, "ਵਾਹੁ ਵਾਹੁ! ਖੁਦਾਇ ਸਹੀ ਕਰਣੇ ਵਾਲਾ ਹੈ, ਖੁਦਾਇ ਦਾ ਪਿਆਰਾ ਹੈ. ਖੁਦਾਇ ਵੱਡੀ ਨਿਵਾਜਸ ਕੀਤੀ ਹੈ." ਤਾਂ ਪੀਰ ਕਹਿਆ, "ਨਾਨਕਾ, ਖੁਦਾਇ ਕੇ ਪਿਆਰਿਆਂ ਕਉ ਪੁੱਛਣਾਂ ਸੋ ਗੁਸਤਾਖੀ ਹੈ." ਤਬ ਬਾਬੇ ਸਲੋਕ ਦਿੱਤਾ :—

ਰੂਪੈ ਕਾਂਮੈ ਦੋਸਤੀ, ਭੁੱਖੈ ਸੁਆਦੈ ਗੰਢ.
ਲੱਬੈ ਮਾਲੈ ਘੁਲ ਮਿਲ ਚੱਲਈ, ਊਂਘੈ ਸਉੜ੍ਹ ਪਲੰਘ.
ਭਉਂਕੈ ਕੋਪ ਖੁਆਰ ਹੋਇ, ਫੱਕੜੂ ਪਿੱਟੈ ਧੰਧ.
ਚੁਪੈ ਚੰਗੀ, ਨਾਨਕਾ, ਵਿਣ ਨਾਵੈ ਮੁੰਹਿ ਗੰਧ.

ਤਾਂ ਪੀਰ ਫੇਰ ਕਹਿਆ, "ਨਾਨਕ ਜੀ, ਇੱਕ ਖੁਦਾਇ ਦੀ ਵਾਰ ਸੁਣਾਇ, ਅਸਾਂ ਨੂੰ ਏਹ ਮਖ-ਸੂਦ ਹੈ, ਜੋ ਵਾਰ ਦੁਹੁ ਬਾਝਹੁੰ ਹੋਂਦੀ ਨਾਂਹੀ, ਅਤੇ ਤੂੰ ਇੱਕੋ ਇੱਕ ਆਖਦਾ ਹੈਂ, ਵੇਖਾਂ ਖੁਦਾਇ

ਦਾ ਸਰੀਰ ਤੂੰ ਕਉਣ ਕਰਸੀ?" ਤਬ ਬਾਬੇ ਆ-
ਖਿਆ, "ਮਰਦਾਨਿਆਂ, ਰਬਾਬ ਵਜਾਇ."
ਰਾਗ ਆਸਾ ਕੀਤਾ ਬਾਬੇ ਸਲੋਕ ਦਿੱਤਾ

ਸਲੋਕ :—

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ.
ਜਿਨ ਮਾਣਸ ਤੇ ਦੇਵਤੇ ਕੀਏ, ਕਰਤ ਨ ਲਾਗੀ ਬਾਰ.
ਜੇ ਸਉ ਚੰਦਾ ਉਗਵੈ, ਸੂਰਜ ਚੜ੍ਹੈ ਹਜਾਰ;
ਏਤੇ ਚਾਂਨਣ ਹੋਂਦਿਆਂ, ਗੁਰ ਬਿਨ ਘੋਰ ਅੰਧਾਰ.
ਨਾਨਕ, ਗੁਰੂ ਨ ਚੇਤਨੀ ਮਨ ਆਪਨੇ ਸੁਚੇਤ,
ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰ ਖੇਤ; —
ਖੇਤੈ ਅੰਦਰ ਛੁੱਟਿਆਂ, ਕਹੁ ਨਾਨਕ ਸਉ ਨਾਂਹਿ,
ਫਲੀਅਹਿ ਫੁਲੀਅਹਿ ਬਪੁੜੇ, ਭੀ ਤਨ ਵਿੱਚ ਸੁਆਹ.

ਪਉੜੀ :—

ਆਪੀਨੈ ਆਪ ਸਾਜਿਓ, ਆਪੀਨੈ ਰਚਿਓ ਨਾਂਉ.
ਦੂਜੀ ਕੁਦਰਤਿ ਸਾਜੀਐ, ਕਰ ਆਸਣ ਡਿਠੋ ਚਾਉ.
ਦਾਤਾ ਕਰਤਾ ਆਪ ਤੂੰ, ਤੁਸ ਦੇਵਹਿ ਕਰਹਿ ਪਸਾਉ.
ਤੂੰ ਜਾਣੋਈ ਸਭਸੈ, ਦੇ ਲੈਸਹਿ ਜਿੰਦ ਕਵਾਉ.
ਕਰ ਆਸਣ ਡਿਠੋ ਚਾਉ.

ਇਤ ਪ੍ਰਥਾਇ ਆਸਾ ਕੀ ਵਾਰ ਹੋਈ. ਪਉੜੀ-
ਆਂ ਨਉ ਹੋਈਆਂ, ਸੋ ਲਿਖੀਆਂ ਨਾਂਹੀ, ਲਿਖ-
ਣੀਆਂ ਹੈਨ.

Digitized by Panjab Digital Library | www.panjabdigilib.org

ਤਾਂ ਪੀਰ ਉੱਠ ਖੜਾ ਹੋਇਆ, ਆਇ ਦਸਤ-
ਪੋਸੀ ਕੀਤੀਆਸੁ, ਅਤੇ ਆਖਿਓਸੁ, "ਨਾਨਕ,
ਤੁਧ ਖੁਦਾਇ ਪਾਇਆ ਹੈ. ਤੁਧ ਅਰ ਖੁਦਾਇ
ਵਿੱਚ ਭੇਦ ਕਿਛ ਨਾਂਹੀ; ਪਰ ਤੂੰ ਮਿਹਰਵਾਨ ਹੋਇ,
ਜੋ ਅਸਾਡੀ ਖੁਦਾਇ ਨਾਲ ਰਹਿ ਆਵੈ." ਤਬ ਬਾ-
ਬੇ ਆਖਿਆ, "ਸੇਖ ਬ੍ਰਾਹਮ, ਤੇਰੀ ਭੀ ਖੁਦਾਇ
ਖੇਪ ਨਿਬਾਹੈਗਾ." ਤਬ ਪੀਰ ਆਖਿਆ, "ਅਜੀ,
ਬਚਨ ਦੇਹਿ." ਤਬ ਬਾਬੇ ਕਹਿਆ, "ਜਾਹਿ,
ਬਚਨ ਹੈ." ਤਬ ਸੇਖ ਉੱਠ ਖੜਾ ਹੋਇਆ. ਤਾਂ ਬਾ-
ਬੇ ਪਾਸਹੁ ਵਿਦਿਆ ਹੋਆ. ਤਬ ਬਾਬਾ ਭੀ
ਉਠ ਗਇਆ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਤੇਤੀਹਵੀਂ ਚੱਲੀ.

ਦਿਪਾਲਪੁਰ ਪਾਸੋਦੇ, ਕੰਗਣਪੁਰ ਵਿਚਦੋਂ, ਕਸੂਰ ਵਿਚਦੋਂ, ਪੱਟੀ ਵਿਚਦੋਂ ਗੋਇੰਦਵਾਲ ਰਹਿਣ ਲੱਗਾ; ਕੋਈ ਰਹਿਣ ਦੇਵੈ ਨਾਂਹੀ. ਤਬ ਇੱਕ ਫਕੀਰ ਥਾ, ਤਿਸ ਕੀ ਝੁੱਗੀ ਵਿੱਚ ਜਾਇ ਰਹਿਆ. ਓਹ ਫਕੀਰ ਕੋੜ੍ਹੀ ਥਾ. ਤਬ ਬਾਬਾ ਜਾਇ ਖੜ੍ਹਾ ਹੋਇਆ, ਆਖਿਓਸੁ, "ਏ ਫਕੀਰ, ਰਾਤ ਰਹਿਣ ਦੇਹਿ." ਤਬ ਫਕੀਰ ਅਰਜ ਕੀਤੀ, ਆਖਿਓਸੁ, "ਜੀ, ਮੇਰੇ ਪਾਸਹੁ ਜਨਾਵਰ ਭੀ ਨਸਦੇ ਹੈਨ. ਖੁਦਾਇ ਦਾ ਕਰਮ ਹੋਇਆ, ਜੋ ਆਦਮ ਦੀ ਸੂਰਤ ਨਦਰ ਆਈ ਹੈ." ਤਬ ਬਾਬਾ ਬੈਠ ਗਇਆ, ਤੇ ਉੱਥੈ ਰਹਿਆ. ਫਕੀਰ ਲੱਗਾ ਵਿਲਲਾਪ ਕਰਣ. ਤਬ ਬਾਬਾ ਸਬਦ ਬੋਲਿਆ ਰਾਗ ਸੋਰਠ-ਸਿਰੀ ਵਿੱਚ :—

ਜੀਉ ਤਪਤ ਹੈ ਬਾਰੋ ਬਾਰ,
ਤਪ ਤਪ ਖਪੈ ਬਹੁਤ ਬਿਕਾਰ
ਜੈ ਤਨ ਬਾਂਣੀ ਵਿਸਰ ਜਾਇ,
ਜਿਉ ਪੱਕਾ ਰੋਗੀ ਵਿਲਲਾਇ.

Digitized by Panjab Digital Library | www.panjabdigilib.org

ਬਹੁਤਾ ਬੋਲਣ ਝੱਖਣ ਹੋਇ.
ਬਿਨ ਬੋਲਿਆਂ ਜਾਣੈ ਸਭ ਸੋਇ.
ਜਿਨ ਕੰਨ ਕੀਤੇ, ਅੱਖੀਂ, ਨਾਕ,
ਜਿਨ ਜਿਹਬਾ ਦਿੱਤੀ, ਬੋਲੇ ਤਾਤ,
ਜਿਨ ਮਨ ਰੱਖਿਆ ਅਗਨੀ ਪਾਇ,
ਵਾਜੈ ਪਉਣ, ਆਖੈ ਸਭ ਜਾਇ.
ਜੇਤਾ ਮੋਹ ਪ੍ਰੀਤ ਸੁਆਦ,
ਸੱਭਾ ਕਾਲਖ ਦਾਗਾ ਦਾਗ,
ਦਾਗ ਦੋਖ ਮੁਹਿ ਚਲਿਆ ਲਾਇ
ਦਰਗਹ ਬੈਸਣ ਨਾਹੀ ਜਾਇ.
ਕਰਮ ਮਿਲੈ ਆਖਣ ਤੇਰਾ ਨਾਉ,
ਜਿਤ ਲਗ ਤਰਣਾ ਹੋਰੁ ਨਾਹੀ ਥਾਉ!
ਜੇ ਕੋ ਡੂਬੈ ਹੋਵੈ ਫਿਰ ਸਾਰ,
ਨਾਨਕ, ਸਾਚਾ ਸਰਬ ਦਾਤਾਰ.

ਤਬ ਗੁਰੂ ਮਿਹਰਵਾਨ ਹੋਇਆ, ਆਖਿਓਸੁ, "ਮਰਦਾਨਿਆਂ, ਰਬਾਬ ਵਜਾਇ." ਤਾਂ ਮਰਦਾਨੇ ਰਬਾਬ ਵਜਾਇਆ. ਰਾਗ ਗਉੜੀ ਕੀਤੀ ਪੂਰਬੀ ਮਹਲਾ ੪ ਕਰਹਲੇ ਬਾਬੇ ਸਬਦ ਉਠਾਇਆ :—

ਕਰਹਲੇ ਮਨ ਪਰਦੇਸੀਆ, ਕਿਉ ਮਿਲੀਐ ਹਰਿ ਮਾਇ?
ਗੁਰੁ ਭਾਗਿ ਪੂਰੈ ਪਾਇਆ, ਗਲ ਮਿਲਿਆ ਪਿਆਰਾ ਆਇ.

Digitized by Panjab Digital Library | www.panjabdigilib.org

ਮਨ ਕਰਹਲਾ, ਸਤਿਗੁਰ ਪੁਰਖ ਧਿਆਇ.
ਮਨ ਕਰਹਲਾ, ਵੀਚਾਰੀਆ, ਹਰਿ ਰਾਮ ਨਾਮ ਧਿਆਇ.
ਜਿੱਥੈ ਲੇਖਾ ਮੰਗੀਐ, ਹਰਿ ਆਪੇ ਲਏ ਛਡਾਇ.
ਮਨ ਕਰਹਲਾ, ਅਤਿ ਨਿਰਮਲਾ ਮਲ ਲਾਗੀ ਹਉਮੈ ਆਇ.
ਪਰਤੱਖ ਪਿਰ ਘਰ ਨਾਲ ਪਿਆਰਾ, ਵਿਛੁੜ ਚੋਟਾਂ ਖਾਇ.
ਮਨ ਕਰਹਲਾ, ਮੇਰੇ ਪ੍ਰੀਤਮਾ, ਹਰਿ ਰਿਦੈ ਭਾਲ ਭੁਲਾਇ.
ਉਪਾਇ ਕਿਤੈ ਨ ਲੱਭਈ, ਗੁਰੁ ਹਿਰਦੈ ਹਰਿ ਦੇਖਾਇ.
ਮਨ ਕਰਹਲਾ, ਮੇਰੇ ਪ੍ਰੀਤਮਾ, ਦਿਨ ਰੈਨ ਹਰਿ ਲਿਵ ਲਾਇ.
ਘਰ ਜਾਇ ਪਾਵਹਿ ਰੰਗ ਮਹਿਲੀ, ਗੁਰੁ ਮੇਲੇ ਹਰਿ ਮੇਲਾਇ.
ਮਨ ਕਰਹਲਾ, ਤੂੰ ਮੀਤ ਮੇਰਾ, ਪਾਖੰਡ ਲੋਭੁ ਤਜਾਇ.
ਪਾਖੰਡਿ ਲੋਭਿ ਮਾਰੀਐ, ਜਮ ਡੰਡੁ ਦੇਇ ਸਜਾਇ.
ਮਨ ਕਰਹਲਾ, ਮੇਰੇ ਪ੍ਰਾਨ ਤੂੰ, ਮੈਲ ਪਾਖੰਡ ਭਰਮ ਗਵਾਇ.
ਹਰਿ ਅੰਮ੍ਰਿਤ ਸਰ ਗੁਰੁ ਪੂਰਿਆ, ਮਿਲ ਸੰਗਤ ਮਲ ਲਹਿ ਜਾਇ.
ਮਨ ਕਰਹਲਾ, ਮੇਰੇ ਪਿਆਰਿਆ, ਇਕੋ ਗੁਰ ਕੀ ਸਿਖ ਸੁਣਾਇ.
ਇਹ ਮੋਹ ਮਾਇਆ ਪਸਰਿਆ, ਅੰਤ ਸਾਥ ਨ ਕੋਈ ਜਾਇ.
ਮਨ ਕਰਹਲਾ, ਮੇਰੇ ਸਾਜਨਾ, ਹਰਿ ਖਰਚ ਲੀਆ, ਪਤ ਪਾਇ;
ਹਰ ਦਰਗਹ ਪੈਨਾਇਆ, ਹਰਿ ਆਪ ਲਾਇਆ ਗਲ ਲਾਇ.
ਮਨ ਕਰਹਲਾ, ਗੁਰ ਮੰਨਿਆਂ, ਗੁਰਮੁਖ ਕਾਰ ਕਮਾਇ.
ਗੁਰ ਆਗੈ ਕਰ ਜੋਦੜੀ, ਜਨ ਨਾਨਕ ਹਰਿ ਮੇਲਾਇ.

ਤਬ ਦਰਸਨ ਕਾ ਸਦਕਾ ਕੋੜ੍ਹ ਦੂਰ ਹੋਇ
ਗਇਆ, ਦੇਹੀ ਹੱਛੀ ਹੋਈ. ਆਇ ਪੈਰੀਂ
ਪਾਇਆ. ਗੁਰੂ ਗੁਰੂ ਲੱਗਾ ਜਪਣ. ਤਬ ਬਾ-
ਬਾ ਉਥੱਹੁੰ ਰੰਉਦਾ ਰਹਿਆ. ਬੋਲੇ ਵਾਹ ਗੁਰੂ!

# ਸਾਖੀ ਚੌਤੀਹਵੀਂ ਚੱਲੀ.

ਸੁਲਤਾਨਪੁਰ, ਵੈਰੋਵਾਲ, ਜਲਾਲਾਬਾਦ ਵਿਚੋਂ ਕੜੀ ਪਠਾਣਾਂ ਦੀ ਵਿੱਚ ਜਾਇ ਨਿੱਕ-ਲਿਆ. ਓਥੈ ਪਠਾਨ ਲੋਕ ਮੁਰੀਦ ਕੀਤਿ-ਆਸੁ. ਤਬ ਓਹ ਲੇ ਲੇ ਸਰੋਦ ਦਰ ਤੇ ਲੱਗੇ ਵਜਾਵਣ; ਆਖਨ, "ਦਮ ਸਾਹ ਨਾਨਕ." ਤਬ ਮਰਦਾਨੇ ਨੂੰ ਹੁਕਮੁ ਹੋਆ, "ਰਬਾਬ ਵਜਾਇ." ਤਾਂ ਮਰਦਾਨੇ ਰਬਾਬ ਵਜਾਇਆ. ਤਾਂ ਬਾਬੇ ਸਬਦ ਉਠਾਇਆ ਰਾਗ ਤਿਲੰਗ ਵਿੱਚ ਮਹੱਲਾ ੧ ਘਰ ੨ :—

ਜਿਨ ਕੀਆ ਤਿਨ ਦੇਖਿਆ, ਕਿਆ ਕਹੀਐ ਰੇ ਭਾਈ?
ਆਪੇ ਜਾਣੈ ਕਰੇ ਆਪਿ, ਜਿਨ ਵਾੜੀ ਹੈ ਲਾਈ.
ਰਾਇਸਾ ਪਿਆਰੇ ਕਾ ਰਾਇਸਾ ਜਿਤੁ ਸਦਾ ਸੁਖੁ ਹੋਈ.
ਜਿਨ ਰੰਗਿ ਕੰਤੁ ਨ ਰਾਵਿਆ, ਸਾ ਪਛੋ ਰੇ ਤਾਣੀ;
ਹਾਥ ਪਛੋੜੈ ਸਿਰੁ ਧੁਨੈ ਜਬ ਰੈਣਿ ਵਿਹਾਣੀ.
ਪਛੋਤਾਵਾ ਨਾ ਮਿਲੈ, ਜਾਂ ਚੂਕੈਗੀ ਸਾਰੀ.
ਤਾਂ ਫਿਰ ਪਿਆਰਾ ਰਾਵੀਐ, ਜਬ ਆਵੈਗੀ ਵਾਰੀ.
ਕੰਤ ਲੀਆ ਸੋਹਾਗਣੀ ਮੈ ਤੇ ਵਧਵੀ ਏਹ;
ਸੇ ਗੁਣ ਮੁਝੈ ਨ ਆਵਨੀ, ਕੈ ਜੀਅ ਦੋਸੁ ਧਰੇਹ?

Digitized by Panjab Digital Library | www.panjabdigilib.org

ਜਿਨੀ ਸਖੀ ਸਹੁ ਰਾਵਿਆ, ਤਿਨ ਪੂਛਉਗੀ ਜਾਏ;
ਪਾਇ ਲਗਉ ਬੇਨਤੀ ਕਰਉ, ਲੇਉਗੀ ਪੰਥ ਬਤਾਏ.
ਹੁਕਮ ਪਛਾਣੈ, ਨਾਨਕਾ, ਭਉ ਚੰਦਨ ਲਾਵੈ;
ਗੁਣ ਕਾਮਣ ਕਾਮਣ ਕਰੈ, ਤਉ ਪਿਆਰੇ ਕਉ ਪਾਵੈ.
ਜੋ ਦਿਲ ਮਿਲਿਆ, ਸੋ ਮਿਲ ਰਹਿਆ, ਮਿਲਿਆ ਕਹੀਐ,
ਰੇ, ਸੋਈ.
ਜੇ ਬਹੁਤੇਰਾ ਲੋਚੀਐ, ਬਾਤੀ ਮੇਲ ਨ ਹੋਈ.
ਧਾਤੁ ਮਿਲੈ ਫੁਨ ਧਾਤ ਕਉ, ਲਿਵ ਲਿਵੈ ਕਉ ਧਾਵੈ.
ਗੁਰ ਪਰਸਾਦੀ ਜਾਣੀਐ, ਤਉ ਅਨਭਉ ਪਾਵੈ.
ਪਾਨਾਂ ਵਾੜੀ ਹੋਇ ਘਰ ਖਰ ਸਾਰ ਨ ਜਾਣੈ.
ਰਸੀਆ ਹੋਵੈ ਮੁਸਕ ਕਾ, ਤਬ ਫੂਲ ਪਛਾਣੈ.
ਅਪਿਓ ਪੀਵੈ ਜੋ, ਨਾਨਕਾ, ਭਰਮ ਭਰਮ ਸਮਾਵੈ.
ਸਹਿਜੇ ਸਹਿਜੇ ਮਿਲ ਰਹੈ, ਅਮਰਾ ਪਦ ਪਾਵੈ.

**ਤਬ ਲੱਗੇ "ਦਮ ਸਾਹ!" ਕਹਿਨ. ਤਬ ਗੁਰੂ ਬਾਬਾ ਜੀ ਉੱਥਹੁ ਰੰਉਦੇ ਰਹੇ. ਬੋਲੋ ਵਾਹ ਗੁਰੂ!**

Digitized by Panjab Digital Library | www.panjabdigilib.org

## ਸਾਖੀ ਪੈਂਤੀਹਵੀਂ ਚੱਲੀ.

ਫਿਰਦੇ ਫਿਰਦੇ ਵਟਾਲੇ ਵਿੱਚਦੋਂ, ਸੈਦਪੁਰ ਸਿਰਿਆਲੀ ਜਾਇ ਨਿੱਕਲੇ. ਅੱਗੇ ਪਠਾਣਾਂ ਦੇ ਘਰ ਵੀਵਾਹ ਥਾ. ਅਰ ਬਾਬੇ ਨਾਲ ਕੁਛ ਫਕੀਰ ਭੀ ਥੇ; ਪਰ ਖੁਧਿਆਰਥੂ ਥੇ. ਉੱਥੇ ਬਾਬਾ ਜਾਇ ਬੈਠਾ ਪਰ ਖਬਰ ਕਿਸੇ ਨਾ ਲੱਧੀਆ; ਅਤੇ ਫਕੀਰ ਭੁੱਖ ਆਜਜ ਕੀਤੇ. ਤਾਂ ਬਾਬਾ ਉੱਠ ਖੜਾ ਹੋਇਆ, ਫਕੀਰ ਨਾਲੇ ਲੀਤੇ; ਨਾਲੇ ਮਰਦਾਨਾ ਭੀ ਲੀਤਾ; ਜਾਇ ਸੁਆਲ ਪਾਇਆ; ਪਰ ਸੁਆਲ ਕਿਨੈ ਮੰਨਿਓ ਨਾਂਹੀਂ. ਤਬ ਬਾਬਾ ਬਹੁਤ ਕਰੋਪ ਹੋਯਾ, ਆਖਿਓਸ, "ਮਰਦਾਨਿਆਂ, ਰਬਾਬ ਵਜਾਇ." ਮਰਦਾਨੇ ਰਬਾਬ ਵਜਾਇਆ. ਤਾਂ ਬਾਬੇ ਸਬਦ ਉਠਾਇਆ ਰਾਗ ਤਿਲੰਗ ਵਿਚ ਮਹੱਲਾ ੧ ਕਹਿਰ ਵਿੱਚ ਸਬਦ ਕੀਤਾ :—

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ,
ਵੇ ਲਾਲੋ;
ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ,
ਵੇ ਲਾਲੋ;

ਸਰਮ ਧਰਮ ਦੁਇ ਛਪ ਖਲੋਏ, ਕੂੜ ਫਿਰੈ ਪਰਧਾਨ,
ਵੇ ਲਾਲੋ;
ਕਾਜੀਆਂ ਬਾਮਣਾਂ ਕੀ ਗਲ ਥੱਕੀ ਅਗਦ ਪੜੈ ਸੈਤਾਨ,
ਵੇ ਲਾਲੋ;
ਮੁਸਲਮਾਨੀਆਂ ਪੜਹਿ ਕਤੇਬਾਂ, ਕਸਟ ਮਹਿ ਕਰਹਿ
'ਖੁਦਾਇ', ਵੇ ਲਾਲੋ,
ਜਾਤ ਸਨਾਤੀ ਹੋਰ ਹਿੰਦਵਾਣੀਆਂ ਏਹ ਭੀ ਲੇਖੇ ਲਾਇ,
ਵੇ ਲਾਲੋ,
ਖੂਨ ਕੇ ਸੋਹਲੇ ਗਾਵੀਅਹਿ, ਨਾਨਕ, ਰੱਤ ਕਾ ਕੁੰਗੂ ਪਾਇ,
ਵੇ ਲਾਲੋ.
ਸਾਹਬ ਕੇ ਗੁਣ ਨਾਨਕ ਗਾਵੈ, ਮਾਸ ਪੁਰੀ ਵਿੱਚ ਆਖ
ਮਸੋਲਾ.
ਜਿਨ ਉਪਾਈ ਰੰਗ ਰਵਾਈ ਬੈਠਾ ਵੇਖੇ ਵੱਖ ਇਕੇਲਾ.
ਸੱਚਾ ਸੋ ਸਾਹਿਬ ਸੱਚ ਤਪਾਵਸ, ਸੱਚੜਾ ਨਿਆਂਉ ਕਰੇ
ਗੁਮਸੋਲਾ.
ਕਾਂਇਆਂ ਕੱਪੜ ਟੂਕ ਟੂਕ ਹੋਸੀ, ਹਿੰਦੁਸਤਾਨ ਸਮਾਲਸੀ
ਬੋਲਾ,
ਆਵਨ ਅਠੱਤਰੇ ਜਾਨ ਸਤਾਨਵੇਂ, ਹੋਰ ਭੀ ਉੱਠਸੀ ਮਰਦ
ਕਾ ਚੇਲਾ.
ਸੱਚ ਕੀ ਬਾਣੀ ਨਾਨਕ ਆਖੇ, ਸੱਚ ਸੁਣਾਇਸੀ ਸੱਚ ਕੀ
ਬੇਲਾ.

ਜਾਂ ਏਹ ਬਾਬੇ ਸਬਦ ਕੀਤਾ, ਤਾਂ ਇਕ ਬਾਂ-
ਮਣ ਮੇਦੇ ਦੀ ਚੰਗੇਰ ਲੈ ਆਇਆ, ਆਖਿਓਸ,

Digitized by Panjab Digital Library | www.panjabdigilib.org

"ਮਿਹਰਵਾਨ, ਏਹ ਸਬਦ ਗਜਬ ਦਾ ਕੀਤਾ ਹੈ, ਸੋ ਫੇਰੀਐ." ਤਬ ਬਾਬੇ ਆਖਿਆ, "ਸੁਆਮੀ, ਹੁਣ ਫਿਰਣੇ ਤੇ ਰਹੀ, ਹੁਣ ਵਗੀ ਹੈ; ਪਰ ਤੂੰ ਆਇ ਮਿਲਿਆ ਹੈਂ, ਸੋ ਬਖਸਿਆ ਹੈਂ. ਇਥੋਂ ਬਾਹਰ ਕੋਹ ਦੁਹ ਉਪਰ ਟੋਭਾ ਹੈ, ਤੂੰ ਉਥੇ ਆਪਣਾ ਕੁਟੰਬ ਲੈਕਰ ਜਾਇ ਰਹੁ. ਇਥੈ ਰਹੇ ਨਾਂਹੀਂ, ਜੇ ਇਥੈ ਰਹੈਂਗਾ ਤਾਂ ਮਾਰੀਅਹਿੰਗਾ." ਤਬ ਉਥਹੁ ਬਾਮਣ ਟੱਬਰ ਲੈਕਰ ਗਇਆ, ਉਜਾੜੀ ਵਿੱਚ ਜਾਇ ਬੈਠਾ.

ਜਿੱਥੈ ਕੁਦਰਤ ਨਾਲ ਸੁਬਾਹ ਹੋਈ, ਤਿਥੈ ਮੀਰ ਬਾਬਰ ਪਾਤਸਾਹ ਪਇਆ; ਜਿਉਂ ਪਇਆ, ਤਿਉਂ ਸੈਦਪੁਰ ਮਾਰਿਓਸੁ. ਆਸ ਪਾਸ ਦੇ ਗਿਰਾਉਂ ਸਭ ਮਾਰੇ. ਹਿੰਦੂ ਮੁਸਲਮਾਨ ਸਭ ਕਤਲਾਮ ਕੀਤੇ. ਘਰ ਲੁੱਟੇ ਢਾਹੇ. ਇਜੇਹੀ ਮਾਰ ਬਾਬੇ ਦੇ ਸਬਦ ਕੀਤੀ ਪਠਾਣਾਂ ਜੋਗ. ਮਹਾਂ ਪੁਰਖ ਕਾ ਗਜਬ ਹੋਆ. ਖੁਦਾਇ ਮੰਨੇ ਫਕੀਰਾਂ ਨੂੰ, ਫਕੀਰ ਮੰਨਣ ਖੁਦਾਇ ਨੂੰ; ਫਕੀਰਾਂ ਦਾ ਆਖਿਆ ਖੁਦਾਇ ਸੁਣਦਾ ਹੈ; ਜੋ ਕੁਛ ਫਕੀਰਾਂ ਦੇ ਦਿਲ ਹੋਂਦੀ ਹੈ, ਸਾਂਈ ਕਰਦਾ ਹੈ; ਪਰ ਫਕੀਰ ਕੌਣ ਹੈਨ? ਜਿਨਾ ਮਿਹਰ,

Digitized by Panjab Digital Library | www.panjabdigilib.org

ਮੁਹੱਵਤ, ਕਮ ਸੁਆਲ, ਸਿਦਕ, ਸਬੂਰੀ ਵਿੱਚ ਰਹਿੰਦੇ ਹੈਂਨ; ਪਰਭੂ ਆਤਮਾ ਵਸ, ਦੂਰਅੰਦੇਸ਼, ਫਿਕਰਵਾਨ, ਮੋਮ ਦਿਲ, ਸਾਲਿਕ, ਸਾਦਿਕ ਖੁਦਾਇ ਕੇ ਦਰਵੇਸ਼, ਸੇ ਫਕੀਰ ਓਹ ਹੈਨ. ਇਸ ਗਿਰਹੀ ਬੰਦੇ ਨੂੰ ਭੀ ਲੋੜੀਂਦਾ ਹੈ, ਜੋ ਕੋਈ ਚਹੁੰ ਵਰਨਾਂ ਵਿੱਚ ਫਕੀਰੀ ਕਾ ਭੇਖ ਕਰੇਗਾ ਹਿੰਦੂ, ਮੁਸਲਮਾਨ, ਚੋਰ, ਜਾਰ, ਵਟਪਾੜਾ ਤਿਸ ਕੀ ਸੇਵਾ ਕਰਨੀ; ਕਰਮ ਨਹੀਂ ਬੀਚਾਰਣੇ.

ਤਬ ਬਾਬਾ ਤੇ ਮਰਦਾਨਾਂ ਭੀ ਬੰਦ ਵਿੱਚ ਆਏ ਸੈਦਪੁਰ ਕੀ. ਤਬ ਮੀਰ ਖਾਨ ਮੁਗਲ ਕੀ ਹੱਥ ਚੜ੍ਹੇ. ਤਬ ਮੀਰਖਾਂਨ ਮੁਗਲ ਆਖਿਆ, "ਇਨਾਂ ਗੋਲਿਆਂ ਨੂੰ ਲੇ ਚਲਹੁ." ਤਬ ਬਾਬੇ ਦੇ ਸਿਰ ਪੰਡ ਮਿਲੀ, ਅਤੇ ਮਰਦਾਨੇ ਨੂੰ ਘੋੜਾ ਪਕੜਾਇਆ. ਤਬ ਬਾਬਾ ਸਬਦ ਬੋਲਿਆ ਰਾਗ ਮਾਰੂ ਵਿੱਚ ਮਹੱਲਾ ੧ :—

ਮੁੱਲ ਖਰੀਦੀ ਲਾਲਾ ਗੋਲਾ, ਮੇਰਾ ਨਾੱਉ ਸਭਾਗਾ.
ਗੁਰ ਕੀ ਬਚਨੀ ਹਾਟ ਬਿਕਾਨਾ, ਜਿਤ ਲਾਇਆ ਤਿਤ ਲਾਗਾ.
ਤੇਰੇ ਲਾਲੇ ਕਿਆ ਚਤੁਰਾਈ?

Digitized by Panjab Digital Library | www.panjabdigilib.org

ਸਾਹਿਬ ਕਾ ਹੁਕਮੁ ਨ ਕਰਣਾਂ ਜਾਈ.
ਮਾਂ ਲਾਲੀ, ਪਿਉ ਲਾਲਾ ਮੇਰਾ, ਹਉ ਲਾਲੇ ਕਾ ਜਾਇਆ.
ਲਾਲੀ ਨਾਚੈ, ਲਾਲਾ ਗਾਵੈ, ਭਗਤਿ ਕਰਉ ਤੇਰੀ ਰਾਇਆ.
ਪੀਅਹਿ, ਤ ਪਾਣੀ ਆਣੀ ਮੀਰਾ; ਖਾਹਿ, ਤ ਪੀਸਣ ਜਾਉ.
ਪਖਾ ਫੇਰੀ ਪੈਰ ਮਲੋਵਾਂ ਜਪਤ ਰਹਾਂ ਤੇਰਾ ਨਾਉ.
ਲੂਣਹਰਾਮੀ, ਨਾਨਕ ਲਾਲਾ, ਬਖਸਿਹਿ ਤੁਧੁ ਵਡਿਆਈ.
ਆਦਿ ਜੁਗਾਦਿ ਦਇਆਪਤਿ ਦਾਤਾ; ਤੁਧੁ ਵਿਣੁ
ਮੁਕਤਿ ਨ ਪਾਈ.

ਤਾਂ ਮਰਦਾਨੇ ਅਰਜ ਕੀਤੀ, ਆਖਿਓਸ, "ਜੀ, ਇਨਾਂ ਦੇ ਬਾਬ ਕਿਆ ਵਰਤੀ, ਜੋ ਪੈਰਾਂ ਤੇ ਉਬਾਹਣੀਆਂ, ਅਤੇ ਰੋਂਦੀਆਂ ਕੁਰਲਾਂਦੀਆਂ ਜਾਂਦੀਆਂ ਹੈਨ?" ਤਬ ਬਾਬੇ ਆਖਿਆ, "ਮਰਦਾਨਿਆਂ, ਰਬਾਬ ਵਜਾਇ." ਤਾਂ ਮਰਦਾਨੇ ਆਖਿਆ, "ਜੀ, ਮੇਰੇ ਤਾਂ ਹਥ ਘੋੜਾ ਹੈ." ਤਬ ਬਾਬੇ ਆਖਿਆ, "ਵਾਹ ਗੁਰੂ ਆਖਕੇ ਘੋੜਾ ਹਥੋਂ ਛੱਡ ਦੇਹ." ਤਾਂ ਮਰਦਾਨੇ ਘੋੜਾ ਛੱਡ ਦਿੱਤਾ ਰਬਾਬ ਵਜਾਇਆ. ਬਾਬੇ ਸਬਦ ਬੋਲਿਆ ਰਾਗ ਤਿਲੰਗ ਵਿੱਚ ਮਹੱਲਾ ੧:—

ਹਰਿ ਕੀਆਂ ਕਥਾ ਕਹਾਣੀਆਂ ਗੁਰੁ ਮੀਤਿ ਸੁਣਾਈਆਂ.
ਬਲਿਹਾਰੀ ਗੁਰੁ ਆਪਣੈ, ਗੁਰ ਕਉ ਬਲਿ ਜਾਈਆਂ.

Digitized by Panjab Digital Library | www.panjabdigilib.org

ਆਇ ਮਿਲ, ਗੁਰਸਿੱਖ, ਆਇ ਮਿਲ ਤੂੰ, ਮੇਰੇ ਗੁਰੂ ਕੇ
ਪਿਆਰੇ.
ਹਰਿ ਕੇ ਗੁਣ ਹਰਿ ਭਾਂਵਦੇ, ਸੇ ਗੁਰੂ ਤੇ ਪਾਏ.
ਜਿਨ ਗੁਰੂ ਕਾ ਭਾਣਾਂ ਮੰਨਿਆ, ਤਿਨ ਘੁਮ ਘੁਮ ਜਾਏ.
ਜਿਨ ਸਤਿਗੁਰੂ ਪਿਆਰਾ ਦੇਖਿਆ, ਤਿਨ ਕਉ ਹਉਂ ਵਾਰੀ.
ਜਿਨ ਗੁਰ ਕੀ ਕੀਤੀ ਚਾਕਰੀ, ਤਿਨ ਸਦ ਬਲਿਹਾਰੀ.
ਹਰੇ, ਤੇਰਾ ਨਾਮ ਹੈ ਹਰਿ ਦੁਖ ਮੇਟਣ ਹਾਰਾ.
ਗੁਰੂ ਸੇਵਾ ਤੇ ਪਾਈਐ; ਗੁਰੁ ਮੁਖ ਨਿਸਤਾਰਾ.
ਜੋ ਹਰਿ ਨਾਮੁ ਧਿਆਂਇਦੇ, ਤੇ ਜਨ ਪਰਵਾਨ,
ਤਿਨ ਵਿਟਹੁ ਨਾਨਕ, ਵਾਰਿਆ ਸਦ ਸਦ ਕੁਰਬਾਨ.
ਸਾ, ਹਰਿ, ਤੇਰੀ ਉਸਤਤਿ ਹੈ, ਜੋ ਹਰਿ ਪ੍ਰਭੁ ਭਾਵੈ.
ਜੋ ਗੁਰੂ ਮੁਖ ਪਿਆਰਾ ਸੇਂਵਦੇ, ਤਿਨ ਹਰਿ ਫਲ ਪਾਵੈ.
ਜਿਨਾ ਹਰਿ ਸੇਤੀ ਪਿਰਹੜੀ, ਤਿਨਾ ਜੀਅ ਪ੍ਰਭ ਨਾਲੇ,
ਓਇ ਜਪ ਜਪ ਪਿਆਰਾ ਜੀਂਵਦੇ, ਹਰਿ ਨਾਮ ਸਮਾਲੇ.
ਜਿਨ ਗੁਰ ਮੁਖ ਪਿਆਰਾ ਸੇਵਿਆ, ਤਿਨ ਕਉ ਘੁਮ ਜਾਇਆ,
ਓਇ ਆਪ ਛੁਟੇ ਪਰਵਾਰ ਸਿਉ, ਸਭ ਜਗਤ ਛਡਾਇਆ.
ਗੁਰੂ ਪਿਆਰੇ ਹਰਿ ਸੇਵਿਆ; ਗੁਰੂ ਧੰਨ, ਗੁਰ ਧੰਨੋ.
ਗੁਰੂ ਹਰਿ ਮਾਰਗ ਦੱਸਿਆ; ਗੁਰੂ ਪੁੰਨ, ਵਡ ਪੁੰਨੋ.
ਜੋ ਗੁਰ ਸਿਖ ਗੁਰੂ ਸੇਂਵਦੇ, ਸੇ ਪੁੰਨ ਪਰਾਣੀ,
ਜਨ ਨਾਨਕ ਤਿਨ ਕਉ ਵਾਰਿਆ, ਸਦ ਸਦ ਕੁਰਬਾਣੀ.
ਗੁਰਮੁਖ ਸਖੀ ਸਹੇਲੀਆਂ, ਸੇ ਆਪ ਹਰਿ ਭਾਈਆਂ,
ਹਰਿ ਦਰਗਹਿ ਪੈਨਾਈਆਂ, ਹਰਿ ਆਪ ਗਲ ਲਾਈਆਂ.
ਜੋ ਗੁਰੂ ਮੁਖ ਨਾਮ ਧਿਆਂਇਦੇ, ਤਿਨ ਦਰਸਨ ਦੀਜੈ,
ਹਮ ਤਿਨ ਕੇ ਚਰਨ ਪਖਾਲਦੇ ਧੂੜ ਘੋਲ ਘੋਲ ਪੀਜੈ.
ਪਾਨ, ਸੁਪਾਰੀ ਖਾਂਦੀਆਂ, ਮੁਖ ਬੀੜੀਆਂ ਲਾਈਆਂ,
ਹਰਿ ਹਰਿ ਕਦੇ ਨ ਚੇਤਿਓ, ਜਮ ਪਕੜ ਚਲਾਈਆਂ.

Digitized by Panjab Digital Library | www.panjabdigilib.org

ਜਿਨ ਹਰਿ ਨਾਮਾ ਹਰਿ ਚੇਤਿਆ ਹਿਰਦੈ ਉਰ ਧਾਰੇ,
ਤਿਨ ਜਮ ਨੇੜ੍ਹ ਨ ਆਵਈ, ਗੁਰੂ ਸਿਖ ਗੁਰੂ ਪਿਆਰੇ.
ਹਰਿ ਕਾ ਨਾਮ ਨਿਧਾਨ ਹੈ; ਕੋਈ ਗੁਰਮੁਖ ਜਾਣੈ.
ਨਾਨਕ, ਜਿਨ ਸਤਿ ਗੁਰੂ ਭੇਟਿਆ, ਰੰਗ ਰਲੀਆਂ ਮਾਣੈ.
ਸਤ ਗੁਰੂ ਦਾਤਾ ਆਖੀਐ; ਤੁਸ ਕਰੇ ਪਸਾਉ.
ਹਉ ਗੁਰ ਵਿਟਹੁ ਸਦ ਵਾਰਿਆ ਜਿਨ ਦਿੱਤੜਾ ਨਾਂਉ.
ਸੋ ਧੰਨ ਗੁਰੂ ਸਾਬਾਸ ਹੈ, ਹਰਿ ਦੇਇ ਸਨੇਹਾ.
ਹਉ ਵੇਖ ਵੇਖ ਗੁਰੂ ਵਿਗਾਸਿਆ ਗੁਰੂ ਸਤ ਗੁਰ ਦੇਹਾ.
ਗੁਰੂ ਰਸਨਾ ਅੰਮ੍ਰਿਤ ਬੋਲਦੀ, ਹਰਿ ਨਾਮ ਸੁਹਾਵੀ,
ਜਿਨ ਸੁਣ ਸਿੱਖਾਂ ਗੁਰ ਮੰਨਿਆਂ, ਤਿਨ ਭੁਖ ਸਭ ਜਾਵੀ.
ਹਰਿ ਕਾ ਮਾਰਗ ਆਖੀਐ ਕਹੁ ਕਿਤ ਬਿਧ ਜਾਈਐ?
ਹਰਿ, ਹਰਿ ਤੇਰਾ ਨਾਮ ਹੈ ਹਰਿ ਖਰਚ ਲੈ ਜਾਈਐ.
ਜਿਨ ਗੁਰੂ ਮੁਖ ਹਰਿ ਅਰਾਧਿਆ, ਸੇ ਸਾਹ ਵਡ ਦਾਣੇ.
ਹਉ ਸਤ ਗੁਰ ਕਉ ਸਦ ਵਾਰਿਆ; ਗੁਰ ਬਚਨ ਸਮਾਣੇ.
ਤੂ ਠਾਕੁਰ, ਤੂ ਸਾਹਿਬੋ, ਤੂ ਹੈਂ ਮੇਰਾ ਮੀਰਾ.
ਤੁਧ ਭਾਵੈ, ਤੇਰੀ ਬੰਦਗੀ; ਤੂ ਗੁਣੀ ਗਹੀਰਾ.
ਆਪੇ ਹਰਿ ਇਕ ਰੰਗ ਹੈ, ਆਪੇ ਬਹੁ ਰੰਗੀ.
ਜੋ ਤਿਸੁ ਭਾਵੈ, ਨਾਨਕਾ, ਸਾਈ ਗੱਲ ਚੰਗੀ.

ਜਬ ਬਾਬੇ ਏਹ ਸਬਦ ਬੋਲਿਆ, ਤਾਂ ਮੀਰਖਾਨ ਮੁਗਲ ਆਇ ਗਇਆ. ਜਾਂ ਆਇ ਕਰ ਦੇਖੇ, ਤਾਂ ਪੰਡ ਸਿਰ ਤੇ ਉਪਰ ਹੱਥ ਭਰ ਚਲਦੀ ਹੈ; ਹੋਰ ਘੋੜਾ ਪਿੱਛੇ ਲੱਗਾ ਆਂਵਦਾ ਹੈ. ਤਬ ਬਾ-ਬਰ ਪਾਤਸਾਹ ਨੂੰ ਖਬਰ ਹੋਈ. ਮੀਰਖਾਂਨ

Digitized by Panjab Digital Library | www.panjabdigilib.org

ਮੁਗਲ ਜਾਇ ਪਾਤਸਾਹ ਨੂੰ ਅਰਜ ਕੀਤੀ, ਆਖਿਓਸੁ, "ਜੀ, ਇੱਕ ਫਕੀਰ ਬੰਦ ਵਿੱਚ ਆਇਆ ਹੈ, ਤਿਸਦੇ ਸਿਰ ਉੱਪਰ ਹੱਥ ਭਰ ਪੈਂਡ ਜਾਂਦੀ ਹੈ, ਅਤੇ ਉਸਦੇ ਨਾਲ ਇੱਕ ਡੂਮ ਹੈ, ਤਿਸਦੇ ਪਿੱਛੇ ਥੋ ਭੀ ਜਾਂਦਾ ਹੈ, ਅਰ ਰਬਾਬ ਵਜਾਂਇੰਦਾ ਹੈ; ਖੁਦਾਇ ਦੀ ਬੰਦਗੀ ਕਰਦਾ ਹੈ." ਤਬ ਪਾਤਸਾਹ ਆਖਿਆ, "ਐਸਿਆਂ ਫਕੀਰਾਂ ਹੋਂਦਿਆਂ, ਸਾਹਿਰ ਮਰਣਾ ਨਹੀਂ ਥਾ." ਤਾਂ ਮੀਰਖਾਨ ਆਖਿਆ, "ਜੀ, ਕਰਮ ਕਰਕੇ ਦੇਖਹੁ!" ਤਬ ਡੇਰੇ ਜਾਇ ਪਏ ਕੋਹਾਂਦੂੰਹ ਉੱਪਰ. ਤਬ ਚੱਕੀਆਂ ਅੱਗੇ ਮਿਲੀਆਂ. "ਦਾਣੇ ਦਲਹੁ ਸਰਕਾਰ ਕਾ." ਪਠਾਂਣੀਆਂ ਅਤੇ ਬਾਂਮਣੀਆਂ ਸੱਭੇ ਇਕੱਠੀਆਂ ਬਹਾਲੀਆਂ, ਅਤੇ ਚੱਕੀਆਂ ਅੱਗੇ ਮਿਲੀਆਂ. ਤਬ ਬਾਬੇ ਨੂੰ ਭੀ ਇੱਕ ਚੱਕੀ ਮਿਲੀ. ਤਬ ਬਾਬੇ ਕੀ ਚੱਕੀ ਆਪੇ ਫਿਰੈ, ਬਾਬਾ ਬੈਠਾ ਗਲਾਹੀ ਪਾਵੈ. ਤਦ ਪਾਤਸਾਹ ਆਇ ਗਇਆ. ਤਬ ਬਾਬਾ ਸਬਦ ਬੋਲਿਆ ਰਾਗ ਆਸਾ ਵਿੱਚ ਅਸਟਪਦੀ ਮਹੱਲਾ ੧ ਘਰ ੩ :—

ਜਿਨ ਸਿਰ ਸੋਹਨ ਪੱਟੀਆਂ, ਮਾਂਗੀ ਪਾਇ ਸੰਧੂਰ,
ਸੇ ਸਿਰ ਕਾਤੀ ਮੁੰਨੀਅਨ; ਗਲ ਵਿਚ ਆਵਹਿ ਧੂੜ,
ਮਹਿਲਾਂ ਅੰਦਰ ਹੋਂਦੀਆਂ, ਹੁਣ ਬਹਿਣ ਨ ਮਿਲਨ ਹਦੂਰ.
ਆਦੇਸੁ! ਤਿਸੈ ਆਦੇਸ!
ਆਦ ਪੁਰਖ, ਤੇਰਾ ਅੰਤ ਨ ਪਾਇਆ; ਕਰ ਕਰ ਵੇਖਹਿ ਵੇਸ!
ਜਦਹੁ ਸੀਆਂ ਵੀਆਹੀਆਂ ਲਾੜੇ ਸੋਹਨ ਪਾਸ,
ਹੀਡੋਲੀ ਚੜ੍ਹ ਆਂਈਆਂ ਦੰਦ ਖੰਡ ਕੀਤੇ ਰਾਸ,
ਉੱਪਰਹੁੰ ਪਾਣੀ ਵਾਰੀਐ, ਝੱਲੇ ਝਿਮਕਨ ਪਾਸ.
ਇੱਕ ਲੱਖ ਲਹਿਨ ਬਹਿੱਠੀਆਂ, ਲੱਖ ਲਹਿਨ ਖੜ੍ਹੀਆਂ;
ਗਰੀ ਛੁਹਾਰੇ ਖਾਂਦੀਆਂ, ਮਾਣਨ ਸੇਜੜੀਆਂ,
ਤਿਨ ਗਲ ਸਿਲਕਾਂ ਪਾਈਆਂ, ਤੁੱਟਨ ਮੋਤਿ ਸਰੀਆਂ.
ਧਨ ਜੋਬਨ ਦੁਇ ਵੈਰੀ ਹੋਏ, ਜਿਨੀ ਰੱਖੇ ਰੰਗ ਲਾਇ.
ਦੂਤਾਂ ਨੂੰ ਫੁਰਮਾਇਆ, ਲੈ ਚੱਲੇ ਪੱਤਿ ਗਵਾਇ.
ਜੇ ਤਿਸ ਭਾਵੈ ਦੇ ਵਡਿਆਈ, ਜੇ ਭਾਵੈ ਦੇਇ ਸਜਾਇ,
ਅੱਗੋਂ ਦੇ ਜੇ ਚੇਤੀਐ, ਤਾਂ ਕਾਇਤ ਮਿਲੈ ਸਜਾਇ?
ਸਾਹਾ ਸੁਰਤ ਗਵਾਈਆ ਰੰਗ ਤਮਾਸੇ ਚਾਇ.
ਬਾਬਰ ਵਾਣੀ ਫਿਰ ਗਈ, ਕੁਇਰ ਨ ਰੋਟੀ ਖਾਇ.
ਇਕਨਾਂ ਵਕਤ ਖੁਆਈਅਹਿ, ਇਕਨਾ ਪੂਜਾ ਜਾਇ.
ਚਉਕੇ ਵਿੱਚ ਹਿੰਦਵਾਣੀਆਂ ਕਿਉਂ ਟਿਕੇ ਕੱਢਹਿਂ ਨਾਇ?
ਰਾਮ ਨ ਕਬਹੂੰ ਚੇਤਿਓ, ਹੁਣ ਕਹਿਣ ਨ ਮਿਲੈ ਖੁਦਾਇ.
ਇੱਕ ਘਰ ਆਂਵਹਿ ਆਪਣੇ, ਇੱਕ ਮਿਲ ਪੁੱਛਹਿਂ ਸੁੱਖ,
ਇਕਨ੍ਹਾ ਏਹੋ ਲਿਖਿਆ, ਬਹਿ ਬਹਿ ਰੋਂਵਹਿ ਦੁੱਖ.
ਜੋ ਤਿਸੁ ਭਾਵੈ ਸੋ ਥੀਐ, ਨਾਨਕ, ਕਿਆ ਮਾਨੁੱਖ?

**ਤਦਹੁੰ ਪਾਤਸਾਹ ਪੁੱਛਿਆ. ਤਦਹੁੰ ਬਾਬਾ ਵਿਸਮਾਦ ਦੇ ਘਰ ਆਇਆ. ਤਦਹੁੰ ਕਰਾਮਾਤ**

ਮੰਗਣ ਲੱਗਾ. ਉਤ ਮਾਹਿਲ ਸਬਦ ਹੋਇਆ ਰਾਗ ਤਿਲੰਗ ਵਿੱਚ ਮਹੱਲਾ ੧ :—

ਜਿਸ ਤੂ ਰੱਖਹਿ, ਮਿਹਰਵਾਨ, ਕੋ ਸਕੈ ਨ ਮਾਰ.
ਤੇਰੀ ਉਪਮਾ ਕਿਆ ਗਨੀ? ਤੈਂ ਅਗਨਤ ਉਧਾਰੇ!
ਰਾਖ ਲੇਹ, ਪਿਆਰੇ, ਰਾਖ ਲੇਹ, ਮੈਂ ਦਾਸਰਾ ਤੇਰਾ.
ਜਲ, ਥਲ, ਮਹੀ, ਅਲ ਰਵਿ ਰਹਿਆ ਸਾਚਾ ਠਾਕੁਰ ਮੇਰਾ!
ਜੈਦੇਉ ਨਾਮਾ ਤਉ ਰਾਖ ਲੀਏ, ਤੇਰੇ ਭਗਤ ਪਿਆਰੇ.
ਜਿਨ ਕਉ ਤੈਂ ਆਪਣਾ ਨਾਮੁ ਦੀਆ, ਸੇ ਤਉ ਪਾਰ ਉਤਾਰੇ.
ਸੈਨ, ਕਬੀਰ, ਤ੍ਰਿਲੋਚਨ ਤਉ ਰਾਖ ਲੀਏ, ਤੇਰੇ ਨਾਮ ਸੰਗ ਬਨਿਆਂ.
ਰਵਿਦਾਸ ਚਮਿਆਰ ਤਉ ਰਾਖ ਲੀਆ, ਤੇਰਿਆਂ ਭਗਤਾਂ ਸੰਗ ਗਨਿਆਂ.
ਨਾਨਕ ਕਰਤਾ ਬੇਨਤੀ ਕੁਲ ਲਾਜ ਕਾ ਹੀਨਾ,
ਸੰਸਾਰ ਸਾਗਰ ਤੇ ਕਾਢ ਕੈ ਅਪਨਾ ਕਰ ਲੀਨਾ.

ਜਬ ਬਾਬੇ ਏਹ ਸਬਦ ਆਖਿਆ, ਤਾਂ ਪਾਤਸਾਹ ਬਾਬਰ ਆਇ ਪੈਰ ਚੁੰਮੇ, ਆਖਿਓਸੁ, "ਇਸ ਫਕੀਰ ਦੇ ਮੂੰਹ ਵਿੱਚ ਖੁਦਾਇ ਨਦਰ ਆਂਵਦਾ ਹੈ." ਤਬ ਹਿੰਦੂ ਮੁਸਲਮਾਨ ਸਭ ਸਲਾਮ ਲੱਗੇ ਕਰਣ. ਤਾਂ ਪਾਤਸਾਹ ਆਖਿਆ, "ਏ ਦਰਵੇਸ, ਕੁਛ ਕਬੂਲ ਕਰ." ਤਾਂ ਗੁਰੂ ਆਖਿਆ, "ਅਸਾਡੇ ਕੰਮ ਕਿਛ ਨਾਹੀ, ਪਰ ਜੋ ਏਹ ਬੰਦ ਹੋਈ ਹੈ ਸੈਦਪੁਰ ਕੀ ਸੋ ਛੋੜ ਦੇਹ."

Digitized by Panjab Digital Library | www.panjabdigilib.org

ਤਬ ਬਾਬਰ ਪਾਤਸ਼ਾਹ ਹੁਕਮ ਕੀਤਾ, ਜੋ "ਬੰਦ ਛੋੜ ਦੇਹੋ, ਅਤੇ ਵਸਤੂ ਭੀ ਫੇਰ ਦੇਹੋ." ਤਾਂ ਸੈਦਪੁਰ ਕੀ ਬੰਦ ਦੇਰੇ ਬਸਤ ਛੋੜ ਦਿੱਤੀ. ਤਬ ਬਾਬੇ ਬਿਨੰ ਜਾਂਵਨ ਨੰਗੀ. ਤਬ ਬਾਬਾ ਤੀਸਰੇ ਦਿਨ ਫੇਰ ਸੈਦਪੁਰ ਆਇਆ. ਆਇ ਕਰ ਦੇਖੇ, ਤਾਂ ਸਭ ਕਤਲਾਮ ਪਏ ਹੈਨ. ਤਬ ਬਾਬੇ ਆਖਿਆ, "ਮਰਦਾਨਿਆਂ, ਇਹੁ ਕਿਆ ਵਰਤੀ?" ਤਾਂ ਮਰਦਾਨੇ ਆਖਿਆ, "ਜੀ, ਜੋ ਤੁਧ ਭਾਣੀ, ਸਾਈ ਵਰਤੀ." ਤਬ ਬਾਬੇ ਆਖਿਆ, "ਮਰਦਾਨਿਆਂ, ਰਬਾਬ ਵਜਾਇ." ਬਾਬੇ ਸਬਦ ਉਠਾਇਆ ਰਾਗ ਆਸਾ ਵਿੱਚ ਮਹਲਾ ੧ :—

ਕਹਾਂ ਸੋ ਖੇਲ, ਤਬੇਲੇ, ਘੋੜੇ, ਕਹਾਂ ਸੋ ਭੇਰੀ, ਸਹਨਾਈ?
ਕਹਾਂ ਸੋ ਤੇਗਬੰਦ ਗਾਡੇਰੜ, ਕਹਾਂ ਸੋ ਲਾਲ ਕਵਾਈ?
ਕਹਾਂ ਸੋ ਆਰਸੀਆਂ ਮੁੰਹਿ ਬੰਕੇ? ਇਥੈ ਦਿੱਸਹਿ ਨਾਹੀ!
ਇਹ ਜਗ ਤੇਰਾ, ਤੂ ਗੋਸਾਂਈ!
ਏਕ ਘੜੀ ਮਹਿ ਥਾਪ ਉਥਾਪੇ, ਜਰ ਵੰਡ ਦੇਵਹਿ ਭਾਈ!
ਕਹਾਂ ਸੋ ਘਰ, ਦਰ, ਮੰਡਪ, ਮਹਲਾਂ, ਕਹਾਂ ਸੋ ਬੰਕ ਸਰਾਂਈ?
ਕਹਾਂ ਸੋ ਸੇਜ ਸੁਖਾਲੀ ਕਾਮਣ, ਜਿਸ ਦੇਖ ਨੀਂਦ ਨ ਪਾਈ?
ਕਹਾਂ ਸੋ ਪਾਨ, ਤੰਬੋਲੀ, ਹਰਮਾਂ? ਹੋਈਆਂ ਛਾਂਈ ਮਾਂਈ!
ਇਸ ਜਰ ਕਾਰਣ ਘਣੀ ਵਿਗੁਤੀ, ਇਨ ਜਰ ਘਣੀ ਖੁਆਈ,
ਪਾਪਾਂ ਬਾਝਹੁ ਹੋਵੈ ਨਾਹੀ, ਮੋਇਆਂ ਸਾਥ ਨ ਜਾਈ.
ਜਿਸ ਨੂੰ ਆਪ ਖੁਆਏ ਕਰਤਾ, ਖੁੱਸ ਲਏ ਚੰਗਿਆਈ.

ਕੋਟੀ ਹੂ ਪੀਰ ਵਰਜ ਰਹਾਏ, ਜਾਂ ਖਾਨ ਸੁਣਿਆਂ ਧਾਇਆ,
ਥਾਂਨ ਮੁਕਾਮ ਜਲੇ ਬਿਜ ਮੰਦਰ, ਮੁਛ ਮੁਛ ਕੁਇਰ ਰੁਲਾਇਆ!
ਕੋਈ ਮੁਗਲ ਨ ਹੋਆ ਅੰਧਾ, ਕਿਨੈ ਨ ਪਰਚਾ ਲਾਇਆ!
ਮੁਗਲ ਪਠਾਣਾ ਭਈ ਲੜਾਈ, ਰਣ ਮਹਿ ਤੇਗ ਵਗਾਈ.
ਓਨ੍ਹੀ ਤੁਪਕ ਤਾਣ ਚਲਾਈ, ਓਨ੍ਹੀ ਹਸਤ ਚੜ੍ਹਾਈ.
ਜਿਨ ਕੀ ਚੀਰੀ ਦਰਗਹ ਪਾਟੀ, ਤਿਨਾਂ ਮਰਣਾ ਭਾਈ.
ਇਕ ਹਿੰਦਵਾਣੀ, ਅਵਰ ਤੁਰਕਾਣੀ, ਭਟਿਆਣੀ, ਠਕੁਰਾਣੀ,
ਇਕਨਾ ਪੇਰਣ ਸਿਰ ਖੁਰ ਪਾਟੇ, ਇਕਨਾ ਵਾਸ ਮਸਾਣੀ.
ਜਿਨ ਕੇ ਬੰਕੇ ਘਰੀਂ ਨ ਆਏ, ਤਿਨ ਕਿਉਂ ਰੈਣ ਵਿਹਾਣੀ?
ਆਪੇ ਕਰੇ ਕਰਾਏ ਕਰਤਾ; ਕਿਸ ਨੋ ਆਖ ਸੁਣਾਈਐ?
ਦੁਖ ਸੁਖ ਤੇਰੈ ਭਾਣੈ ਹੋਵੈ; ਕਿਸ ਥੈ ਜਾਇ ਰੂਆਈਐ?
ਹੁਕਮੀ ਹੁਕਮ ਚਲਾਏ ਵਿਗਸੈ, ਨਾਨਕ, ਲਿਖਿਆ ਪਾਈਐ.

ਤਬ ਬਾਬਰ ਵਾਣੀ ਪੂਰੀ ਹੋਈ. ਲਾਇ ਕਰ ਘਰਆ-
ਇਆ. ਤਿਤ ਮਹਿਲ ਸਬਦ ਕੀਤਾ ਰਾਗ ਸੋਰਠ
ਵਿੱਚ ਮਹੱਲਾ ੫ :—

ਗਈ ਬਹੋੜੁ ਬੰਦੀ ਛੋੜੁ, ਨਿਰੰਕਾਰੁ, ਦੁਖ ਦਾਰੀ.
ਕਰਮ ਨ ਜਾਣਾਂ, ਧਰਮ ਨ ਜਾਣਾਂ, ਲੋਭੀ, ਮਾਇਆ ਧਾਰੀ.
ਨਾਮ ਪਰਿਓ ਹੈ, "ਭਗਤ ਗੋਬਿੰਦ ਕਾ," ਇਹ ਰਾਖਹੁ ਪੈਜ ਤੁਮਾਰੀ.
ਹਰਿ ਜੀਉ, ਨਿਮਾਣਿਆਂ ਤੂ ਮਾਣ.
ਨਿਚੀਜਿਆਂ ਚੀਜ ਕਰੇ, ਮੇਰਾ ਗੋਬਿੰਦ, ਤੇਰੀ ਕੁਦਰਤਿ ਕਉ
ਕੁਰਬਾਂਣ!
ਜੈਸਾ ਬਾਲਕ ਭਾਇ ਸੁਭਾਈ ਲਖ ਅਪਰਾਧ ਕਮਾਵੈ;
ਕਰ ਉਪਦੇਸ ਝਿੜਕੇ ਬਹੁ ਭੰਤੀ, ਬਹੁੜਿ ਪਿਤਾ ਗਲ ਲਾਵੈ.

Digitized by Panjab Digital Library | www.panjabdigilib.org

ਪਿਛਲੇ ਅਉਗਣ ਬਖਸ ਲਏ, ਪ੍ਰਭੁ, ਆਗੇ ਮਾਰਗ ਪਾਵੈ
ਹਰਿ ਅੰਤਰਜਾਂਮੀ ਸਭੁ ਬਿਧਿ ਜਾਣੈ, ਤਾਂ ਕਿਸ ਪਹਿ ਆਖ
ਸੁਣਾਈਐ?
ਕਹਿਣੈ ਕਥਨ ਨ ਭੀਜੈ ਗੋਬਿੰਦ; ਹਰਿ ਭਾਵੈ, ਪੈਜ ਰਖਾਈਐ.
ਅਵਰ ਓਟ ਮੈਂ ਸਗਲੀ ਦੇਖੀ, ਇੱਕ ਤੇਰੀ ਓਟ ਰਹਾਈਐ.
ਹੋਇ ਦਇਆਲ ਕ੍ਰਿਪਾਲ ਪ੍ਰਭੁ ਠਾਕੁਰ, ਆਪੇ ਸੁਣੈ ਬੇਨੰਤੀ.
ਪੂਰਾ ਸਤ ਗੁਰੁ ਮੇਲ ਮਿਲਾਵੈ, ਸਭੁ ਚੂਕੈ ਮਨ ਕੀ ਚਿੰਤੀ.
ਹਰਿ ਹਰਿ ਨਾਮ ਅਵਖਦ ਮੁਖ ਪਾਇਆ, ਜਨ ਨਾਨਕ ਸੁੱਖ
ਵਸੰਤੀ.

ਤਬ ਬਾਬਾ ਸੈਦਪੁਰ ਵਿੱਚ ਆਇਆ. ਲੋਕ ਹਿੰਦੂ ਮੁਸਲਮਾਨ ਲੱਗੇ ਮੁਰਦੇ ਦੱਬਣ, ਘਰ ਘਰ ਲੱਗੇ ਰੋਵਣ ਪਿੱਟਣ; "ਓਹੀ ਓਹੀ"! ਲੱਗੇ ਕਰਣ. ਤਬ ਗੁਰੂ ਬਾਬਾ ਬਿਸਮਾਦ ਵਿੱਚ ਆਇਆ. ਤਿਤ ਮਹਲ ਸਬਦ ਹੋਇਆ ਰਾਗ ਆਸਾ ਵਿੱਚ ਮਹਲਾ ੧ ਕਾਫੀ ਘਰ ੮ :—

ਜੈਸੇ ਗੋਇਲ ਗੋਇਲੀ, ਤੈਸੇ ਸੰਸਾਰ.
ਕੂੜ ਕਮਾਵਹਿ ਆਦਮੀ ਬਾਂਧਹਿ ਘਰ ਬਾਰ
ਜਾਗਹੁ, ਜਾਗਹੁ ਸੁੱਤਿਓ! ਚੱਲਿਆ ਵਣਜਾਰ!
ਨੀਤ ਨੀਤ ਘਰ ਬਾਂਧੀਐ, ਜੇ ਰਹਿਣਾ ਹੋਈ.
ਪਿੰਡੁ ਪਵੈ, ਜੀਉ ਚੱਲਸੀ, ਜੇ ਜਾਣੈ ਕੋਈ.
"ਓਹੀ! ਓਹੀ!" ਕਿਆ ਕਰਹੁ? ਹੈ, ਹੋਸੀ ਸੋਈ.

ਤੁਮ ਰੋਵਹੁਗੇ ਓਸਨੋ, ਤੁਮ ਕੋ ਕਉਣ ਰੋਈ?
ਧੰਧਾ ਪਿੱਟਹੁ ਭਾਈਓ, ਤੁਮ ਕੂੜ ਕਮਾਵੋ.
ਓਹਨ ਸੁਣਈ ਕੱਤਈ, ਤੁਮ ਲੋਕ ਸੁਣਾਵੇ.
ਜਿਸ ਤੇ ਸੁੱਤਾ, ਨਾਨਕਾ, ਜਗਾਏ ਸੋਈ.
ਜੇ ਘਰ ਬੂਝੈ ਆਪਣਾ, ਤਾਂ ਨੀਂਦ ਨ ਹੋਈ.
ਜੇ ਚੱਲਦਾ ਲੈ ਚੱਲਿਆ ਸੋਪੇ ਕਿਛ ਨਾਲੇ,
ਤਾਂ ਧਨ ਸੰਚਹੁ ਦੇਖ ਕੈ. ਬੂਝਹੁ ਵੀਚਾਰੇ
ਵਣਜ ਕਰਹੁ; ਮਖਸੂਦ ਲੇਹੁ; ਮਤ ਪੱਛੋਤਾਵੇ.
ਅਉਗੁਣ ਛੋਡੋ, ਗੁਣ ਕਰੋ, ਐਸੇ ਤੱਤ ਪਾਵਹੁ.
ਧਰਮ ਭੂਮਿ, ਸਤ ਬੀਜ ਕਰ, ਐਸੀ ਕਿਰਸ ਕਮਾਵਹੁ.
ਤਾਂ ਵਾਪਾਰੀ ਜਾਣੀਅਹੁ, ਲਾਹਾ ਲੈ ਜਾਵਹੁ.
ਕਰਮ ਹੋਵੈ, ਸਤਿ ਗੁਰੂ ਮਿਲੈ, ਬੂਝੈ ਬੀਚਾਰਾ.
ਨਾਮ ਵਖਾਣੇ, ਸੁਣੇ ਨਾਮ, ਨਾਮੇ ਬਿਉਹਾਰਾ.
ਜਿਉ ਲਾਹਾ, ਤੋਟਾ ਤਿਵੈਂ, ਬਾਟ ਚਲਦੀ ਆਈ.
ਜੋ ਤਿਸ ਭਾਵੈ, ਨਾਨਕਾ, ਸਾਈ ਵਡਿਆਈ.

ਤਬ ਇੱਕ ਦਿਨ ਮਰਦਾਨੇ ਅਰਜ ਕੀਤੀ, ਆਖਿਓਸ "ਜੀ, ਇਹੁ ਹਿਕੋ ਕਿਸੇ ਵਿਗਾੜਿਆ ਹੈ, ਅਤੇ ਇਤਨੇ ਕਿਉਂ ਮਾਰਿਆ?" ਤਬ ਬਾਬੇ ਆਖਿਆ, 'ਮਰਦਾਨਿਆਂ, ਉਸ ਦਰਖਤ ਤਲੇ ਜਾਇ ਸੰਉ; ਜਾਂ ਉਠੱਹਿੰਗਾ, ਤਾਂ ਜਬਾਬ ਦੇਵਾਹਿੰਗੇ." ਤਾਂ ਮਰਦਾਨਾਂ ਜਾਇ ਸੁੱਤਾ. ਇੱਕ ਬੂੰਦ ਚਿਕਨਾਈ ਕੀ ਪਈ ਥੀ

Digitized by Panjab Digital Library | www.panjabdigilib.org

ਸੀਨੇ ਉਪਰ. ਜਿਉ ਸੁੱਤਾ, ਤਿਉ ਕੀੜੀਆਂ ਆਇ ਲੱਗੀ
ਆਂ. ਇੱਕ ਜੋ ਕੀੜੀ ਲੱਗੀ ਸੁੱਤਿਆਂ, ਤਾਂ ਹੱਥ ਨਾਲ
ਸੱਭੇ ਮਲ ਸੁੱਟੀਆਂ. ਤਾਂ ਬਾਬੇ ਆਖਿਆ, "ਕਿਆ
ਕੀਤੋ, ਮਰਦਾਨਿਆਂ?" ਤਾਂ ਮਰਦਾਣੇ ਆਖਿਆ, "ਜੀ,
ਕੋਈ ਹਿੱਕ ਜੋ ਕੀੜੀ ਲੱਗੀ, ਸੋ ਸੱਭੇ ਮਰ ਗਈਆਂ."
ਤਾਂ ਬਾਬਾ ਹੱਸਿਆ, ਆਖਿਓਸੁ, "ਇਵੇਂ ਹੀ ਮਰੇ ਹੈਨਿ."
ਤਬ ਮਰਦਾਨਾ ਆਇ ਪੈਰੀਂ ਪਇਆ. ਤਬ ਮਰਦਾਨਾ
ਹੱਥ ਜੋੜ ਖੜਾ ਹੋਇ ਰਹਿਆ. ਤਬ ਸੈਦਪੁਰ ਦੇ ਲੋਕ
ਬਹੁਤ ਨਾਉ ਧਰੀਕ ਸਿੱਖ ਹੋਏ. ਤਬ ਫਿਰ ਪਿੱਛੇ
ਜਾਇ ਲਸਕਰ ਵਿਚ ਵੜਿਆ. ਮੀਰ ਬਾਬਰ ਜੋ ਥਾ,
ਸੋ ਕਲੰਦਰ ਥਾ. ਦਿਨ ਕਉ ਪਾਤਸਾਹੀ ਕਰਦਾ ਥਾ,
ਅਰ ਰਾਤ ਕਉ ਪੈਰੀਂ ਸੰਗਲ ਘੱਤ ਕਰ, ਸਿਰ ਤਲਵ
ਇਆ ਬੰਦਗੀ ਕਰਦਾ ਥਾ. ਪਿਛਲੀ ਰਾਤ ਰਹਿੰਦੀ
ਉੱਠ ਕੈ ਬਹੁਤ ਬੰਦਗੀ ਕਰਦਾ ਥਾ; ਅਰ ਜਾਂ ਸੁਬਾਹ
ਹੋਵੈ, ਤਾਂ ਉੱਠ ਕਰ ਨਿਮਾਜ ਕਰੈ. ਤੀਹੇ ਸਿਪਾਰੇ ਕੁਰਾਨ
ਕੇ ਪੜ੍ਹੇ, ਤਾਂ ਫਿਰ ਪਿੱਛੇ ਭੋਗ ਖਾਵੈ. ਜਾਂ ਬਾਬਾ ਲਸ-
ਕਰ ਵਿੱਚ ਵੜਿਆ, ਤਾਂ ਲੱਗਾ ਸਬਦ ਗਾਂਵਣ. ਬੰਦੀ-
ਵਾਨ ਭੀ ਪਾਸੇ ਹੋਵਨ. ਬੰਦੀਵਾਣਾਂ ਦੌਲੋਂ ਵੇਖ ਕਰ ਬਾ

Digitized by Panjab Digital Library | www.panjabdigilib.org

ਬਾ ਬਹੁਤ ਆਜਜ ਹੋਵੈ. ਤਾਂ ਬਾਬੇ ਆਖਿਆ,"ਮਰਦਾ-ਨਿਆਂ, ਰਬਾਬ ਵਜਾਇ." ਤਾਂ ਬਾਬੇ ਸਬਦ ਕੀਤਾ ਰਾਗ ਆਸਾ ਵਿਚ ਮਹਲਾ ੧ ਘਰ ੬ :—

ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨ ਡਰਾਇਆ.
ਆਪੇ ਦੋਸ ਨ ਦੇਈ ਕਰਤਾ, ਜਮਕਰ ਮੁਗਲ ਚੜਾਇਆ.
ਏਤੀ ਮਾਰ ਪਈ ਕਰਲਾਣੇ, ਤੈਂਕੀ ਦਰਦ ਨ ਆਇਆ?
ਕਰਤਾ, ਤੂੰ ਸਭਨਾਂ ਕਾ ਸੋਈ.
ਜੇ ਸਕਤਾ ਸਕਤੇ ਕਉ ਮਾਰੇ, ਤਾਂ ਮਨ ਰੋਸ ਨ ਹੋਈ.
ਸਕਤਾ ਸੀਂਹੁ ਮਾਰੇ ਪੈ ਵੱਗੈ, ਖਸਮੈ ਸਾ ਪੁਰਸਾਈ.
ਰਤਨ ਵਿਗਾੜ ਵਿਗੋਏ ਕੁੱਤੀ, ਮੁਇਆਂ ਸਾਰ ਨ ਕਾਈ.
ਆਪੇ ਜੋੜ ਵਿਛੋੜੇ ਆਪੇ! ਵੇਖ ਤੇਰੀ ਵਡਿਆਈ!
ਜੇ ਕੋ ਨਾਂਉ ਧਰਾਏ ਵੱਡਾ, ਸਾਦ ਕਰੇ ਮਨ ਭਾਣੇ,
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ.
ਮਰ ਮਰ ਜੀਵੈ, ਤਾਂ ਕਿਛ ਪਾਏ, ਨਾਨਕ, ਨਾਮ ਵਖਾਣੇ.

ਜਾਂ ਇਹ ਸਬਦ ਮੀਰ ਬਾਬਰ ਸੁਣਿਆ, ਤਾਂ ਆਖਿ-ਆਸੁ, "ਯਾਰੋ, ਇਸ ਫਕੀਰ ਕਉ ਲੈ ਆਵਹੁ." ਤਾਂ ਆਦਮੀ ਗਏ, ਬਾਬੇ ਕਉ ਲੈਕਰ ਹਾਜਰ ਕੀਤਾ. ਤਬ ਬਾਬਰ ਕਹਿਆ, "ਫਕੀਰ ਜੀ, ਏਹ ਜੋ ਆਵਾਜ ਕੀ-ਆ ਹੈ, ਸੋ ਫੇਰ ਕਰੋ." ਤਬ ਬਾਬੇ ਫੇਰ ਓਹ ਸਬਦ ਸੁਣਾਇਆ. ਤਾਂ ਬਾਬਰ ਕੇ ਕਪਾਟ ਖੁੱਲ ਗਏ.

Digitized by Panjab Digital Library | www.panjabdigilib.org

ਤਬ ਬਾਬਰ ਕਹਿਆ, "ਯਾਰੋ, ਏਹ ਫਕੀਰ ਭਲਾ ਹੈ." ਤਬ ਹਮਾਚਾ ਭੰਗ ਕਾ ਖੋਲਿਆ ਬਾਬੇ ਕੇ ਅਗੇ ਰੱਖਿਆ, ਕਹਿਓਸ, "ਫਕੀਰ ਜੀ, ਭੰਗ ਖਾਹਿ." ਤਬ ਬਾਬੇ ਕਹਿਆ, "ਮੀਰ ਜੀ, ਮੈਂ ਭੰਗ ਖਾਈ ਹੈ; ਮੈ ਐਸੀ ਭੰਗ ਖਾਈ ਹੈ, ਜਿਸ ਕਾ ਅਮਲ ਕਦੇ ਨਾਂ ਹੀ ਉੱਤਰਤਾ." ਤਬ ਬਾਬਰ ਕਹਿਆ, "ਜੀ, ਉਹ ਅਮਲ ਕਉਣ ਹੈ, ਜਿਸ ਕਾ ਅਮਲ ਕਦੇ ਨਾਹੀ ਉਤਰਤਾ?" ਤਬ ਬਾਬੇ ਕਹਿਆ, "ਮਰਦਾਨਿਆ, ਰਬਾਬ ਵਜਾਇ." ਤਾਂ ਬਾਬੇ ਸਬਦ ਕੀਤਾ ਤਿਲੰਗ ਵਿੱਚ ਮਹਲਾ ੧ ਘਰ ੨ :—

ਭਉ ਤੇਰਾ ਭਾਂਗ, ਖਲੜੀ ਮੇਰਾ ਚੀਤ,
ਮੈ ਦੇਵਾਨਾ ਭਇਆ ਅਤੀਤ.
ਕਰ ਕਾਸਾ ਦਰਸਨ ਕੀ ਭੂਖ,
ਮੈ ਦਰ ਮਾਂਗਉ ਨੀਤਾ ਨੀਤ.
ਤਉ ਦਰਸਨ ਕੀ ਕਰਉ ਸਮਾਇ;
ਮੈਂ ਦਰ ਮਾਂਗਤੁ ਭੀਖਿਆ ਪਾਇ.
ਕੇਸਰ, ਕੁਸਮ ਮਿਰਗਮੈ-ਹਰਣਾ, ਸਰਬ ਸਰੀਰੀ ਚੜ੍ਹਣਾ,
ਚੰਦਨ; ਭਗਤਾਂ ਜੋਤ ਇਨੇਹੀ ਸਰਬੇ ਪਰਮਲ ਕਰਣਾ.
ਘਿਅ ਪਟ ਭਾਂਡਾ ਕਹੈ ਨ ਕੋਇ,
ਐਸਾ ਭਗਤ ਵਰਨ ਮਹਿ ਹੋਇ.

Digitized by Panjab Digital Library | www.panjabdigilib.org

ਤੇਰੇ ਨਾਮ ਰੱਤੇ, ਰਹੇ ਲਿਵ ਲਾਇ,
ਨਾਨਕ ਤਿਨ ਦਰ ਭੀਖਿਆ ਪਾਇ.

ਜਬ ਏਹ ਸਬਦ ਬਾਬੇ ਕਹਿਆ, ਤਾਂ ਮੀਰਬਾਬਰ ਬਹੁਤ ਖੁਸਲ ਹੋਇਆ, ਕਹਿਓਸ, "ਫਕੀਰ ਜੀ, ਮੇਰੇ ਸਾਥ ਚੱਲ." ਤਾਂ ਬਾਬੇ ਕਹਿਆ, "ਮੀਰ ਜੀ, ਏਕ ਦਿਨ ਤੇਰੇ ਪਾਸ ਰਹਾਂਗਾ." ਤਾਂ ਫੇਰ ਬਾਬਰ ਕਹਿਆ, "ਜੀ, ਤਿਨ ਦਿਨ ਰਹੋ." ਤਾਂ ਬਾਬੇ ਕਹਿਆ, "ਰਹਾਂਗਾ." ਪਰ ਬਾਬਾ ਬੰਦੀਵਾਨਾਂ ਵੱਲੋਂ ਦੇਖਕੈ ਬਹੁਤ ਗਮ ਖਾਵੈ; ਤਾਂ ਬਾਬੇ ਆਖਿਆ, "ਮਰਦਾਨਿਆਂ ਰਬਾਬ ਵਜਾਇ." ਤਾਂ ਮਰਦਾਨੇ ਰਬਾਬ ਵਜਾਇਆ. ਤਾਂ ਬਾਬੇ ਸਬਦ ਬੋਲਿਆ ਰਾਗ ਆਸਾ ਵਿੱਚ. ਤਾਂ ਏਹ ਸਬਦ ਬੋਲਿਆ, ਤਾਂ ਹਾਲਤ ਵਿੱਚ ਆਇ ਗਇਆ. ਬਾਬਾ ਪੈ ਰਹਿਆ. ਤਾਂ ਬਾਬਰ ਆਇ ਉੱਪਰ ਖੜਾ ਹੋਆ, ਆਖਿਓਸ, "ਫਕੀਰ ਕਉ ਕਿਆ ਹੂਆ?" ਤਾਂ ਲੋਕਾਂ ਕਹਿਆ, "ਜੀ, ਇਹ ਫਕੀਰ ਦਰਦਵੰਦ ਹੈ, ਖੁਦਾਇ ਦਾ ਗਜਬ ਦੇਖਕੈ ਹਾਲਤ ਵਿੱਚ ਆਇਆ ਹੈ." ਤਾਂ ਬਾਬਰ ਕਹਿਆ, "ਯਾਰੋ, ਖੁਦਾ ਅੱਗੈ ਹੱਥ ਜੋੜਹੁ ਜੋ ਇਹ ਫਕੀਰ

ਖੜਾ ਹੋਵੈ." ਤਬ ਬਾਬਾ ਉਠ ਬੈਠ. ਬਾਬੇ ਦੇ ਉਠਣੇ
ਨਾਲ ਐਸਾ ਚਾਨਣਾ ਹੋਆ, ਆਖੀਐ ਕਈ ਹਜਾਰ
ਸੂਰਜ ਚੜੇ ਹੈਨ. ਤਾਂ ਬਾਬਰ ਸਲਾਮ ਕੀਤਾ; ਆਖਿ-
ਓਸ, "ਜੀ, ਤੂ ਮਿਹਰਵਾਨ ਹੋਹੁ." ਤਾਂ ਬਾਬੇ ਕਹਿਆ,
"ਮੀਰ ਜੀ, ਜੇ ਤੂ ਮਿਹਰ ਚਾਹਤਾ ਹੈਂ, ਤਾਂ ਬੰਦੀ-
ਵਾਨ ਛੋੜ ਦੇਹ." ਤਾਂ ਬਾਬਰ ਕਹਿਆ, "ਜੀ,
ਇਕ ਅਰਜ ਹੈ, ਜੇ ਹੁਕਮ ਹੋਵੈ, ਤਾਂ ਕਹਾਂ." ਤਾਂ
ਬਾਬੇ ਕਹਿਆ, "ਕਹੋ ਜੀ." ਕਹਿਆ, "ਜੀ,
ਇਕ ਬਚਨ ਦੇਹ, ਤਾਂ ਛੋੜਾਂ." ਤਬ ਬਾਬੇ ਕਹਿ-
ਆ, "ਕਿਛ ਤੂ ਮੰਗ." ਤਾਂ ਬਾਬਰ ਕਹਿਆ,
"ਜੀ, ਮੈ ਏਹੀ ਮੰਗਦਾ ਹਾਂ, ਜੋ ਮੇਰੀ ਪਾਤਸਾਹੀ
ਕੁਰਸੀ ਬਕੁਰਸੀ ਚਲੀ ਜਾਇ." ਤਾਂ ਬਾਬੇ
ਕਹਿਆ, "ਤੇਰੀ ਪਾਤਸਾਹੀ ਚਿਰ ਤਾਂਈ ਚਲੇ-
ਗੀ." ਤਾਂ ਬਾਬਰ ਸਲਾਮ ਕੀਤਾ. ਸਗਲੇ ਬੰਦੀ-
ਵਾਨ ਪਹਿਰਾਇ ਕੈ ਛੋੜ ਦੀਏ. ਤਾਂ ਬਾਬਾ ਬਹੁਤ ਖੁਸੀ
ਹੋਇਆ: ਤਾਂ ਬਾਬਾ ਨਾਨਕ ਬਾਬਰ ਨਾਲੋਂ ਵਿਦਿਆ
ਹੋਇਆ. ਤਦਹੁ ਬਾਬਾ ਉਥਹੁ ਰਉਂਦਾ ਰਹਿਆ.
ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

## ਸਾਖੀ ਕੱਤੀਹਵੀ ਚੱਲੀ.

ਪਸਰੂਰ ਵਿਚਦੋ ਮੀਏ ਮਿੱਠੇ ਦੇ ਕੋਟਲੇ ਜਾਇ ਨਿੱਕਲੇ. ਉੱਥੇ ਬਾਗ ਵਿੱਚ ਜਾਇ ਬੈਠੇ. ਤਬ ਮੀਏਂ ਮਿੱਠੇ ਨੂੰ ਆਗਾਹ ਹੋਈ; ਆਪਣਿਆਂ ਮੁਰੀਦਾਂ ਵਿੱਚ ਆਖਿਆਸੁ, ਜੋ "ਨਾਨਕ ਭਲਾ ਫਕੀਰ ਹੈ, ਪਰ ਅਸਾ ਨੂੰ ਮਿਲੈਗਾ, ਤਾਂ ਇਉਂ ਨਿਚੋੜ ਲੈਹਾਂਗੇ ਜਿਉਂ ਨਿਬੂ ਵਿਚੋਂ ਰਸ ਨਿਚੋੜੀਦਾ ਹੈ." ਤਬ ਬਾਬੇ ਆਖਿਆ, "ਸੇਖ ਮੀਆਂ ਮਿੱਠਾ ਕਿਆ ਆਖਦਾ ਹੈ?" ਤਾਂ ਮਰਦਾਨੇ ਕਹਿਆ, "ਜੀ, ਤੇਰਾ ਜੰਤ ਹੈ, ਵਜਾਇਆ ਵਜਦਾ ਹੈ." ਤਬ ਗੁਰੂ ਬੋਲਿਆ, "ਮਰਦਾਨਿਆਂ, ਜਾਂ ਮੀਆਂ ਮਿੱਠਾ ਅਸਾਂ ਨੂੰ ਮਿਲੈਗਾ, ਤਾਂ ਇਉਂ ਨਿਚੋੜ ਲੈਂਹਿਗੇ ਜਿਉਂ ਨਿਬੂ ਵਿੱਚੋਂ ਰਸ ਨਿਚੋੜੀਦਾ ਹੈ." ਤਬ ਮੀਆਂ ਮਿੱਠਾ ਉੱਠ ਖੜਾ ਹੋਇਆ, ਆਖਿਓਸੁ, "ਚੱਲ, ਨਾਨਕ ਦਾ ਦੀਦਾਰ ਕਰਾਂਹਾਂ, ਜੇ ਨਾਨਕ ਅਸਾਂ ਨੂੰ ਮਿਲਹਿਗਾ, ਤਾਂ ਇਉਂ ਉਤਾਰ ਲੈਂਹਿਗੇ, ਜਿਉਂ ਦੁੱਧ ਉੱਪਰਹੁੰ ਮਲਾਈ ਉਤਾਰ ਲਈਦੀ

Digitized by Panjab Digital Library | www.panjabdigilib.org

ਹੈ." ਤਾਂ ਮੀਆਂ ਮਿੱਠਾ ਬੋਲਿਆ, ਜੋ "ਉਥਹੁੰ ਅਵਾਜ ਆਈ ਹੈ, 'ਜਿਉਂ ਨਿੰਬੂ ਵਿਚਹੁੰ ਰਸ ਨਿਚੋੜੀਦਾ ਹੈ, ਇਉਂ ਨਿਚੋੜ ਲੈਂਹਿਗੇ.' ਦੁੱਧ ਕਾ ਕੁਛ ਨਹੀ ਜਾਵੈਗਾ, ਅਤੇ ਨਿੰਬੂ ਨਿਚੋੜਿਆ ਫੋਗ ਹੋਵੈਗਾ." ਤਬ ਮੀਆਂ ਮਿੱਠਾ ਦੀਦਾਰ ਦੇਖਣ ਆਇਆ. ਆਇ ਦੁਆਇ ਸਲਾਮ ਕਰਕੈ ਬੈਠ ਗਇਆ. ਗੋਸਟ ਮਹਲਾ ੧ :—

ਤਬ ਮੀਆਂ ਮਿੱਠਾ ਬੋਲਿਆ ਸਲੋਕ :—

ਅੱਵਲ ਨਾਮ ਖੁਦਾਇ ਕਾ, ਦੂਜਾ ਨਬੀ ਰਸੂਲ.
ਨਾਨਕ, ਕਲਮਾਂ ਜੇ ਪੜਹਿ, ਦਰਗਹਿ ਪਵਹਿ ਕਬੂਲ.

ਤਬ ਬਾਬੇ ਜਬਾਬ ਦਿੱਤਾ ਸਲੋਕ :—

ਅੱਵਲ ਨਾਮ ਖੁਦਾਇ ਕਾ, ਦਰ ਕੇਤੜੇ ਰਸੂਲ.
ਸੇਖਾ, ਤੂੰ ਨੀਅਤ ਰਾਸ ਕਰ, ਦਰਗਹਿ ਪਵਹਿਂ ਕਬੂਲ.

ਤਬ ਬਾਬੇ ਆਖਿਆ, "ਮੀਆਂ ਮਿੱਠਾ, ਉਸ ਦਰ ਦੂਇ ਕੀ ਠਉੜ ਨਾਂਹੀ; ਜੇ ਕੋਈ ਰਹਿੰਦਾ ਹੈ, ਸੋ ਹਿਰੋ ਹੋਇ ਰਹਿਆ ਹੈ." ਤਬ ਸੇਖ ਮਿੱਠੇ ਆਖਿਆ, ਜੋ "ਨਾਨਕ, ਬਿਨ ਤੇਲ ਦੀਵਾ ਜਲਦਾ ਹੈ?

ਅਫਲ ਫੁਲਾਈ ਨਹਿ ਫਲੇ,
ਨਹਿ ਪਾਉ ਕਟਾਰਾ ਕਰ ਸਕੈ.
ਇਸ ਸੇਤੀ ਕਾ ਮਨ ਟਲ ਪਲੈ
ਬਿਨ ਤੇਲ ਦੀਵਾ ਕਿਉ ਜਲੈ?

Digitized by Panjab Digital Library | www.panjabdigilib.org

ਤਬ ਬਾਬੇ ਜਬਾਬ ਦਿੱਤਾ :—

ਕੁਰਾਨੁ ਕਤੇਬ ਕਮਾਈਐ,
ਭਉ ਵੱਟੀ ਇਤ ਤਨ ਲਾਈਐ,
ਸਚ ਬੂਝਣ ਆਣ ਜਲਾਈਐ,
ਬਿਨ ਤੇਲ ਦੀਵਾ ਇੰਉ ਜਲੈ.
ਕਰ ਚਾਨਣ ਸਾਹਿਬ ਤਉ ਮਿਲੈ.
ਇਤ ਤਨ ਲਾਗੀ ਬਾਣੀਆਂ,
ਸੁਖ ਹੋਵੈ ਸੇਵ ਕਮਾਣੀਆਂ.
ਸਭ ਦੁਨੀਆਂ ਆਵਣ ਜਾਣੀਆਂ.
ਵਿੱਚੇ ਦੁਨੀਆਂ ਸੇਵ ਕਮਾਈਐ,
ਤਾਂ ਦਰਗਹਿ ਬੈਸਣ ਪਾਈਐ;
ਕਹੁ ਨਾਨਕ ਬਾਂਹਿ ਲੁਡਾਈਐ.

ਤਬ ਸੇਖ ਮਿਠੇ ਅਰਜ ਕੀਤੀ, ਆਖਓਸ, "ਜੀ, ਉਹ ਕਵਨ ਕੁਰਾਨ ਹੈ ਜਿਤ ਪੜੇ ਕਬੂਲ ਹੋਵੈ? ਅਤੇ ਉਹ ਕਵਨ ਕਤੇਬ ਜਿਤ ਕਮਾਈਐ ਸਹੀ ਥੀਵੈ? ਅਤੇ ਉਹ ਕਵਨ ਦਰਵੇਸ ਜੇ ਦਰ ਦੀ ਲਾਇਕ ਥੀਵੈ? ਅਤੇ ਉਹ ਕਵਨ ਨਿਮਾਜ ਹੈ ਜਾਂ ਕੇ ਗੁਜਾਰੇ ਤੇ ਨਜਰ ਗੁਜਰੇ?" ਤਾਂ ਬਾਬੇ ਜਬਾਬ ਦਿੱਤਾ, ਆਖਓਸ, "ਮਰਦਾਨਿਆਂ, ਰਬਾਬ ਵਜਾਇ।" ਤਾ ਬਾਬੇ ਸਬਦ ਕੀਤਾ ਰਾਗ ਮਾਰੂ ਵਿੱਚ :—

ਅਲਹ ਅਗਮ ਖੁਦਾਈ ਬੰਦੇ,

Digitized by Panjab Digital Library | www.panjabdigilib.org

ਛੋੜ ਖਿਆਲ ਦੁਨੀਆਂ ਕੇ ਧੰਧੇ,
ਹੋਇ ਪਾ ਖਾਕ ਫਕੀਰ, ਮੁਸਾਫਰ, ਇਹ ਦਰਵੇਸ ਕਬੂਲ ਦਰ.
ਸੱਚ ਨਿਮਾਜ, ਯਕੀਨ ਮੁਸੱਲਾ,
ਮਨਸਾ ਮਾਰ, ਨਿਵਾਰਹੁ ਆਸਾ,
ਦੇਹ ਮਸੀਤ, ਮਨ ਮਉਲਾਣਾਂ, ਕਲਮ ਖੁਦਾਈ ਪਾਕ ਖਰਾ.
ਸਰਾ ਸਰੀਅਤ ਲੇ ਕਮਾਵਹੁ,
ਤਰੀਕਤ ਤਰਕ ਖੋਜ ਟੋਲਾਵਹੁ,
ਮਾਰਫਤ ਮਨ ਮਾਰਹੁ ਅਬਦਾਲਾ, ਮਿਲਹੁ ਹਕੀਕਤ ਜਿਤ
ਫਿਰ ਨ ਮਰਾ.
ਕੁਰਾਨ ਕਤੇਬ ਦਿਲ ਮਾਂਹਿ ਕਮਾਂਹੀ,
ਦਸ ਅਉਰਤ ਰਖਹੁ ਬਦਰਾਹੀ।
ਪੰਚ ਮਰਦ ਸਿਦਕ ਲੇ ਬੰਧਹੁ, ਇਉਂ ਖੈਰ ਸਬੂਰੀ ਕਬੂਲ
ਪਰ.
ਮੱਕਾ ਮਿਹਰ, ਰੋਜਾ ਪਾਖਾਕ,
ਭਿਸਤ ਪੀਰ ਲਫਜ ਕਮਾਇ ਅੰਦਾਜਾ,
ਹੂਰ, ਨੂਰ, ਮੁਸਕ, ਖੁਦਾਈ ਬੰਦਗੀ ਅੱਲਹੁ, ਇਲਾ ਹੁਜਰਾ.
ਸੱਚ ਕਮਾਵੈ ਸੋਈ ਕਾਜੀ;
ਜੋ ਦਿਲ ਸੋਧੈ ਸੋਈ ਹਾਜੀ;
ਸੋ ਮੁੱਲਾ ਮਲਊਨ ਨਿਵਾਰੈ, ਸੋ ਦਰਵੇਸ ਜਿਸ ਸਿਫਤ ਧਰਾ.
ਸੱਭੇ ਵਖਤ ਸਭੇ ਕਰ ਵੇਲਾ,
ਖਾਲਿਕ ਯਾਦ ਦਿਲੇ ਮਹਿ ਮਉਲਾ,
ਤਸਬੀ ਯਾਦ ਕਰਹੁ ਦਸ ਮਰਦਨ, ਸੁਨਤ ਸੀਲ; ਬੰਧਾਨ
ਬਰਾ.
ਦਿਲ ਮਹਿ ਜਾਨਹੁ ਸਭ ਫਿਲਹਾਲਾ,
ਖੇਲ ਖਾਨਾ, ਬਿਰਾਦਰ, ਹਮੂ ਜੰਜਾਲਾ,

ਮੀਰ, ਮਲਿਕ, ਉਮਰੇ ਫਨਾਇਆ, ਏਕ ਮੁਕਾਮ ਖੁਦਾਇ ਦਰਾ.
ਅੱਵਲ ਸਿਫਤ, ਦੂਜੀ ਸਬੂਰੀ,
ਤੀਜੀ ਹਲੀਮੀ, ਚਉਥੇ ਖੈਰੀ,
ਪੰਜਵੇ ਪੰਜ ਇਕਤ ਮੁਕਾਮੇ, ਪੰਜ ਵਖਤ ਤੇਰੇ ਅਪਰਪਰਾ.

ਸਗਲੀ ਜਾਨ ਕਰਹੁ ਮੁਦੀਫਾ,
ਬਦ ਅਮਲ ਛੋੜ ਕਰਹੁ ਹਥ ਕੂਜਾ,
ਖੁਦਾਇ ਏਕ ਬੁਝ, ਦੇਵਹੁ ਬਾਂਗਾ, ਬਰਗੂ, ਬਰਖੁਰਦਾਰ ਖਰਾ.

ਹੱਕ ਹਲਾਲ ਬਖੋਰਹੁ ਖਾਣਾ,
ਦਿਲ ਦਰੀਆਵ ਧੋਵਹੁ ਮੈਲਾਣਾਂ,
ਪੀਰ ਪਛਾਣੇ ਭਿਸਤੀ ਸੋਈ, ਅਜਰਾਈਲ ਨ ਦੋਜ਼ ਠਰਾ.

ਕਾਇਆਂ ਕਿਰਦਾਰ, ਅਉਰਤ ਯਕੀਨ,
ਰੰਗ ਤਮਾਸੇ ਮਾਣਹਿ ਕੀਨ,
ਨਾਪਾਕ ਪਾਕ ਕਰ, ਹਦੂਰ ਹਦੀਸ, ਸਾਬਤ ਸੂਰਤ ਦਸਤਾਰ
ਸਿਰਾ.

ਮੁੱਸਲਮਾਨ ਮੋਮ ਦਿਲ ਹੋਵੈ,
ਅੰਤਰ ਕੀ ਮਲ ਸਗਲੀ ਧੋਵੈ,
ਦੁਨੀਆਂ ਰੰਗ ਨ ਆਵੈ ਨੇੜੈ, ਜਿਉਂ ਕੁਸਮ ਪਾਟ ਘਿਉ
ਪਾਕ ਹਰਾ.

ਜਾਂ ਕਉ ਮਿਹਰ ਮਿਹਰ ਮਿਹਰਵਾਨ,
ਸੋਈ ਮਰਦ ਮਰਦ ਮਰਦਾਨ,
ਸੋਈ ਸੇਖ, ਮਸਾਇਕ, ਹਾਜੀ, ਸੋ ਬੰਦਾ ਜਿਸ ਨਦਰ
ਨਰਾ.

ਕੁਦਰਤ ਕਾਦਰ ਕਰਣ ਕਰੀਮਾ,
ਸਿਫਤ ਮੁਹੱਬਤ ਅਥਾਹ ਰਹੀਮਾਂ,
ਹੱਕ ਹੁਕਮ ਸੱਚ ਖੁਦਾਇਆ, ਬੁਝ, ਨਾਨਕ, ਬੰਦਖਲਾਸ ਤਰਾ.

Digitized by Panjab Digital Library | www.panjabdigilib.org

ਤਬ ਸੇਖ ਮਿੱਠੇ ਆਖਿਆ, "ਜੀ, ਤੁਸਾਂ ਜੋ ਹਿੱਕ ਨਾਮ ਦੀ ਸਿਫਤ ਕੀਤੀ, ਸੋ ਹਿੱਕ ਨਾਮ ਕੈਸਾ ਹੈ?" ਤਬ ਬਾਬੇ ਆਖਿਆ "ਸੇਖ ਮਿੱਠ ਜੀ, ਹਿੱਕ ਨਾਵੈਂ ਦੀ ਕੀਮਤ ਕਿਸ ਨੂੰ ਆਈ ਹੈ?" ਸੇਖ ਮਿੱਠੇ ਆਖਿਆ, "ਜੀ, ਮਿਹਰ ਕਰ ਕੈ ਦੱਸ." ਤਬ ਗੁਰੂ ਬਾਬੇ ਸੇਖ ਮਿੱਠੇ ਕੀ ਬਾਂਹ ਪਕੜੀ ਗੋਸੇ ਲੈ ਗਇਆ. ਤਬ ਬਾਬੇ ਆਖਿਆ, "ਸੇਖ, ਏਕ ਨਾਮ ਖੁਦਾਇ ਕਾ ਸੁਣਤਾ ਹੈਂ?" ਆਖਣ ਨਾਲ ਦੂਸਰਾ ਭਸਮ ਹੋਇ ਗਇਆ. ਤਬ ਸੇਖ ਮਿੱਠਾ ਦੇਖ ਕਰ ਹੈਰਾਨ ਹੋਇਆ! ਜਾਂ ਦੇਖੇ, ਤਾਂ ਇੱਕ ਮੁੱਠੀ ਭਸਮ ਕੀ ਹੈ! ਤਬ ਫੇਰ ਅਵਾਜ਼ ਆਇਆ "ਅੱਲਾਹ." ਇਤਨੇ ਕਹਿਣੇ ਨਾਲ ਉੱਠੀ ਖੜਾ ਹੋਇਆ. ਤਬ ਸੇਖ ਮਿੱਠੇ ਆਇ ਪੈਰ ਚੁੰਮੇ. ਤਬ ਬਾਬਾ ਬਿਸਮਾਦ ਦੇ ਘਰ ਵਿੱਚ ਬੋਲਿਆ ਨਸੀਹਤਨਾਮਾ ਗਜ਼ਲ :—

ਹਾਜ਼ਰਾਂ ਕੋ ਮਿਹਰ ਹੈ, ਜੋ ਹਾਜ਼ਰਾਂ ਕਉ ਸੋ ਮਿਹਰ ਹੈ
ਈਮਾਨ ਦੋਸਤ ਹੈ, ਬੇਈਮਾਨ ਕਾਫ਼ਰ ਹੈ.
ਤਕੱਬਰ ਕਹਿਰ ਹੈ, ਗੁੱਸਾ ਹਰਾਮ ਹੈ.
ਨਫ਼ਸ ਸੈਤਾਨ ਹੈ, ਗੁਮਾਨ ਕੁਫ਼ਰ ਹੈ.
ਪਸਗੈਬਤ ਕਾ ਮੂੰਹ ਕਾਲਾ ਹੈ,

Digitized by Panjab Digital Library | www.panjabdigilib.org

ਬੇਈਮਾਨ ਨਾਪਾਕ ਹੈ, ਮੋਮਦਿਲ ਪਾਕ ਹੈ.
ਇਲਮ ਹਲੀਮੀ ਹੈ, ਬੇਹਿਰਸ ਔਲੀਆ ਹੈ,
ਹਿਰਸ ਬੇ ਸਬਰ ਹੈ.
ਬਦਿਆਨਤਨ ਸੁਰਖ ਰੂ ਹੈ, ਅਕਿਰਤਘਣ ਜਰਦ ਰੂ ਹੈ.
ਸੱਚ ਭਿਸਤ ਹੈ, ਦਰੋਗ ਦੋਜਕ ਹੈ.
ਹਲੀਮੀ ਹਲੂਫਾ ਹੈ.
ਜੋਰ ਜੁਲਮ ਹੈ, ਇਨਸਾਫ ਸਾਫ ਹੈ.
ਸਿਫਤ ਉਜੂ ਹੈ, ਬਾਂਗ ਬਲੇਕ ਹੈ.
ਚੋਰੀ ਲਾਲਚ ਹੈ, ਯਾਰੀ ਪਲੀਤੀ ਹੈ.
ਫਕੀਰੀ ਸਬੂਰੀ ਹੈ, ਨਾ ਸਬੂਰੀ ਮਕਰ ਹੈ.
ਰਾਹ ਪੀਰਾਂ ਹੈ, ਬੇਰਾਹ ਬੇਪੀਰਾਂ ਹੈ.
ਦਇਆ ਦੌਲਤ ਹੈ, ਬੇਦਇਆ ਨਾਕਾਰ ਹੈ.
ਤੇਗ ਮਰਦਾਂ ਹੈ, ਅਦਲ ਪਾਤਸਾਹਾਂ ਹੈ.
ਇਤਨੇ ਬੋਲ ਜੇ ਜਾਨ, ਜਨਾਵੈ,
ਤਉ, ਨਾਨਕ, ਦਾਨਸਮੰਦ ਕਹਾਵੈ.

ਤਬ ਮੀਆਂ ਮਿੱਠਾ ਵਿਦਿਆ ਹੋਇਆ, ਤਬ ਗੁਰੂ ਓਥਹੁੰ ਰੰਉਦਾ ਰਹਿਆ. ਬੋਲੋ ਵਾਹ ਗੁਰੂ!

# ਸਾਖੀ ਸੈਂਤੀਹਵੀਂ ਚੱਲੀ.

ਤਬ ਰਾਵੀ ਨਦੀ ਦੇ ਕਿਨਾਰੇ ਲੌਹੌਰ ਆਇ ਨਿੱਕਲੇ. ਤਬ ਲੌਹੌਰ ਕੇ ਪਰਗਨੇ ਕਾ ਕਰੋੜੀ ਖੱਤ੍ਰੀ ਥਾ, ਤਿਸ ਕਾ ਨਾਉ ਦੁਨੀਚੰਦ ਥਾ. ਤਿਸ ਕੇ ਬਾਪ ਕਾ ਸਰਾਧ ਥਾ. ਉਸ ਸੁਣਿਆ ਜੋ ਨਾਨਕ ਤਪਾ ਆਇਆ ਹੈ. ਤਬ ਓਹ ਆਇ ਕੈ ਬਾਬੇ ਜੀ ਕਉ ਭਾਉ ਕਰ ਲੈ ਗਇਆ. ਤਬ ਗੁਰੂ ਜਾਇ ਬੈਠਾ. ਤਬ ਉਸ ਵਸਤੁ ਬਾਹਰ ਤੇ ਅਣਾਈ, ਫਰਮਾਇਸ ਕੀਤੀ; ਦੁੱਧ, ਦਹੀਂ, ਲੱਕੜੀਆਂ ਸਭ ਵਸਤੁ ਤਯੀਆਰ ਹੋਈ. ਤਬ ਬਾਂਮਣ ਜੀਵਾਲਣ ਲੱਗੇ. ਤਬ ਬਾਬੇ ਜੀ ਕਉ ਬੁਲਾਇਆ, ਤਦਹੁੰ ਗੁਰੂ ਜੀ ਪੁੱਛਿਆ, "ਤੇਰੇ ਕਿਆ ਹੋਇਆ ਹੈ?" ਤਬ ਉਸ ਕਹਿਆ, "ਜੀ, ਮੇਰੇ ਪਿਤਾ ਕਾ ਸਰਾਧ ਹੈ, ਤਿਸ ਕੇ ਨਾਉ ਬਾਂਮਣ ਜੀਵਾਏ ਹੈਨ." ਤਬ ਬਾਬਾ ਬੋਲਿਆ, "ਤੇਰੇ ਪਿਤਾ ਨੂੰ ਅੱਜ ਤੀਸਰਾ ਦਿਨ ਹੈ ਕਿਛ ਖਾਧਾ ਨਾਂਹੀ, ਅਤੇ ਤੂੰ ਆਖਦਾ ਹੈ, ਜੋ ਮੈਂ ਸਉ ਬਾਂਮਣ ਜੀਵਾਲਿਆ ਹੈ." ਤਬ ਦੁਨੀਚੰਦ ਬੋਨ-

ਤੀ ਕੀਤੀ, ਆਖਿਓਸ, "ਜੀ, ਓਹ ਕਿਥੇ ਹੈ?" ਬਾਬੇ ਕਹਿਆ, "ਓਹ ਇੱਕ ਮਾਲ ਵਿੱਚ ਪਇਆ ਹੋਆ ਹੈ, ਕੋਹਾਂ ਪੰਜਾਂ ਉੱਪਰ, ਬਘਿਆੜ ਕਾ ਜਨਮ ਹੈ; ਪਰ ਤੂ ਜਾਇ ਪ੍ਰਸਾਦ ਲੈਕਰ, ਡਰੈਂ ਨਾਂਹੀ; ਤੇਰੇ ਜਾਣੇ ਨਾਲ ਮਨੁਖ ਕੀ ਬੁੱਧ ਹੋਇ ਆਵੈਗੀ; ਪ੍ਰਸਾਦ ਖਾਵੈਗਾ, ਬਾਤਾਂ ਭੀ ਕਰੈਗਾ." ਤਬ ਦੁਨੀਚੰਦ ਪ੍ਰਸਾਦ ਲੈ ਗਇਆ. ਜਾਇ ਪੈਰੀਂ ਪਉਣਾਂ ਕਹਿਆਸੁ, ਪ੍ਰਸਾਦ ਅੱਗੈ ਰਖਿਓਸ. ਤਬ ਇਸ ਪੁੱਛਿਆ, "ਪਿਤਾ ਜੀ, ਤੂ ਇਤ ਜਨਮ ਕਿਉਂ ਆਇਆ ਹੈਂ?" ਤਬ ਉਸ ਕਹਿਆ, ਇੱਕ ਸਿੱਖ ਥਾ, ਉਸ ਨੇ ਮੇਰੇ ਪਾਸੋਂ ਸਗਉਤੀ ਮੰਗੀ ਛਡਾਈ ਥੀ. ਤਬ ਮੇਰੇ ਕਾਲ ਕਾ ਸਮਾ ਹੋਆ, ਤਾਂ ਮੈ ਦੁਖੀ ਹੋਆ; ਤਾਂ ਮੇਰੇ ਪਾਸ ਸਗਉਤੀ ਰਿਨਵੇ ਸੇ, ਮੈਨੂੰ ਵਾਸਨਾਂ ਆਈ. ਤਿਸ ਕਾ ਸਦਕਾ ਏਤ ਜਨਮ ਆਇਆ."

ਤਬ ਓਹ ਉੱਠ ਚੱਲਿਆ, ਓਹ ਨੱਸ ਗਇਆ. ਤਦਹੁੰ ਦੁਨੀਚੰਦ ਆਇ ਪੈਰੀਂ ਪਇਆ. ਤਬ ਗੁਰੂ ਜੀ ਕਉ ਘਰ ਲੈ ਆਇਆ. ਉਸ ਕੇ ਦਰ ਉੱਪਰ ਸਾਤ ਧਜਾ ਬੱਧੀਆਂ ਥੀਆਂ, ਲਾਖ ਲਾਖ ਕੀ

ਧਜਾ ਥੀ. ਤਬ ਬਾਬੇ ਪੁੱਛਿਆ, "ਏਹ ਧਜਾ ਕਿਸ ਕੀਆਂ ਹੈਨ?" ਤਦਹੁੰ ਦੁਨੀਚੰਦ ਆਖਿਆ "ਜੀ ਏਹ ਧਜਾ ਮੇਰੀਆਂ ਹੈਨ." ਤਦਹੁ ਬਾਬੇ ਇਕ ਸੂਈ ਦਿੱਤੀ, ਆਖਿਓਸੁ, ਜੋ "ਸਾਡੀ ਸੂਈ ਅਮਾਨ ਰੱਖੁ, ਅਸੀਂ ਅੱਗੈ ਏਹ ਸੂਈ ਮੰਗ ਲੇਂਹਿਗੇ." ਤਦਹੂ ਦੁਨੀਚੰਦ ਆਪਣੀ ਤ੍ਰੀਮਤ ਪਾਸ ਆਇਆ, ਆਖਿਓਸੁ, "ਏਹ ਸੂਈ ਰੱਖੁ, ਗੁਰੂ ਦਿੱਤੀ ਹੈ. ਆਖਦਾ ਹੈ, ਜੋ 'ਏਹ ਸੂਈ ਅਗੈ ਮੰਗ ਲੇਂਹਿਗੇ'." ਤਬ ਤ੍ਰੀਮਤ ਆਖਿਆ, "ਪਰਮੇਸਰ ਕੇ, ਏਹ ਸੂਈ ਤੇਰੇ ਸਾਥ ਚਲੇਗੀ? ਜਾਇ ਫੇਰ ਦੇ ਆਉ." ਤਬ ਦੁਨੀਚੰਦ ਸੂਈ ਲੇਕਰ ਆਇਆ. ਆਇ ਆਖਿਓਸੁ, "ਜੀ, ਸੂਈ ਮੇਰੇ ਸਾਥ ਅੱਗੈ ਚੱਲਣੇ ਦੀ ਨਾਂਹੀ, ਫੇਰ ਲੇਹੁ." ਤਬ ਗੁਰੂ ਆਖਿਆ, "ਏਹ ਧਜਾ ਕਿਉਂਕਰ ਪਹੁਚਾਵੇਂਗਾ? ਜੋ ਸੂਈ ਨਾਂਹੀ ਪਹੁੰਚਾਇ ਸਕਦਾ." ਤਬ ਦੁਨੀਚੰਦ ਉਠ ਪੈਰਾਂ ਉਪਰ ਮੱਥਾ ਟੇਕਿਆ, ਆਖਿਓਸੁ, "ਜੀ ਓਹ ਬਾਤ ਕਰ ਜਿਤ ਅੱਗੈ ਪਹੁੰਚੈ." ਤਬ ਗੁਰੂ ਆਖਿਆ, "ਕਿਛ ਪਰਮੇਸਰ ਕੇ ਨਾਇ ਦੇਹ, ਅਤੀਤਾਂ ਅਭਿਆਗਤਾਂ ਦੇ ਮੂੰਹ

Digitized by Panjab Digital Library | www.panjabdigilib.org

ਪਾਇ, ਇਉਂ ਸਾਬ ਪਹੁੰਚੈਗੀ." ਤਬ ਦੁਨੀਚੰਦ ਸੱਤ ਲਾਖ ਕੀਆਂ ਧਜਾਂ ਲੁਟਾਇ ਦਿੱਤੀਆਂ, ਹੁਕਮ ਮੰ-ਨਿਆਂ. ਹੁਕਮ ਗੁਰੂ ਬਾਬੇ ਕਾ ਐਸਾ ਹੈ, ਜੋ ਕੋਈ ਮੰਨੈਗਾ, ਤਿਸ ਕੀ ਗਤਿ ਹੋਵੈਗੀ. ਤਦਹੁੰ ਦੁਨੀ-ਚੰਦ ਨਾਉਂ ਧਰੀਕ ਸਿੱਖ ਹੋਇਆ. ਗੁਰੂ ਗੁਰੂ ਲੱਗਾ ਜਪਣ. ਤਾਂ ਬਾਬੇ ਆਖਿਆ, "ਮਰਦਾਨਿਆਂ, ਰਬਾਬ ਵਜਾਇ." ਰਾਗ ਆਸਾ ਕੀਤਾ ਸਲੋਕ :—

ਕੂੜ ਰਾਜਾ, ਕੂੜ ਪਰਜਾ, ਕੂੜ ਸਭ ਸੰਸਾਰ,
ਕੂੜ ਮੰਡਪ, ਕੂੜ ਮਾੜੀ, ਕੂੜ ਬੈਸਣਹਾਰ,
ਕੂੜ ਕਾਂਇਆਂ, ਕੂੜ ਕੱਪੜ, ਕੂੜ ਰੂਪ ਅਪਾਰ,
ਕੂੜ ਸੁਇਨਾ, ਕੂੜ ਰੁੱਪਾ, ਕੂੜ ਪੈਨਣਹਾਰ,
ਕੂੜ ਮੀਆਂ, ਕੂੜ ਬੀਵੀ; ਖਪ ਹੋਏ ਛਾਰ,
ਕੂੜ ਕੂੜੈ ਨੇਹੁ ਲੱਗਾ, ਵਿਸਰਿਆ ਕਰਤਾਰ.
ਕਿਸ ਨਾਲ ਕੀਜੈ ਦੋਸਤੀ? ਸਭ ਜੱਗ ਚੱਲਣਹਾਰ.
ਕੂੜ ਮਿੱਠਾ, ਕੂੜ ਮਾਖਿਉ, ਕੂੜ ਡੋਬੇ ਪੂਰ.
ਨਾਨਕ ਵਖਾਣੈ ਬੇਨਤੀ "ਤੁਧ ਬਾਝ ਕੂੜੋ ਕੂੜ."
ਸੱਚ ਤਾਂ ਪਰ ਜਾਣੀਐ, ਜਾਂ ਰਿਦੇ ਸੱਚਾ ਹੋਇ,
ਕੂੜ ਕੀ ਮਲ ਉਤਰੈ, ਤਨ ਕਰੈ ਹੱਛਾ ਧੋਇ.
ਸੱਚ ਤਾਂ ਪਰ ਜਾਣੀਐ, ਜਾਂ ਸੱਚ ਧਰੇ ਪਿਆਰ.
ਨਾਉ ਸੁਣ ਮਨ ਰਹਸੀਐ, ਤਾਂ ਪਾਵੈ ਮੋਖ ਦੁਆਰ.
ਸੱਚ ਤਾਂ ਪਰ ਜਾਣੀਐ, ਜਾਂ ਜੁਗਤਿ ਜਾਣੈ ਜੀਉ.

Digitized by Panjab Digital Library | www.panjabdigilib.org

ਧਰਤ ਕਾਂਇਆਂ ਸਾਧ ਕੈ ਵਿਚ ਦੋਇ ਕਰਤਾ ਬੀਉ.
ਸੱਚ ਤਾਂ ਪਰ ਜਾਣੀਐ, ਜਾਂ ਸਿੱਖ ਸੱਚੀ ਲੇਇ,
ਦਇਆ ਜਾਣੈ ਜੀਅ ਕੀ, ਕਿਛੁ ਪੁਨ ਦਾਨ ਕਰੇਇ.
ਸੱਚ ਤਾਂ ਪਰ ਜਾਣੀਐ, ਜਾਂ ਆਤਮ ਤੀਰਥ ਕਰੇ ਨਿਵਾਸ;
ਸਤ ਗੁਰੂ ਨੂੰ ਪੁੱਛ ਕੈ ਬਹਿ ਰਹੈ ਕਰੇ ਨਿਵਾਸ.
ਸੱਚ ਸਭਨਾ ਹੋਇ ਦਾਰੂ ਪਾਪ ਕਢੈ ਧੋਇ,
ਨਾਨਕ ਵਖਾਣੈ ਬੇਨਤੀ, ਜਿਨ ਸੱਚ ਪੱਲੈ ਹੋਇ.

ਦਾਨ ਮਹਿੰਡਾ ਤਲੀ ਖਾਕ; ਜੇ ਮਿਲੈ, ਤ ਮਸਤਕ ਲਾਈਐ.
ਕੂੜਾ ਲਾਲਚ ਛੱਡੀਐ, ਹੋਇ ਇੱਕ ਮਨ ਅਲਖ ਧਿਆਈਐ.
ਫਲ ਤੇਵੇਹੋ ਪਾਈਐ, ਜੇਵੇਹੀ ਕਾਰ ਕਮਾਈਐ.
ਜੇ ਹੋਵੈ ਪੂਰਬ ਲਿਖਿਆ, ਤਾਂ ਧੂੜ ਤਿਨਾਂ ਦੀ ਪਾਈਐ.
ਮਤ ਥੋੜੀ ਸੇਵ ਗਵਾਈਐ.

**ਅੱਗੇ ਵਾਰ ਪੂਰਨ ਲਿਖਣੀ ਹੈ. ਬੋਲੋ ਵਾਹਿਗੁਰੂ!**

Digitized by Panjab Digital Library | www.panjabdigilib.org

## ਸਾਖੀ ਅਠਤੀਹਵੀਂ ਚੱਲੀ.

### ਤਬ ਬਾਬਾ ਘਰ ਆਇਆ ਤਲਵੰਡੀ ਵਿਚ.

ਇਕ ਦਿਨ ਇੱਕ ਆਚਾਰੀ ਬ੍ਰਾਹਮਣ ਆਇਆ, ਖੁਧਿਆਰਥੀ ਸੀ, ਅਰ ਬਚਨ ਕੀਤੋਸ; ਤਾਂ ਬਾਬਾ ਪ੍ਰਸਾਦ ਵਿੱਚ ਬੈਠਾ ਥਾ. ਤਦਹੂੰ ਗੁਰੂ ਆਖਿਆ, "ਆਵੋ ਮਿਸਰ ਜੀ, ਪ੍ਰਸਾਦ ਤਆਰ ਹੈ." ਤਾਂ ਪੰਡਤ ਕਹਿਆ, "ਮੈਂ ਇਉ ਪ੍ਰਸਾਦ ਨਹੀ ਖਾਂਦਾ; ਮੈਂ ਆਪਣੇ ਹਾਥ ਕਰਹੁਗਾ, ਤਾਂ ਖਾਵਾਂਗਾ; ਤਬ ਹੱਥ ਭਰ ਧਰਤੀ ਉਖਾਣਾਂਗਾ, ਅਰ ਚਉਕਾ ਪਾਵਾਂਗਾ. ਜਾਂ ਇਕ ਗਿੱਠ ਭਰ ਉਖਾਰਾਂਗਾ, ਤਾਂ ਚੁੱਲਾ ਕਰਾਂਗਾ; ਲੱਕੜੀਆਂ ਧੋਇ ਚੜ੍ਹਾਵਾਂਗਾ. ਇਹ ਰਸੋਈ ਕੀ ਧਰਤੀ ਕੈਸੀ ਹੈ? ਤਾਂ ਮੈ ਨਾਂਹੀ ਖਾਂਦਾ." ਤਾਂ ਬਾਬੇ ਆਖਿਆ, "ਐਸੇ ਪੰਡਤ ਕਉ ਰਸੋਈ ਕੋਰੀ ਦੇਵਹੁ." ਤਬ ਕੋਰੀ ਰਸੋਈ ਮਿਲੀ. ਪੰਡਤ ਬਾਹਰ ਗਇਆ; ਜਾਇ ਲੱਗਾ ਧਰਤੀ ਖੋਦਣ. ਜਿੱਥੈ ਖੋਦੇ, ਤਿੱਥੈ ਹੱਡੀਆਂ ਨਿਕਲਨ. ਤਬ ਚਾਰ ਪਹਿਰ ਦਿਨ ਖੋਦ ਦਾ ਫਿਰਿਆ. ਜਾਂ ਭੁੱਖਾ ਆਜਜ ਹੋਇਆ, ਤਾਂ ਆਇ ਪੈਰੀਂ ਪਾਇਆ, ਆਖਿਓਸੁ, "ਜੀ,

ਓਹ ਪ੍ਰਸਾਦ ਮਿਲੈ, ਮੈਂ ਭੁੱਖ ਮੁਆ ਹਾਂ." ਤਦਹੁੰ ਗੁਰੂ ਆਖਿਆ, "ਸੁਆਮੀ, ਓਹ ਵਖਤ ਗਇਆ, ਪਰ ਜਾਹ, ਵਾਹ ਗੁਰੂ ਕਹਿ ਕੈ ਧਰਤੀ ਖੋਦ, ਰਸੋਈ ਕਰ ਖਾਹਿ." ਤਬ ਬਾਬੇ ਸਬਦ ਬੋਲਿਆ ਰਾਗ ਬਸੰਤ ਵਿੱਚ ਮਹੱਲਾ ੧ :—

ਸੁਇਨੇ ਕਾ ਚਉਕਾ, ਕੰਚਨ ਕੁਆਰ,
ਰੁਪੇ ਕੀਆਂ ਕਾਰਾਂ ਬਹੁਤ ਬਿਸਤਾਰ,
ਗੰਗਾ ਕਾ ਉਦਕ ਕਰੰਤੇ ਕੀ ਆਗ,
ਗਰੁੜਾ ਖਾਣਾ ਦੁਧ ਸਿਉ ਗਾਡ,
ਰੇ ਮਨ, ਲੇਖੈ ਕਬਹੂ ਨ ਪਾਇ,
ਜਾਮਿ ਨ ਭੀਜੈ ਸਾਚ ਨਾਇ.
ਦਸ ਅਠ ਲੀਖੇ ਹੋਵਹਿ ਪਾਸ,
ਚਾਰੇ ਬੇਦ ਮੁਖਾਗਰ ਪਾਠ,
ਪੁਰਬੀ ਨਾਵੈ, ਵਰਨਾਂ ਕੀ ਦਾਤ,
ਵਰਤ ਨੇਮ ਕਰੇ ਦਿਨ ਰਾਤ,
ਕਾਜੀ, ਮੁੱਲਾਂ, ਹੋਵਹਿ ਸੇਖ,
ਜੋਗੀ, ਜੰਗਮ ਭਗਵੇ ਭੇਖ,
ਕੋ ਗਿਰਹੀ ਕਰਮਾ ਕੀ ਬੰਧ,
ਬਿਨ ਬੂਝੇ ਸਭ ਖੜੀਆਸ ਬੰਧ.
ਜੇਤੇ ਜੀਅ, ਲਿਖੀ ਸਿਰ ਕਾਰ,
ਕਰਣੀ ਉਪਰ ਹੋਵਗ ਸਾਰ.
ਹੁਕਮ ਕਰਹਿ ਮੂਰਖ ਗਾਵਾਰ.
ਨਾਨਕ, ਸਾਚੇ ਕੇ ਸਿਫਤ ਭੰਡਾਰ.

ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

## ਸਾਖੀ ਉਨਤਾਲੀਹਵੀਂ ਚੱਲੀ.

ਇਕ ਦਿਨ ਗੁਰੂ ਕੀ ਆਗਿਆ ਹੋਈ, ਜੋ ਪਿਛਲੀ ਪਹਿਰ ਰਾਤ ਕੀਰਤਨ ਹੋਵੈ. ਤਾਂ ਇੱਕ ਲੜਕਾ ਬਰਸਾਂ ਸੱਤਾਂ ਕਾ ਘਰ ਤੇ ਉੱਠ ਆਵੈ; ਆਇ ਗੁਰੂ ਜੀ ਕੇ ਪਿੱਛੇ ਖੜਾ ਹੋਵੈ. ਜਬ ਆਰਤੀ ਕੀਰਤਨ ਹੋਇ ਚੁੱਕੇ, ਤਾਂ ਉੱਠ ਜਾਇ. ਤਬ ਬਾਬੇ ਇਕ ਦਿਨ ਕਹਿਆ, "ਅੱਜ ਇਹ ਲੜਕਾ ਪਕੜ ਰੱਖਣਾ." ਤਬ ਮੱਥਾ ਟੇਕ ਚੱਲਿਆ, ਤਾਂ ਸੰਗਤ ਪਕੜ ਰੱਖਿਆ, ਆਣ ਹਜ਼ੂਰ ਕੀਤਾ. ਤਬ ਬਾਬੇ ਪੁੱਛਿਆ, "ਏ ਲੜਕੇ, ਤੂੰ ਜੋ ਇਤ ਵਖਤ ਉੱਠ ਆਂਵਦਾ ਹੈਂ, ਸੋ ਕਿਉਂ ਆਂਵਦਾ ਹੈਂ? ਤੇਰਾ ਵਖਤ ਖਾਂਵਣ, ਖੇਡਣ, ਸਉਣੇ ਦਾ ਹੈ." ਤਦਹੁੰ ਉਸ ਕਹਿਆ, "ਜੀ, ਇਕ ਦਿਨ ਮੇਰੇ ਤਾਂਈ ਮਾਤਾ ਕਹਿਆ, ਜੋ 'ਬੇਟਾ, ਤੂੰ ਅੱਗ ਬਾਲ.' ਤਾਂ ਮੈ ਅੱਗ ਲੱਗਾ ਬਾਲਣ. ਜਾਂ ਲੱਕੜੀਆਂ ਪਾਈਆਂ, ਤਾਂ ਪਹਿਲੇ ਨਿੱਕੀਆਂ ਨੂੰ ਲੱਗੀ, ਪਿੱਛਹੁੰ ਵੱਡੀਆਂ ਨੂੰ ਲੱਗੀ. ਤਦਹੁੰ ਮੈਂ ਭਉ ਕੀਤਾ, ਕਹਿਓਸ, ਜੋ 'ਮਾਤਾ, ਅਸੀਂ ਨਿੱਕੜੇ ਚੱਲ ਜਾਂਇਗੇ, ਵੱਡੇ ਹੋਣ ਮਿਲਹਿੰ ਕਿ ਨਾ ਮਿਲਹਿ.'" ਤਦ ਸੰਗਤਿ

Digitized by Panjab Digital Library | www.panjabdigilib.org

ਹੈਰਾਨ ਹੋਇ ਰਹੀ ਸੁਣਕੈ. ਤਬ ਬਾਬੇ ਦੀ ਖੁਸੀ ਹੋਈ. ਤਾਂ ਲੜਕਾ ਪੈਰੀਂ ਪਾਇਆ. ਤਿਤ ਮਹਲ ਗੁਰੂ ਬੋਲਿਆ ਸਬਦ ਰਾਗ ਸਿਰੀ ਰਾਗ ਵਿੱਚ ਮਹੱਲਾ ੫:—

ਘੜੀ ਮੁਹਤ ਕਾ ਪਾਂਹੁਣਾ ਕਾਜ ਸਵਾਰਣਹਾਰ,
ਮਾਇਆ ਕਾਂਮ ਵਿਆਪਿਆ, ਸਮਝੈ ਨਾਂਹੀ ਗਵਾਰ,
ਉਠ ਚੱਲਿਆ ਪਛਤਾਇਆ, ਪਰਿਆ ਵੱਸ ਜੰਦਾਰ.
ਅੰਧੇ, ਤੂੰ ਬੈਠਾ ਕੰਧੀ ਪਾਹਿ?
ਜੇ ਹੋਵੀ ਪੂਰਬ ਲਿਖਿਆ, ਤਾਂ ਗੁਰ ਕਾ ਬਚਨ ਕਮਾਇ.
ਹਰੀ ਨਾਂਹੀ, ਨਹਿ ਡੱਡੁਰੀ, ਪੱਕੀ ਵੱਢਣਹਾਰ,
ਲੈ ਲੈ ਦਾਤ ਪਹੁੰਤਿਆ ਲਾਵੇ ਕਰ ਤਈਆਰ;
ਜਾਂ ਹੋਆ ਹੁਕਮ ਕਿਰਸਾਣ ਦਾ, ਤਾਂ ਲੁਣ ਮਿਣਿਆ ਖੇਤਾਰ,
ਪਹਿਲਾ ਪਹਿਰ ਧੰਧੈ ਗਇਆ, ਦੂਜੇ ਭਰ ਸੋਇਆ,
ਤੀਜੇ ਝਾਖ ਝਖਾਇਆ, ਚਉਥੇ ਭੋਰ ਭਇਆ,
ਕਦਹੀ ਚਿੱਤ ਨ ਆਇਓ ਜਿਨ ਜੀਉ ਪਿੰਡ ਦੀਆ.
ਸਾਧ ਸੰਗਤ ਕਉ ਵਾਰਿਆ, ਜੀਉ ਕੀਆ ਕੁਰਬਾਂਣ,
ਤਿਸਤੇ ਸੋਝੀ ਮਨ ਪਈ, ਮਿਲਿਆ ਪੁਰਖ ਸੁਜਾਂਣ.
ਨਾਨਕ, ਡਿੱਠਾ ਸਦਾ ਨਾਲ ਹਰਿ ਅੰਤਰਜਾਮੀ ਜਾਣ.

ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

# ਸਾਖੀ ਚਾਲੀਹਵੀਂ ਚੱਲੀ.

ਤਬ ਬਾਬਾ ਦਰੀਆਉ ਉੱਪਰ ਬਹਿ ਗਇਆ ਤਲਵੰਡੀ ਕੇ ਨਜੀਕ ਇੱਕ ਥਾਂਉ. ਉਥੈ ਬਹੁਤ ਗਉਗਾ ਚੱਲਿਆ. ਜੋ ਕੋਈ ਸੁਨੈ ਸੋ ਸਭ ਆਵੈ. ਲੋਕ ਆਖਨ, ਜੋ "ਕੋਈ ਖੁਦਾਇ ਦਾ ਫਕੀਰ ਪੈਦਾ ਹੋਇਆ ਹੈ, ਨਾਨਕ ਨਾਉ ਹੈਸੁ, ਆਪਣੇ ਖੁਦਾਇ ਨਾਲ ਰੱਤਾ ਹੈ." ਲੋਕ ਬਹੁਤ ਜੁੜਿਆ; ਮੁਰੀਦ ਭੀ ਹੋਵੰਨ. ਜੋ ਆਵੈ, ਸੋ ਪਰਚਾ ਜਾਵੈ. ਜੋ ਬਾਬਾ ਸਲੋਕ ਕਰਦਾ ਥਾ, ਸੋ ਪਰਗਟ ਹੋਇ. ਇਹੁ ਸਲੋਕ ਕੀਤੇ ਸੇ; ਫਕੀਰ ਕਾਂਨਿਆਂ ਨਾਲ ਗਾਂਉਦੇ ਸੇ :—

ਕੂੜ ਨਿਖੁਟੇ, ਨਾਨਕਾ, ਓੜਕ ਸੱਚ ਰਹੀ.

ਤਬ ਨਾਨਕ ਕੇ ਘਰ ਏਕੋ ਨਾਮ ਵਖਾਣੀਐ. ਬਹੁਤ ਉਸਤਤਿ ਹੋਵਣ ਲੱਗੀ, ਖਰਾ ਬਹੁਤ ਗਉਗਾ ਹੋਆ. ਜੋ ਕੋਈ ਹਿਦੂ ਮੁੱਸਲਮਾਨ, ਜੋਗੀ, ਸੰਨਿਆਸੀ, ਬ੍ਰਹਮਚਾਰੀ, ਤਪੀਏ, ਤਪੀਸਰ, ਦਿਗੰਬਰ, ਬੈਸਨੋ, ਉਦਾਸੀ, ਗ੍ਰਿਸਤੀ, ਬੈਰਾਗੀ, ਖਾਨ, ਖਨੀਨ, ਉਮਰੇ, ਉਮਰਾਉ, ਕਰੋੜੀਏ, ਜਿਮੀ-

Digitized by Panjab Digital Library | www.panjabdigilib.org

ਦਾਗ,ਭੂਮੀਏ, ਜੋ ਕੋ ਆਵੈ, ਸੋ ਪਰਚਾ ਜਾਵੈ. ਸਭੇ ਲੋਕ ਉਸਤਤਿ ਕਰਨ.

ਤਬ ਜਿੱਥੈ ਬਾਬਾ ਰਹਿੰਦਾ ਸੀ, ਉਸ ਗਿਰਾਂਉ ਪਾਸ ਇਕ ਕਰੋੜੀਆ ਰਹਿੰਦਾ ਸੀ. ਓਨ ਕਹਿਆ, "ਏਹ ਕਉਣ ਹੈ, ਜੋ ਪੈਦਾ ਹੋਇਆ ਹੈ? ਜੋ ਸਭ ਇਸ ਕਾ ਨਾਂਉ ਲੈਤੇ ਹੈਨ. ਹਿੰਦੂ ਤਾਂ ਖਰਾਬ ਕੀਏ ਥੇ, ਪਰ ਮੁਸਲਮਾਨਾਂ ਕੋ ਭੀ ਇਮਾਨ ਖੋਇਆ. ਕਿਆ ਈ-ਮਾਂਨ ਮੁੱਸਲਮਾਂਨਾ ਕਾ ਜੋ ਹਿੰਦੂ ਉੱਪਰ ਈਮਾਂਨ ਕਰਤੇ ਹੈਨ? ਪਰ ਚਲਹੁ, ਅਸੀ ਬੰਨ ਲੈ ਆਵਹਿ." ਜਾਂ ਚੜ੍ਹਿਆ ਘੋੜੇ ਉੱਪਰ, ਤਾਂ ਘੋੜਾ ਫਰਕ ਪਇਆ. ਫਿਰ ਅਗਲੇ ਦਿਨ ਚੜ੍ਹਿਆ, ਤਾਂ ਆਂਵਦਾ ਆਂਵਦਾ ਰਾਹਿ ਵਿੱਚ ਅੰਧਾ ਹੋਇ ਗਇਆ, ਸੁੱਝਸ ਕਿਛ ਨਾਂਹੀ, ਤਾਂ ਬਹਿ ਗਇਆ. ਲੋਕਾਂ ਕਹਿਆ, "ਜੀ, ਅਸੀਂ ਡਰਦੇ ਆਖ ਨਹੀਂ ਸਕਦੇ, ਪਰ ਨਾਨਕ ਵੱਡਾ ਪੀਰ ਹੈ. ਤੁਸੀ ਉਸ ਕੀ ਬੰਦਗੀ ਸਿਮਰਣ ਕਰਹੁ." ਤਾਂ ਕਰੋ-ੜੀਆ ਸਿਫਤ ਲੱਗਾ ਬਾਬੇ ਨਾਨਕ ਦੀ ਕਰਣ. ਅਤੇ ਪਾਸ ਲੋਕ ਭੀ ਲੱਗੇ ਬਾਬੇ ਵੱਲ ਸਿਜਦਾ ਕਰਣ. ਤਾਂ ਕਰੋੜੀਆ ਅਸਵਾਰ ਹੋਇਆ, ਤਾਂ ਪੱਟ ਘੋੜੇ ਉੱਪ-

Digitized by Panjab Digital Library | www.panjabdigilib.org

ਰਹੂ ਢਹਿ ਪਇਆ, ਦਿਸੈ ਕਿਛ ਨਾਂਹੀ. ਤਬ ਲੋਕਾਂ
ਕਹਿਆ, "ਦੀਵਾਨ ਜੀ, ਤੂ ਭੁਲਦਾ ਹੈਂ ਜੋ ਘੋੜੇ ਚੜ੍ਹਦਾ
ਹੈਂ; ਨਾਨਕ ਵੱਡਾ ਪੀਰ ਹੈ, ਤੂ ਪਿਆਦਾ ਹੋਇ ਕਰ
ਚੱਲ ਜੋ ਤੂ ਬਖਸੀਐ." ਤਾਂ ਕਰੋੜੀ ਪਿਆਦਾ ਹੋਇ
ਚੱਲਿਆ. ਜਿੱਥੈ ਬਾਬੇ ਦੀ ਦਰਗਾਹ ਦਿਸ ਆਈ, ਤਾਂ
ਤਿੱਥੈ ਖੜਾ ਹੋਇ ਕਰ ਲੱਗਾ ਸਲਾਮ ਕਰਣ; ਨੇੜੈ
ਆਇਆ, ਤਾਂ ਇਹੁ ਪੈਰੀਂ ਪਇਆ, ਬਾਬੇ ਬਹੁਤ ਖੁਸੀ
ਕੀਤੀ. ਬਾਬੇ ਤਿਨ ਦਿਨ ਰੱਖਿਆ; ਬਾਬਾ ਬਹੁਤ ਖੁਸੀ
ਹੋਆ, ਤਾਂ ਕਰੋੜੀ ਅਰਜ ਕੀਤੀ, "ਬਾਬਾ ਜੀ, ਤੇਰਾ
ਹੁਕਮ ਹੋਵੈ, ਤਾਂ ਇੱਕ ਚੱਕ ਬਨਾਵਾਂ ਤੇਰੇ ਨਾਵ ਕਾ; ਕਰ-
ਤਾਰਪੁਰ ਨਾਊ ਰੱਖੀਐ, ਧਰਮਸਾਲ ਪਾਈਐ." ਤਾਂ
ਕਰੋੜੀਆ ਵਿਦਿਆਂ ਹੋਇਆ. ਬੋਲੋ ਵਾਹ ਗੁਰੂ!

## ਸਾਖੀ ਇਕਤਾਲੀਹਵੀਂ ਚੱਲੀ.

ਤਾਂ ਪਿੱਛਹੁੰ ਕਾਲੂ ਆਪਣੇ ਆਦਮੀ ਸਭ ਲੈ ਕਰ ਬਾਬੇ ਪਾਸ ਆਇਆ. ਬਾਬਾ ਟਿਕਿਆ. ਸੰਗਤ ਸਿੱਖ ਲੱਗੇ ਹੋਂਦੇ ਜਾਂਣ. ਬਾਬੇ ਓਹ ਭੇਖ ਉਤਾਰਿਆ. ਇੱਕ ਚਾਦਰ ਤੇੜ, ਇੱਕ ਚਾਦਰ ਉੱਪਰ, ਇੱਕ ਪਟਕਾ ਸਿਰ, ਨਿਰੰਜਨ ਨਿਰੰਕਾਰ ਕਾ ਸਰੂਪ ਧਾਰਿਆ; ਜਗਤ ਨਿਸਤਾਰਣ ਕੇ ਤਾਂਈਂ. ਜਗਤ ਵਿੱਚ ਡੋਰੀ ਉੱਭਰ ਗਈ ਜੋ "ਵਾਹੁ ਵਾਹੁ! ਨਾਨਕ ਜੀ, ਵਾਹੁ ਵਾਹੁ! ਵੱਡਾ ਭਗਤ ਪੈਦਾ ਹੋਇਆ ਹੈ."

ਤਬ ਇੱਕ ਖੱਤ੍ਰੀ ਥਾ, ਖਰਾ ਗਰੀਬ ਪਤੀਅਸਾ. ਉਸਕੇ ਘਰ ਇੱਕ ਕੁੜੀ ਸੀ; ਘਰਹੁ ਖਰਾ ਆਜਜ ਸੀ, ਸਰ ਕਿਛ ਨਾਂ ਸੀ ਅੰਦਦਾ. ਉਨ ਬਾਬੇ ਪਾਸ ਆਇ ਅਰਦਾਸ ਕੀਤੀ, "ਅਜੀ ਗਰੀਬ ਨਿਵਾਜ! ਮੇਰੇ ਤੇ ਸਰ ਕਿਛ ਨਾਂਹੀ ਆਂਵਦੀ, ਬੇਟੀ ਕੁਆਰੀ ਹੈ, ਕਿਛ ਪਰਮੇਸਰ ਕੇ ਨਾਇ ਅੰਗੀਕਾਰ ਕਰ; ਖਸਮਾਨਾ ਹੋਵੈ." ਤਾਂ ਬਾਬੇ ਹੁਕਮ ਕੀਤਾ, "ਜੋ ਕਿਛੁ ਵਸਤੁ ਤੈਨੂੰ ਚਾਹਿਦੀ ਹੈ, ਸੋ ਤੂੰ ਲਿਖਾਇ ਲੈ ਆਉ; ਅਸੀਂ ਅਣਾਇ

ਦੇਹੰਗੇ." ਉਨ ਖੱੜੀ ਵੀਵਾਹ ਦੀ ਵਸਤੁ ਸਭ ਲਿਖ ਆਂਦੀ, ਜਿਤਨੀ ਲੋੜੀਂਦੀ ਸੀ. ਤਾਂ ਬਾਬੇ ਹੁਕਮ ਕੀਤਾ, "ਭਾਗੀਰਥ, ਆਣ ਦਿਨੋਂ. ਭਾਈ ਭਾਗੀਰਥ, ਤੂੰ ਲਹੌਰ ਜਾਇ, ਜਿਤਨੀਆਂ ਵਸਤੂ ਲੋੜੀਦੀਆਂ ਹੈਨ ਅਤੇ ਲਿਖੀਆਂ ਹੈਨ, ਸੋ ਸਭ ਲੈਕੇ ਤੁਧ ਆਵਣੀਆਂ. ਜੇ ਭਲਕੇ ਰਹਿਓਂ, ਤਾਂ ਜਨਮ ਵਿਗੜੀਗਾ." ਉਹ ਭੈ ਮਾਨ ਹੋਕਰ ਉਠ ਦਉੜਿਆ, ਲਹੌਰ ਆਇਆ. ਇਕ ਸਾਹ ਬਾਣੀਏ ਨੂੰ ਮਿਲਿਆ, ਆਖਿਓਸੁ, "ਮੈਨੂੰ ਇਤਨੀਆਂ ਵਸਤੂ ਲੋੜੀਦੀਆਂ ਹੈਨ, ਮੈਨੂੰ ਆਣ ਦੇਹਿ." ਤਬ ਉਨ ਬਾਂਣੀਏ ਕਹਿਆ, "ਅੱਜੁ ਰਹੁ, ਭਲਕੇ ਨੂੰ ਸੱਭੇ ਵਸਤੂ ਹੋਇ ਆਵਣਗੀਆਂ." ਤਾਂ ਭਾਗੀਰਥ ਆਖਿਆ, "ਮੈਂ ਜਾਂਣਾ ਹੈ, ਰਹਿੰਦਾ ਨਾਹੀ." ਤਾਂ ਉਨ ਬਾਂਣੀਐਂ ਆਖਿਆ, "ਜੋ ਵਸਤੂ ਸਭ ਹੋਵਨਗੀਆਂ, ਪਰ ਇਕ ਚੂੜਾ ਨਾ ਹੋਸੀਆ, ਚੂੜੇ ਚੀਰੀ ਦੇ ਰੰਗੀ ਦੇ ਰਾਤ ਪਵੇਗੀ. ਅੱਜ ਤੂੰ ਰਹੁ, ਭਾਗੀਰਥਾ." ਭਾਗੀਰਥ ਆਖਿਆ, "ਮੈਂ ਤ੍ਰਟੀ ਕਾਲ ਰਹਾਂ ਨਾਹੀ." ਬਾਂਣੀਏ ਆਖਿਆ, "ਅੱਜ ਰਹੇ ਬਾਝੂ ਕੰਮ ਹੋਂਦਾ ਨਾਹੀਂ."

"ਤਬ ਉਨ ਬਾਣੀਏਂ ਆਖਿਆ, "ਤੂ ਸਾਮ ਸਾਮ ਰਹੁ, ਜੇ ਕੰਮ ਚੁਕੇ ਦਾ, ਤੈਂ ਕਰਣਾ ਹੈ." ਤਾਂ ਭਾਗੀਰਥ ਕਹਿਆ, "ਜੌ ਅੱਜ ਕੰਮ ਨਾਂਹੀ ਸਉਰਦਾ, ਅਤੇ ਹੁਕਮ ਸਿਰ ਨ ਜਾਵੇ, ਤਾਂ ਮੇਰਾ ਜਨਮ ਵਿਗੜੇਗਾ." ਤਾਂ ਉਨ ਬਾਣੀਏਂ ਆਖਿਆ, "ਭਾਈ ਕਿਸੀ ਦਾ ਸਾਹਿਬ ਹੋਂਦਾ ਹੈ ਕਰੜਾ, ਤਾਂ ਓਹ ਚਾਕਰ ਕਹਿੰਦਾ ਹੈ, ਜੋ ਮੇਰਾ ਸਾਹਿਬ ਖਿਝੇਗਾ, ਮੇਰਾ ਵਜਹੁ ਕੱਟੇਗਾ.' ਤੂ ਜੋ ਕਹਿੰਦਾ ਹੈਂ, ਜੋ ਹੁਕਮ ਸਿਰ ਨ ਜਾਵੇਗਾ, ਤਾਂ ਮੇਰਾ ਜਨਮ ਵਿਗੜੇਗਾ. ਸੋ ਤੇਰਾ ਸਾਹਿਬ ਕੈਸਾ ਹੈ, ਜਿਸ ਕੇ ਕੋਪ ਤੇ ਤੇਰਾ ਜਨਮ ਵਿਗੜੇਗਾ?" ਤਾਂ ਭਾਗੀਰਥ ਕਹਿਆ, "ਮੇਰਾ ਸਾਹਿਬ ਗੁਰੂ ਹੈ. ਜੇ ਹਉ ਉਸਦੇ ਹੁਕਮ ਸਿਰ ਨ ਜਾਵਾਂ, ਤਾਂ ਮੇਰਾ ਜਨਮ ਵਿਗੜੈ." ਤਾਂ ਉਨ ਬਾਣੀਏਂ ਕਹਿਆ, "ਭਾਂਈ ਅੱਜ ਕਲੀ ਕਾਲ ਕੇ ਗੁਰੂ ਕਿਆ ਹੈਨ, ਜਿਨ ਕੇ ਕਹੇ ਤੇਰਾ ਜਨਮ ਵਿਗੜੇ?" ਤਾਂ ਭਾਗੀਰਥ ਆਖਿਆ ਜੋ "ਮੇਰਾ ਸਾਹਿਬ ਗੁਰੂ ਮਹਾਂ ਪੁਰਖ ਹੈ." ਤਾਂ ਉਨ ਬਾਂਣੀਏ ਕਹਿਆ ਜੋ, "ਰੇ ਘਰ ਬੂਡੇ, ਕਲੀ ਕਾਲ ਮਹਿ ਮਹਾਂ ਪੁਰਖ ਕਹਾਂ ਹੈ?" ਤਬ ਆਖਿ-

Digitized by Panjab Digital Library | www.panjabdigilib.org

ਆ, "ਸਾਂਈ ਜੀ, ਮੇਰਾ ਗੁਰੂ ਮਹਾਂ ਪੁਰਖ ਪੂਰਨ ਹੈ, ਮਹਾਂ ਪੁਰਖ ਹੈ, ਨਿਰੰਜਨ ਰੂਪ ਹੈ." ਤਬ ਉਨ ਬਾਣੀਏਂ ਕਹਿਆ, "ਚੱਲ, ਹਉ ਤੇਰੇ ਸਾਥ ਚਲਦਾ ਹਾਂ. ਇੱਕ ਚੂੜਾ ਹੈ ਮੇਰੇ ਘਰ ਰੰਗਿਆ ਹੋਇਆ, ਤੂੰ ਆਪਣੇ ਪਾਸ ਇਹ ਬੰਧ ਰੱਖ. ਜਉ ਤੇਰਾ ਗੁਰੂ ਮਹਾਂ ਪੁਰਖ ਹੋਇਗਾ, ਤਾਂ ਤੇਰਾ ਭੀ ਗੁਰੂ ਅਤੇ ਮੇਰਾ ਭੀ ਗੁਰੂ, ਅਰ ਜੇ ਮਹਾਂ ਪੁਰਖ ਨਾ ਹੋਇਆ, ਤਾਂ ਵਸਤੂ ਦੇਵਾਂਗਾ ਅਰ ਮੁਲ ਲੇਵਾਂਗਾ."

ਤਾਂ ਭਗੀਰਥ ਅਰ ਬਾਣੀਆਂ ਦੋਨੋਂ ਚੱਲੇ, ਗੁਰੂ ਬਾਬੇ ਕੋਲ ਆਏ. ਤਾਂ ਬਾਬੇ ਅੱਗੋਂ ਕਹਿਆ, "ਭਗੀਰਥ, ਜਿੱਧਰ ਜਾਂਹਿ, ਤਿੱਧਰ ਬਹਿ ਰਹੈਂ; ਜਬਾਬ ਨਾ ਲੈ ਆਵਹਿਂ." ਅਜੇ ਓਹ ਆਂਵਦੇ ਸੇ ਰਾਹਿ ਵਿੱਚ ਓਨ ਵਾਕ ਸੁਣ ਪਾਇਆ. ਤਾਂ ਉਸ ਬਾਣੀਏ ਕੇ ਕਪਾਟ ਖੁੱਲ ਗਏ; ਜੋ ਏਹ ਮਹਾਂ ਪੁਰਖ ਅੰਤਰਜਾਮੀ ਹੈ. ਆਇ ਪੈਰੀਂ ਪਏ. ਤਬ ਉਸ ਬਾਣੀਏਂ ਕੀ ਨਿਸਾ ਭਈ ਦਰਸਨ ਦੇਖਣੇ ਨਾਲ, ਪੈਰੀਂ ਪਉਂਦੇ ਨਿਹਾਲ ਹੋਇ ਗਇਆ. ਤੀਨ ਬਰਸ ਬਾਬੇ ਕੋਲ ਰਹਿਆ; ਫੇਰ ਬਾਬੇ ਦਿੱਤ

ਆ ਕੀਤਾ. ਗੁਰੂ ਬਾਬੇ ਦੀ ਬਾਣੀ ਬਹੁਤ ਸਿਖੀ-
ਆਸੁ; ਪੋਥੀਆਂ ਸਿੱਖ ਲੀਤੀਓਸ. ਗੁਰੂ ਪਾਸਹੁ
ਵਿਦਿਆ ਹੋਆ, ਵਿਦਿਆ ਹੋਇ ਘਰ ਆਇਆ
ਲਹੌਰ ਵਿੱਚ.

ਉਨ ਵਪਾਰੀ ਸਾਹ ਲੋਕ ਬੁਲਾਏ, ਹੱਟ ਦੀ
ਵਸਤੁ ਸਭ ਸਉਂਪੀ; ਆਪ ਸਮੁੰਦ੍ਰ ਜਹਾਜ ਕਰ
ਚੱਲਿਆ. ਜਹਾਂ ਰਾਜਾ ਸਿਵਨਾਭਿ ਰਹਿਦਾ ਥਾ,
ਉਸ ਨਗਰੀ ਜਾਇ ਰਹਿਆ. ਵਾਪਾਰ ਲੱਗਾ ਕਰਣ.
ਵੱਡੀ ਰਾਤ ਤਾਂਈ ਕੀਰਤਨ ਕਰੇ. ਜਿੱਥੇ ਪਹਿਰ
ਰਾਤ ਰਹੈ, ਤਿੱਥੈ ਉਠ ਕਰ ਠੰਢੇ ਪਾਂਣੀ ਨਾਲ ਨਾ-
ਵੈ. ਗੁਰੂ ਬਾਬੇ ਦੀ ਆਗਿਆ ਹੈ, ਜੋ ਠੰਢੇ ਪਾਂਣੀ
ਨਾਲ ਨਾਵੈਗਾ ਪਹਿਰ ਰਾਤ ਰਹਿੰਦੀ, ਅਤੇ ਗੁਰੂ ਕਾ
ਨਾਂਉ ਜਪਹਿੰਗੇ, ਉਨ ਕਉ ਪਰਮੇਸਰ ਕੇ ਦਰ ਅੰ-
ਮ੍ਰਿਤ ਪੀਐਗਾ; ਅਜੂਨੀ ਸੈਭੂ ਸੰਗ ਸਮਾਵੈਗਾ.
ਜਹਾਂ ਗੁਰੂ ਬਾਬੇ ਕਾ ਨਿਵਾਸ ਹੈ, ਤਹਾਂ ਉਹ ਰੱਖੀ-
ਅਹਿੰਗੇ. ਅਰ ਬੇਦ ਕਹਿਤਾ ਹੈ, "ਜੋ ਪਹਿਰ
ਰਾਤ ਸਿਉ ਨਾਵੈਗਾ, ਤਿਸ ਕਉ ਸਵਾ ਮਣ ਸੋਨੇ
ਕਾ ਪੁੰਨ ਹੋਵੈਗਾ. ਜੋ ਚਉ ਘੜੀਆ ਰਾਤ ਨੂੰ ਨਾਵੈ-

ਗ, ਤਿਸ ਨੂੰ ਸਵਾ ਮਣ ਰੁਪੇਕਾ ਫਲ ਹੋਵੈਗ. ਜੋ ਪ੍ਰਾਤ ਕਾਲ ਨਾਵੈਗਾ, ਤਿਸ ਨੂੰ ਸਵਾ ਮਣ ਪਾਂਲੀ ਕ ਪੁੰਨ ਹੋਵੈਗਾ. ਜੋ ਦਿਨ ਚੜ੍ਹੇ ਨਾਵੈਗਾ, ਤਿਸ ਨੂੰ ਪੁੰਨ ਨ ਪਾਪ." ਇਹ ਤਾਂ ਬੇਦ ਕਹਿਤਾ ਹੈ, ਅਰ ਬਾਬੇ ਦੀ ਆਗਿਆ ਹੈ, "ਜੋ ਮੇਰਾ ਸਿੱਖ ਪ੍ਰਾਤਕਾਲ ਨਾਵੇ-ਗਾ. ਸਿਰ ਪਾਂਣੀ ਠੰਢਾ ਪਾਵੈਗਾ, ਤਿਸ ਕੀ ਪਰਮ ਗਤਿ ਹੋਵੈਗੀ. ਜੀਂਵਦਾ ਭੀ ਮੁਕਤਾ ਅਰ ਮੂਆ ਭੀ ਮੁਕਤਾ."

ਅਰ ਓਹ ਬਾਣੀਆਂ ਪਹਿਰ ਰਾਤ ਰਹਿੰਦੀ ਨਾਵੇ ਪਾਣੀ ਠੰਢੇ ਨਾਲ. ਨਾਇ ਕਰ ਜਪ ਪੜ੍ਹੇ, ਅਰ ਪੋਥੀ ਸਬਦ ਪੜ੍ਹ ਕੇ, ਪ੍ਰਾਤ ਕਾਲ ਹੋਂਦੇ ਨੂੰ ਪ੍ਰਸਾਦ ਜੇਂਵ ਕੈ ਜਾਇ ਸਿਸਾਰ ਕੀ ਪ੍ਰਾਕ੍ਰਿਤਿ ਕਰੈ. ਰਾਤੀ ਆਵੈ, ਤਾਂ ਗੁਰੂ ਕਾ ਸਬਦ ਗਾਵੈ. ਅਰ ਉਸ ਵੱਲ ਕੇ ਲੋਕ ਦਿਨ ਚੜ੍ਹੇ ਇਸਨਾਨ ਕਰਹਿੰ, ਦੁਆ-ਦਸ ਟਿੱਕੇ ਚੜ੍ਹਾਵਹਿੰ, ਅਰ ਆਇਤਵਾਰ, ਅਮਾ-ਵਸ, ਇਕਾਦਸੀ ਬਰਤ ਕਰਹਿੰ. ਦੇਹਰੇ ਕੀ ਪੂਜਾ ਕਰਹਿੰ, ਠਾਕੁਰਦੁਆਰੇ ਭੀ ਜਾਂਹਿ. ਓਹ ਬਾਂਣੀਆਂ ਨਾ ਵਰਤ, ਨਾ ਪੂਜਾ, ਨਾ ਅਮਾਵਸ, ਨਾ ਆਇਤਵਾਰ

Digitized by Panjab Digital Library | www.panjabdigilib.org

ਉਨ ਕੀ ਕਾਈ ਪ੍ਰਿਤ ਨਾ ਕਰੈ. ਇਸ ਫੱਲ ਕੇ ਜੋ ਹਿ-
ਦੂ ਜਾਂਹਿ, ਤਿਸ ਕਉ ਓਹ ਭ੍ਰਸਟ ਕਰ ਘੱਤਨ. ਤਬ
ਲੋਕੰਉ ਉਸ ਬਾਣੀਏ ਕੀ ਚਰਚਾ ਚਲਾਈ. ਤਬ
ਚਲੀ ਚਲੀ ਬਾਤ ਰਾਜੇ ਸਿਵਨਾਭਿ ਪਾਸ ਚੱਲ
ਪਈ, ਜੋ "ਜੀ, ਇੱਕ ਜੋ ਬਾਂਣੀਆ ਹੈ, ਹਿੰਦੂ ਕਹਾਂ-
ਵਦਾ ਹੈ, ਅਰ ਕਰਮ ਭ੍ਰਸਟ ਕਰਦਾ ਹੈ." ਤਬ ਰਾ-
ਜੇ ਕਹਿਆ, ਜੋ "ਰੇ, ਉਸ ਬਾਣੀਏ ਕਉ ਬੁਲਾਇ
ਲੇ ਆਵਹੁ, ਮੈਂ ਉਸ ਕਉ ਪੂਛਹੁੰ. ਜੋ, 'ਰੇ ਉਹ
ਕਿਉਂ ਐਸੀ ਬਾਤ ਕਰਤਾ ਹੈ, ਹਿੰਦੂ ਜਨਮ ਹੋਇ-
ਕੈ?" ਤਬ ਰਾਜੇ ਕੇ ਦੂਤ ਉਸ ਬਾਣੀਏ ਕਉ ਬੁਲਾ-
ਇ ਲੈ ਆਏ. ਤਬ ਓਹ ਬਾਣੀਆਂ ਰਾਮ ਰਾਮ
ਕਰਕੈ ਸਿਰ ਨਿਵਾਇ ਕਰ ਨਲੀਏਰ ਦੇ ਮਿਲਿ-
ਆ. ਤਬ ਰਾਜੇ ਪੁੱਛਿਆ, ਜੋ "ਰੇ ਬਾਂਣੀਏ, ਤੂੰ
ਹਿੰਦੂ ਜਨਮ ਹੈਂ, ਤੂੰ ਬਰਤ ਨੇਮ ਪੂਜਾ ਨਹੀਂ ਕਰ-
ਤਾ; ਜੋ ਕਿਉਂ ਨਹੀਂ ਕਰਤਾ?" ਜੋ "ਜੀ, ਜਿਸ
ਕਾਰਣ ਤੁਮ ਵਰਤ ਨੇਮ ਸੰਜਮ ਕਰਤੇ ਹੋ, ਸੋ
ਵਸਤੁ ਮੈਂ ਪਾਈ ਹੈ. ਕਿਆ ਵਰਤ ਨੇਮ ਕਰਉਂ?"
ਤਬ ਰਾਜੇ ਪੁੱਛਿਆ, "ਕਉਣ ਵਸਤੁ ਤੈਂ ਪਾਈ ਹੈ,

Digitized by Panjab Digital Library | www.panjabdigilib.org

ਜਿਸ ਤੇ ਤੇਰਾ ਸੰਤੋਖ ਹੂਆ ਹੈ? ਕਹੈ, "ਜੀ, ਮੈਂ ਮਹਾਂ ਪੁਰਖ ਕਾ ਦਰਸਨ ਕੀਆ ਹੈ, ਜਿਸ ਕੇ ਦਰਸਨ ਮੁਕਤਿ ਪਾਈ ਹੈ." ਤਬ ਰਾਜੇ ਕਹਿਆ, ਤੇਰੀ ਨਿਸ਼ਾ ਹੋਈ ਹੈ ਉਸ ਕੇ ਦਰਸਨ?" ਤਬ ਬਾਣੀਏਂ ਕਹਿਆ, "ਜੀ, ਪਰਮੇਸਰ ਮਿਲਿਆ, ਤਾਂ ਨਿਸ਼ਾ ਦੀ ਕਿਆ ਚੱਲੀ ਹੈ?" ਤਬ ਰਾਜੇ ਕਹਿਆ, "ਰੇ ਬਾਂਣੀਏ, ਕਲਜੁਗ ਮੇਂ ਐਸਾ ਕਉਣ ਹੈ ਮਹਾਂ ਪੁਰਖ ਜਿਸ ਕੇ ਦਰਸਨ ਮੁਕਤਿ ਪਾਈਐ?" ਕਹੈ, "ਜੀ, ਐਸਾ ਬਾਬਾ ਨਾਨਕ ਹੈ, ਜਿਸ ਕੇ ਨਾਮ ਲੀਐ ਮੁਕਤਿ ਪਾਈਤੀ ਹੈ." ਤਬ ਉਨ ਬਾਣੀਏਂ ਬਾਬੇ ਨਾਨਕ ਜੀ ਕੀ ਬਾਂਣੀ ਪ੍ਰਗਟ ਕਰੀ. ਤਬ ਰਾਜੇ ਸਿਵਨਾਭਿ ਬਾਣੀ ਸੁਣੀ ਸੁਣ ਕੈ ਤ੍ਰਿਪਤ ਹੋਇ ਗਇਆ; ਰੋਮ ਰੋਮ ਮਗਨ ਹੋਇ ਗਇਆ. ਗੁਰੂ ਬਾਬੇ ਦੀ ਬਾਣੀ ਜੋ ਸੁਣੀ ਰਾਜੇ ਸਮਝੀ. "ਰੇ ਬਾਣੀਏਂ, ਤੂ ਮੇਰੇ ਤਾਂਈ ਅਪਣੇ ਨਾਲ ਲੇ ਚੱਲ ਜਹਾਂ ਗੁਰੂ ਬਾਬਾ ਨਾਨਕ ਹੈ, ਮੈ ਦਰਸਨ ਦੇਖਉ." ਤਬ ਉਨ ਬਾਣੀਏ ਕਹਿਆ, "ਜੀ, ਇਂਉ ਤੂ ਚਲੇਂ, ਤਾਂ ਕਿਆ ਜਾਪੇ ਤੂ

ਪਹੁੰਚ ਸਕਹਿੰ ਕਿ ਨਾਂ ਸਕਹਿੰ? ਪਰ ਤੂੰ ਜੀਅ ਵਿਚ ਅਰਾਧ, ਤੇਰੇ ਤਾਂਈ ਈਹਾਂ ਹੀ ਮਿਲੇਗਾ." ਤਬ ਰਾਜੇ ਸਿਵਨਾਭਿ ਕਹਿਆ, "ਜਿਸ ਧਰਤੀ ਗੁਰੂ ਬਾਬਾ ਨਾਨਕ ਰਹਿਤਾ ਹੈ, ਸੋ ਧਰਤੀ ਤੂੰ ਕਹੁ." ਕਹੈ, "ਜੀ, ਲਹੌਰ ਤੇ ਕੋਸ ਪੰਦ੍ਰਾਂ ਕਰਤਾਰਪੁਰ ਬਧਿਆ ਹੈ ਪੰ-ਜਾਬ ਕੀ ਧਰਤੀ ਮਾਹਿੰ, ਊਹਾਂ ਗੁਰੂ ਬਾਬਾ ਨਾਨਕ ਰਹਿਤਾ ਹੈ. ਸੁਥਾਨ ਤਲਵੰਡੀ ਰਾਇ ਭੋਇ ਭੱਟੀ ਕੀ ਰਾਵੀ ਕੇ ਪਾਰ, ਨਾਮ ਸੁਥਾਨ ਰਾਵੀ ਦੇ ਉਰਾਰ ਕਰ-ਤਾਰਪੁਰ ਕਰ ਬਧਿਆ ਹੈ, ਊਹਾਂ ਮਹਾਂ ਪੁਰਖ ਰਹਿਤਾ ਹੈ. ਸਭਨੀ ਥਾਂਈ ਹੈ, ਜਹਾਂ ਜਹਾਂ ਅਰਾਧੀਐ, ਤਹਾਂ ਤਹਾਂ ਹਾਜਰ ਹੈ." ਤਬ ਰਾਜੇ ਕਹਿਆ, "ਤਉ ਚਲੋ ਲਹੌਰ ਕਉ, ਜੋ ਜਾਇ ਕਰ ਦਰਸਨ ਕਰਉਂ." ਤਬ ਉਨ ਬਾਣੀਐਂ ਕਹਿਆ, ਜੋ "ਜੀ, ਮਹਾਂ ਪੁਰਖ ਕਾ ਸੁਭਾਉ ਹੈ, ਚੱਲ ਕੈ ਕੋਈ ਨਾਂਹੀ ਅੱਪੜਿਆ." ਕਹੈ, "ਜੀ, ਤੂੰ ਆਪਣੇ ਆਤਮੇ ਅੰਦਰ ਅਰਾਧ, ਗੁਰੂ ਬਾ-ਬਾ ਅੰਤਰਜਾਂਮੀ ਹੈ, ਤੁਝ ਕਉ ਈਹਾਂ ਹੀ ਮਿਲੇਗਾ." ਤਬ ਰਾਜੇ ਸਿਵਨਾਭਿ ਏਹੁ ਬਾਤ ਮੰਨ ਲੀਤੀ. ਤਬ ਓਹ ਬਾਣੀਆਂ ਵਿਦਿਆ ਹੋਇਆ. ਉਨ ਬਾਣੀਐਂ

ਰਲਤੀ ਵਾਂਗੀ ਕਹਿਆ, ਜਿ ਰਾਜਾ ਜੀ, ਤੂੰ ਧੰਨ ਹੈਂ, ਗੁਰੂ ਬਾਬਾ ਨਾਨਕ ਤੈਨੂੰ ਮਿਲੈਗਾ, ਪਰ ਤੂੰ ਲਖ ਸਕਹਿੰਗਾ ਨਾਹੀ. ਕਿਆ ਜਾਪੇ ਕਿਤ ਰੂਪ ਤੁਝ ਕਉ ਆਇ ਦਰਸਨ ਦੇਇਗਾ? ਜੋਗੀ ਕੇ ਰੂਪ, ਕਿ ਬ੍ਰਹਮਣ ਕੇ ਰੂਪ, ਕਿ ਤ੍ਰਿਪਾਠੀ ਕੇ ਰੂਪ, ਕਿ ਦਿਗੰਬਰ ਕੇ ਰੂਪ, ਕਿ ਖੱਤ੍ਰੀ ਕੇ ਰੂਪ, ਕੇ ਬੈਰਾਗੀ ਕੇ ਰੂਪ, ਕਿ ਸੰਨਿਆਸੀ ਕੇ ਰੂਪ, ਬ੍ਰਹਮਚਾਰੀ ਕੇ ਰੂਪ, ਕਿ ਕਲੰਦਰ ਕੇ, ਕਿ ਹਿੰਦੂ ਕੇ ਰੂਪ, ਕਿ ਮੁਸਲਮਾਨ ਕੇ ਰੂਪ! ਅਤੇ ਸਭੇ ਰੂਪ ਉਸ ਦੇ ਹੈਨ. ਇਉਂ ਤੂੰ ਨ ਜਾਣੀਐ ਤੇਰੇ ਤਾਂਈ ਕਿਤ ਰੂਪ ਦਰਸਨ ਦੇਵੈਗਾ. ਓਹ ਅਬਿਨਾਸੀ ਪੁਰਖ ਹੈ; ਤੂੰ ਸਮਝਤਾ ਰਹੀਐ.

ਤਬ ਓਹ ਸੰਤੀਆਂ ਉਹਾਂ ਤੇ ਜਹਾਜ ਭਰ ਕੈ ਚਲਿਆ. ਰਾਜੇ ਕਉ ਪਿੱਛੇ ਬਹੁਤ ਉਦਾਸੀ ਹੋ ਰਹੀ ਗੁਰੂ ਬਾਬੇ ਕੇ ਦਰਸਨ ਕੀ. ਸਦਾ ਸਦਾ ਚਿਤਵਨੀ ਕਰੈ, ਸੋਵਤੇ, ਬੈਠਤੇ, ਉਠਤੇ, ਅੱਠ ਪਹਿਰ ਗੁਰੂ ਬਾਬੇ ਦੀ ਰਾਹ ਵਿੱਚ ਰਹੈ; ਅਉਰ ਠਉਰ ਮਨ ਠਹਿਰਾਵੈ ਨਹੀਂ; ਨਿਤ ਪ੍ਰਤਿ ਬਾਬੇ ਹੀ ਕੀ ਰਾਹ ਵਿੱਚ ਰਹੈ. ਤਬ ਰਾਜੇ ਜੀਅ ਨਾਲ ਕੀਤਾ, ਜੋ ਕਾਈ ਗੱਲ ਪੁੱਛੈ ਬਾਬਾ ਨਾਨਕ ਲਖਿਆ ਜਾਵੈ. ਹੋਰਤ ਗੱਲੇ ਨਹੀ ਹੱਥ ਆਂਵਦਾ;

Digitized by Panjab Digital Library | www.panjabdigilib.org

ਇਤ ਗੱਲ ਹੱਥ ਆਵੈ, ਜੋ ਭਲੀਆਂ ਸਰੂਪੀਆਂ ਇਸਤ੍ਰੀਆਂ ਬੁਲਾਂਈਆਂ, ਉਨਾਂ ਕਉ ਰਾਜੇ ਕਹਿ ਛੱਡਿਆ, "ਜੋ ਕੋਈ ਚਹੁ ਵਰਨਾਂ ਵਿੱਚ ਫਕੀਰ ਉਦਾਸੀ ਆਵੈ, ਤਿਸ ਕੀ ਖੂਬ ਸੇਵਾ ਕਰਨੀ, ਅਰ ਉਸਕੋ ਮੋਹ ਲੈ ਜਾਣਾਂ." ਮਤਲਬ ਏਹ ਜੋ ਗੁਰੂ ਬਾਬਾ ਨਾਨਕ ਮੋਹਿਆ ਨ ਜਾਵੇਗਾ. ਅਬ ਰਾਜੇ ਭਲੀਆਂ ਸਰੂਪੀਆਂ ਚੇਰੀਆਂ ਪੈਦਾ ਕੀਤੀਆਂ; ਓਨ ਕਉ ਕਹਿਆ, "ਜੋ ਕੋਈ ਆਵੈ, ਤਿਸ ਕੀ ਸੇਵਾ ਕਰਹੁ. ਕੋਈ ਸੰਨਿਆਸੀ, ਬ੍ਰਹਮਚਾਰੀ ਜੋਗੀ ਦਿਗਬਰ, ਵੈਸ਼ਨੋ, ਹਿੰਦੂ, ਮੁਸਲਮਾਨ ਹੋਵੈ, ਫਕੀਰ ਦਰਵੇਸ ਹੋਵੈ, ਅਤੀਤ, ਬੈਰਾਗੀ ਹੋਵੈ, ਤਿਸ ਕੀ ਸੇਵਾ ਕਰਹ. ਐਸੀ ਸੇਵਾ ਕਰਹੁ ਜੋ ਉਸਕਾ ਧਰਮ ਛੁਟ ਜਾਇ." ਰਾਜੇ ਕੇ ਜੀਅ ਏਹ ਵਰਤੀ, ਜੋ ਕੋਈ ਪੂਰਾ ਹੋਇਗਾ, ਸੋ ਤਿਸਕਾ ਧਰਮ ਰਹੇਗਾ, ਅਰ ਜੋ ਕਲੀ ਕਾਲ ਕਾ ਹੋਇਗਾ, ਤਿਸਕਾ ਧਰਮ ਨ ਰਹੇਗਾ. ਕਲਿ ਮਹਿ ਪੂਰਾ ਬਾਬਾ ਨਾਨਕ ਹੈ ਅਵਰ ਕੋਈ ਨਾਂਹੀ. ਪਾਈਐ, ਤਾਂ ਇਸ ਹੀ ਬਾਤ ਪਾਈਐ; ਨਾਂਤਰ, ਹੋਰ ਬਾਤ ਨਹੀਂ ਪਾਂਵਣੇ ਕੀ. ਬਾਬਾ ਨਾਨਕ ਅੰਤਰਜਾਮੀ ਪੂਰਨ ਪੁਰਖ ਹੈ, ਰਾਜੇ ਕੇ ਅਰਾਧਨੇ ਕਰਕੇ ਆਵੇਗਾ. ਤਬ ਓਹ ਬਾਣੀਆਂ ਉਹੁ ਤੇ ਪੰਜਾਬ ਕੀ ਧਰਤੀ ਜਾਇ ਪਹੁਤਾ. ਬੋਲੋ ਵਾਹਗੁਰੂ!

## ਸਾਖੀ ਬਿਆਲੀਹਵੀਂ ਚੱਲੀ.

ਦੁਤੀਆ ਉਦਾਸੀ ਕੀਤੀ ਦੱਖਣ ਕੀ. ਅਹਾਰ ਤਲੀ ਰੇਤ ਕੀ ਕਰਹਿੰ. ਤਦਹੂੰ ਪੈਰੀਂ ਖੜਾਵਾਂ ਕਾਠ ਕੀਆਂ, ਹਥ ਆਸਾ, ਸਿਰ ਰੱਸੇ ਲਪੇਟੇ, ਮੱਥੇ ਟਿੱਕਾ ਬਿੰਦੀ. ਤਦਹੂੰ ਸੈਦੋ ਤੇ ਘੇਹੋ ਜੱਟ ਨਾਲ ਥੇ. ਤਦਹੂੰ ਬਾਬਾ ਧਨਾਸਰੀ ਦੇਸ ਜਾਇ ਨਿੱਕਲੇ. ਤਬ ਕੋਈ ਦਿਨ ਊਹਾਂ ਭੀ ਰਹੇ. ਤਬ ਰਾਤ ਕੇ ਸਮੇ ਸੈਦੋ ਤੇ ਘੇਹੋ ਦੋਵੇਂ ਸੇਵਾ ਕਰਨ ਪਹਿਰ ਰਾਤ ਰਹਿੰਦੀ, ਮਨ ਵਿੱਚ ਧਾਰਨ, ਤਉ ਗੁਰੂ ਉਤੈ ਬਾਂਉ ਪਾਈਐ. ਇਕ ਸਮੇ ਉਨਾਂ ਆਖਿਆ, "ਅਸੀ ਭੀ ਸੇਵਾ ਕਰਹਿੰ." ਤਦਹੂ ਇਕ ਰਾਤ ਦੇਖਨ, ਤਾਂ ਇੱਕ ਮਰਦ ਚਲਿਆ ਆਂਵਦਾ ਹੈ, ਹੱਥ ਮੱਛੀ ਹੈਸ. ਤਾਂ ਉਸ ਮਰਦ ਪੁੱਛਿਆ, "ਤੁਸੀਂ ਕੌਣ ਹੋ? ਕਿੱਥੈ ਜਾਵਹੁਗੇ?" ਤਉ ਸੈਦੋ ਤੇ ਘੇਹੋ ਬੋਲਿਆ, ਜੋ "ਅਸੀਂ ਗੁਰੂ ਨਾਨਕ ਕੇ ਸਾਥ ਹੈ." ਤਬ ਉਸ ਮਰਦ ਪੁੱਛਿਆ, "ਤੁਸੀਂ ਕਹਾਂ ਚਲੇ ਹੋ?" ਤਬ ਸੈਦੋ ਬੋਲਿਆ, "ਅਸੀਂ ਨਿਤਾ ਪ੍ਰਤਿ ਪਹਿਰ ਰਾਤ ਰਹਿੰਦੀ ਖ੍ਵਾਜੇ ਦੀ ਸੇਵਾ ਕਰਨ ਜਾਂਦੇ ਹੈਂ, ਜੋ ਅਸਾਡੇ ਗੁਰੂ ਖ੍ਵਾਜੇ

Digitized by Panjab Digital Library | www.panjabdigilib.org

ਗੀਤੇ ਪਾਇਆ ਹੈ, ਅਸੀਂ ਭੀ ਖ੍ਵਾਜੇ ਹੀ ਪਾਸ ਜਾਂਦੇ
ਹਾਂ." ਤਬ ਸੈਦੇ ਪੁੱਛਿਆ, "ਤੁਸੀਂ ਕਉਣ ਹੋ? ਕਿੱਥੇ ਜ
ਵਾਹੁਗੇ?" ਤਬ ਓਹ ਮਰਦ ਬੋਲਿਆ, ਜੋ "ਮੈਂ ਖ੍ਵਾ
ਜਾ ਹਾਂ, ਗੁਰੂ ਪਾਸ ਜਾਂਦਾ ਹਾਂ ਨਿਤ ਪ੍ਰਤਿ; ਇਤ ਸਮੇਂ ਜਾਂ
ਦਾ ਹਾਂ ਸੇਵਾ ਕਰਣ. ਅੱਜ ਮੱਛੀ ਭੇਟ ਲੈ ਚੱਲਿਆ
ਹਾਂ." ਤਬ ਸੈਦੋ ਤੇ ਘੇਹੋ ਆਇ ਪੈਰੀਂ ਪਏ, ਆ
ਖਿਓਨ, "ਜੀ, ਅਸੀਂ ਆਖਦੇ ਹਾਂ, ਜੋ ਗੁਰੂ ਅਸਾਂ
ਤੇ ਪਾਈ ਹੈ, ਅਤੇ ਤੁਸੀਂ ਆਖਦੇ ਹੋ ਜੋ ਅਸੀਂ
ਨਿਤਾਪ੍ਰਤਿ ਸੇਵਾ ਕਰਨ ਜਾਂਦੇ ਹਾਂ." ਤਾਂ ਉਹੁ ਖ੍ਵਾ
ਜੇ ਖਿਦਰ ਆਖਿਆ, "ਸਾਹਿਬ ਕੇ ਲੋਕੋ, ਮੈਂ ਪਾਂ
ਣੀ ਹਾਂ, ਅਤੇ ਓਹੁ ਪਉਣ ਹੈ, ਗੁਰੂ ਹੈ; ਮੈਂ ਕਈ
ਵਾਰ ਉਸ ਮਾਹਿ ਸਮਾਇਆ ਹਾਂ." ਤਬ ਸੈਦੋ ਅਤੇ
ਘੇਹੋ ਦੋਵੈਂ ਆਇ ਪੈਰੀਂ ਪਏ. ਤਬ ਗੁਰੂ ਪੁੱਛਿਆ,
"ਅੱਜ ਤੁਸੀਂ ਇਤ ਵਖਤ ਕਿਉਂ ਆਏ? ਅੱਗੇ ਦਿਨ
ਚੜ੍ਹੇ ਆਂਵਦੇ." ਤਬ ਸੈਦੋ ਅਤੇ ਘੇਹੋ ਬੇਨਤੀ ਕੀ
ਤੀ, ਆਖ ਸੁਣਾਈ ਖ੍ਵਾਜੇ ਮਿਲਣੇ ਕੀ ਬਾਤ.
ਤਬ ਗੁਰੂ ਬੋਲਿਆ ਸਲੋਕ :—

ਅੱਠੀ ਪਹਿਰੀਂ ਅੱਠ ਖੰਡ, ਨਾਵਾਂ ਖੰਡ ਸਰੀਰ;

ਤਿਸ ਵਿਚ ਨਾਮ ਨਿਧਾਨ ਇਕ, ਭਾਲਹਿ ਗੁਣੀ ਗਹੀਰ.
ਕਰਮਵ੍ਰਿਤੀ ਸਾਲਾਹਿਆ, ਨਾਨਕ, ਕਰ ਗੁਰੂ ਪੀਰ.
ਚਊਥੈ ਪਹਿਰ ਸੁਬਾਹ ਕੇ ਸੁਰਤਿਆਂ ਉਪਜੇ ਚਾਉ,
ਤਿਨਾਂ ਦਰੀਆਵਾਂ ਸਿਉ ਦੋਸਤੀ, ਮਨਮੁਖ ਸਾਚਾ ਨਾਉ,
ਓਥੈ ਅੰਮ੍ਰਿਤ ਵੰਡੀਐ, ਕਰਮੀ ਹੋਇ ਪਸਾਉ,
ਕੰਚਨ ਕਾਂਇਆ ਕਸੀਐ ਵੰਨੀ ਚੜ੍ਹੈ ਚੜ੍ਹਾਉ,
ਜੇ ਹੋਵੈ ਨਦਰ ਸਰਾਫ ਕੀ ਬਹੁੜ ਨ ਪਾਈਐ ਤਾਉ.
ਸੱਤੀਂ ਪਹਿਰੀਂ ਸਤ ਭਲਾ ਬਹੀਐ ਪੜ੍ਹਿਆਂ ਪਾਸ,
ਓਥੈ ਪਾਪ ਪੁੰਨ ਬੀਚਾਰੀਐ, ਕੂੜੈ ਘਟੈ ਰਾਸ.
ਓਥੈ ਖੋਟੇ ਸੁੱਟੀਅਹਿੰ, ਖਰੇ ਕੀਚੈ ਸਾਬਾਸ.
ਬੋਲਣ ਫਾਦਲ, ਨਾਨਕਾ, ਦੁਖ ਸੁਖ ਖਸਮੈ ਪਾਸ.

## ਸਲੋਕ :—

ਪਉਣ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹੱਤ,
ਦਿਵਸੁ ਰਾਤ ਦੁਇ ਦਾਈ ਦਾਇਆ, ਖੇਲੈ ਸਗਲ ਜਗੱਤ.
ਚੰਗਿਆਈਆਂ ਬੁਰਿਆਈਆਂ ਵਾਚੈ ਧਰਮ ਹਦੂਰ.
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰ.
ਜਿਨੀ ਨਾਮ ਧਿਆਇਆ ਗਏ ਮਸਕੱਤ ਘਾਲ
ਨਾਨਕ, ਤੇ ਮੁਖ ਉਜਲੇ, ਕੇਤੀ ਛੁੱਟੀ ਨਾਲ.

ਤਬ ਧਨਾਸਰੀ ਦੇਸ ਕੋਈ ਦਿਨ ਰਹੇ. ਓਥੈ ਬਹੁਤ ਨਾਂਉ ਧਰੀਕ ਸਿੱਖ ਹੋਏ, ਗੁਰੂ ਗੁਰੂ ਲੱਗੇ ਜੱਪਣ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਤ੍ਰਿਤਾਲੀਹਵੀਂ ਚੱਲੀ.

ਤਦਹੁੰ ਇੱਕ ਸਰੇਵੜੇ ਕਾ ਮਟ ਥਾ. ਉਸ ਕੀ ਪੂਜਾ ਲੋਕ ਬਹੁਤ ਕਰੈਂ. ਤਬ ਉਸ ਸੁਣਿਆ, ਜੋ ਗੁਰੂ ਨਾਨਕ ਆਇਆ ਹੈ. ਤਦ ਉਹ ਆਪਣੇ ਸਿੱਖ ਮਿਲ ਕਰ ਲੈ ਆਇਆ, ਆਇ ਕਰ ਦਰ ਕੈ ਬਾਹਰ ਬੈਠਾ. ਗੁਰੂ ਜੋਗ ਆਖ ਭੇਜਿਓਸ, ਜੋ "ਬਾਹਰ ਆਉ." ਤਬ ਬਾਬਾ ਬਾਹਰ ਆਇ ਬੈਠਾ. ਤਦਹੁੰ ਨਾਰਭੀ ਸਰੇਵੜੇ ਪੁੱਛਿਆ ਗੁਰੂ ਬਾਬੇ ਜੋਗ, ਜੋ "ਤਉ ਅੰਨ ਨਵਾਂ ਪੁਰਾਣਾ ਖਾਵਤਾ ਹੈਂ, ਅਤੇ ਪਾਣੀ ਠੰਢਾ ਪੀਵਤਾ ਹੈਂ, ਬਨ ਫੂਣ ਫੂਣ ਖਾਵਤਾ ਹੈਂ, ਅਤੇ ਗੁਰੂ ਕਹਾਵਤਾ ਹੈਂ, ਸੋ ਤੈਂ ਕਿਆ ਗੁਰਾਣਾ ਪਾਇਆ ਹੈ, ਜੋ ਨਿਤਾਪ੍ਰਤਿ ਜੀਆਂ ਮਾਰਤਾ ਹੈਂ?" ਤਬ ਗੁਰੂ ਬੋਲਿਆ ਪਉੜੀ :—

ਸਤਗੁਰ ਹੋਇ ਦਿਆਲ, ਤ ਸਰਧਾ ਪੂਰੀਐ.
ਸਤਗੁਰ ਹੋਇ ਦਿਆਲ, ਤ ਕਬਹੁ ਨ ਝੂਰੀਐ.
ਸਤਗੁਰ ਹੋਇ ਦਿਆਲ, ਤ ਦੁਖ ਨ ਜਾਣੀਐ.
ਸਤਗੁਰ ਹੋਇ ਦਿਆਲ, ਤ ਹਰਿ ਰੰਗ ਮਾਣੀਐ.
ਸਤਗੁਰ ਹੋਇ ਦਿਆਲ, ਤ ਜਮ ਕਾ ਡਰੁ ਕੇਹਾ?

Digitized by Panjab Digital Library | www.panjabdigilib.org

ਸਤਗੁਰ ਹੋਇ ਦਿਆਲ, ਤ ਸਦ ਹੀ ਸੁਖ ਦੇਹਾ.
ਸਤਗੁਰ ਹੋਇ ਦਿਆਲ, ਤ ਨਉ ਨਿਧਿ ਪਾਈਐ.
ਸਤਗੁਰ ਹੋਇ ਦਿਆਲ, ਤ ਸੱਚ ਸਮਾਈਐ.

ਸਲੋਕ :—

ਸਿਰ ਖੋਹਾਇ, ਪੀਵਹਿ ਮਲਵਾਣੀ, ਜੂਠ ਮੰਗ ਮੰਗ ਖਾਹੀ.
ਫੋਲ ਫਦੀਹਤ ਮੁਹਿ ਲੈਨ ਭੜਾਸਾਂ, ਪਾਣੀ ਦੇਖ ਸਗਾਹੀ.
ਭੇਡਾਂ ਵਾਗੂੰ ਸਿਰ ਖੁਹਾਇਨ, ਭਰੀਅਹਿ ਹੱਥ ਸੁਆਹੀ.
ਮਾਊ ਪੀਊ ਕਿਰਤ ਗਵਾਇਨ, ਟੱਬਰ ਰੋਵਨ ਧਾਹੀ.
ਓਨਾਂ ਪਿੰਡ ਨ ਪੱਤਲ ਕਿਰਿਆ ਨ ਦੀਵਾ ਮੂਏ ਕਿਥਾਊ ਪਾਹੀ.
ਅਠਸਠ ਤੀਰਥ ਦੇਨ ਨ ਢੋਈ, ਬ੍ਰਹਮਣ ਅੰਨ ਨ ਖਾਹੀ.
ਸਦਾ ਕੁਚੀਲ ਰਹਹਿ ਦਿਨ ਰਾਤੀ ਮੱਥੇ ਟਿੱਕੇ ਨਾਹੀ.
ਝੁੰਡੀ ਪਾਇ ਬਹਿਨ ਨਿਤ ਮਰਣੈ, ਦੜ ਦੀਬਾਣ ਨ ਜਾਹੀ.
ਹੱਥੀਂ ਕਾਸੇ, ਲੱਕੀਂ ਫੁਮਣ, ਅੱਗੋ ਪਿੱਛੀ ਜਾਹੀਂ.
ਨਾ ਉਹ ਜੋਗੀ ਨਾ ਉਹ ਜੰਗਮ, ਨਾ ਉਹ ਕਾਜੀ ਮੁੱਲਾਂ.
ਦਈ ਵਿਗੋਏ ਫਿਰਹਿ ਵਿਗੁਤੇ, ਫਿੱਟਾ ਵੱਤੇ ਗੱਲਾਂ.
ਜੀਆਂ ਮਾਰ ਜਿਵਾਲੇ ਸੋਈ, ਅਵਰ ਨ ਕੋਈ ਰੱਖੈ.
ਦਾਨਹੁ ਤੇ ਇਸਨਾਨਹੁ ਵੰਞੇ, ਭੁੱਸ ਪਈ ਸਿਰ ਖੁੱਥੈ.
ਪਾਣੀ ਵਿਚਹੁ ਰਤਨ ਉਪੰਨੇ ਮੇਰ ਕੀਆ ਮਾਧਾਣੀ.
ਅਠਸਠ ਤੀਰਥ ਦੇਵੀਂ ਥਾਪੇ, ਪੁਰਬੀ ਲੱਗੇ ਬਾਣੀ.
ਨਾਇ ਨਿਵਾਜਾਂ, ਨਾਤੇ ਪੂਜਾ, ਨਾਵਨ ਸਦਾ ਸੁਜਾਣੀ.
ਮੋਇਆਂ ਜੀਂਦਿਆਂ ਗਤਿ ਹੋਵੈ, ਜਾਂ ਸਿਰ ਪਾਈਐ ਪਾਣੀ.
ਨਾਨਕ, ਸਿਰ ਖੁੱਥੇ ਸੈਤਾਨੀ, ਏਨਾਂ ਗੱਲ ਨ ਭਾਣੀ.
ਵੁੱਠੇ ਹੋਇਐ ਹੋਇ ਬਿਲਾਵਲ, ਜੀਆਂ ਜੁਗਤ ਸਮਾਣੀ.
ਵੁੱਠੈ ਅੰਨ ਕਮਾਦ ਕਪਾਹਾਂ ਸਭਸੈ ਪੜਦਾ ਹੋਵੈ.

Digitized by Panjab Digital Library | www.panjabdigilib.org

ਵੂੰਠੇ ਧਾਹ ਚਰਹਿ ਨਿਤ ਸੁਰਹੀ, ਸਾਧਨ ਦਹੀਂ ਬਿਲੋਵੈ,
ਤਿਤ ਘਿਅ ਹੋਮ ਜੱਗ ਸਦ ਪੂਜਾ, ਪਾਇਐ ਕਾਰਜ ਸੋਹੈ.
ਗੁਰੂ ਸਮੁੰਦ ਨਦੀਆਂ ਸਭ ਸਿੱਖੀ, ਨਾਤੇ ਜਿਸ ਵਡਿਆਈ.
ਨਾਨਕ, ਜੇ ਸਿਰ ਖੁੱਥੇ ਨਾਵਨ ਨਾਹੀ, ਤਾਂ ਸੱਤ ਚੱਟੇ ਸਿਰ ਛਾਈ.
ਅੱਗੀ ਪਾਲਾ ਕਿ ਕਰੇ? ਸੂਰਜ ਕੇਹੀ ਰਾਤ?
ਚੰਦ ਅਨੇਰਾ ਕਿ ਕਰੇ? ਪਉਣ ਪਾਣੀ ਕਿਆ ਜਾਤਿ?
ਧਰਤੀ ਚੀਜੀ ਕਿ ਕਰੇ? ਜਿਸ ਵਿਚ ਸਭ ਕਿਛੁ ਹੋਇ?
ਨਾਨਕ, ਤੇ ਪਤਿ ਜਾਣੀਐ, ਜਾਂ ਪਤਿ ਰਾਖੈ ਸੋਇ.

ਜਬ ਬਾਬੇ ਏਹੁ ਸਲੋਕ ਆਖਿਆ, ਤਾਂ ਆਇਕੈ ਸਰੇਵੜਾ ਪੈਰੀਂ ਪਾਇਆ; ਨਾਂਉ ਧਰੀਕ ਸਿੱਖ ਹੋਇ-ਆ; ਲੱਗਾ ਗੁਰੂ ਗੁਰੂ ਜਪਣ. ਤਿਤ ਮਹਿਲ ਬਿਸ-ਮਾਦ ਵਿੱਚ ਧਨਾਸਰੀ ਦੇਸ ਵਿੱਚ ਵਾਰ ਮਾਝ ਕੀ ਹੋਈ ਸਪੂਰਨ; ਤਦੋਂ ਸੈਦੋ ਅਤੇ ਘੇਹੋ ਲਿਖੀ, ਪੂਰਣ ਪੜੀ. ਧਨਾਸਰੀ ਦੇਸ ਬਹੁਤ ਨਾਂਉ ਧਰੀਕ ਸਿੱਖ ਹੋਏ. ਇੱਕ ਮੰਜੀ ਊਹਾਂ ਭੀ ਹੈ. ਤਦਹੁ ਬਾਬਾ ਉੱਥਹੁ ਰਉਦੇ ਰਹੇ. ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

# ਸਾਖੀ ਚੌਤਾਲੀਹਵੀਂ ਚੱਲੀ.

ਸਮੁੰਦ੍ ਦੀ ਬਰੇਤੀ ਦੇ ਅੱਧ ਵਿੱਚ ਇੱਕ ਵਲਾਇਤ ਹੈ, ਉੂਹਾਂ ਇੱਕ ਰਾਕਸ ਥਾ; ਉਹ ਰਾਕਸ ਆਦਮੀ ਭੁਖਤਾ ਥਾ. ਧਨਾਸਰੀ ਦੇਸ ਤੇ ਚਲੇ ਉਥੇ ਜਾਇ ਪ੍ਰਗਟ ਹੋਏ; ਨਾਲ ਸੈਦੋ ਅਤੇ ਘੇਹੋ ਅਤੇ ਸੀਹੋਂ ਜੱਟ ਥੇ. ਤਬ ਦੇਖ ਕਰ ਰਾਕਸ ਆਇ ਗਇਆ. ਦੇਖਕਰ ਕੜਾਹਾ ਤਪਾਇਆ. ਤਦਹੁੰ ਬਾਬੇ ਜੋਗ ਪਕੜ ਲੈ ਗਇਆ. ਤਬ ਸੈਦੋ ਅਤੇ ਘੇਹੋ ਅਤੇ ਸੀਹੋਂ ਅਤੇ ਮਰਦਾਨਾ ਲੱਗੇ ਬੈਰਾਗ ਕਰਣ, ਆਖਿਓਨ, "ਅਸਾਡੇ ਜੀਅ ਭੀ ਕੜਾਹੇ ਵਿਣਾਹੇ." ਤਬ ਬਾਬਾ ਤਪਦੇ ਕੜਾਹੇ ਵਿੱਚ ਜਾ ਬੈਠਾ, ਤਦਹੁੰ ਬਿਸਮਾਦ ਦੇ ਘਰ ਆਇਆ. ਤਿਤੁ ਮਹਲ ਸਬਦ ਹੋਆ ਰਾਗ ਮਾਰੂ ਵਿੱਚ ਮਹੱਲਾ ੫ :—

ਫੂਟੋ ਆਂਡਾ ਭਰਮ ਕਾ, ਮਨਹਿ ਭਇਓ ਪਰਗਾਸ.
ਕਾਟੀ ਬੇੜੀ ਪਗਹੁ ਤੇ, ਗੁਰ ਕੀਨੀ ਬੰਦਿ ਖਲਾਸ.
ਬਾਬਾ, ਮੇਰਾ ਆਵਣ ਜਾਣ ਰਹਿਓ.
ਤਪਤ ਕੜਾਹਾ ਬੁਝ ਗਇਓ, ਗੁਰ ਸੀਤਲ ਨਾਮ ਦੀਓ.
ਜਬ ਤੇ ਸਾਧੂ ਸੰਗ ਭਏ, ਤਉ ਛੋਡ ਗਏ ਨਿਗਹਾਰ.

Digitized by Panjab Digital Library | www.panjabdigilib.org

ਜਿਸਕੀ ਅਟਕ ਤਿਸੇ ਤੇ ਛੁਟਕੀ, ਅਬ ਕਹਾਂ ਕਰੈ ਕੋਟਵਾਰ?
ਚੂਕਾ ਭਾਰਾ ਕਰਮ ਕਾ, ਹੋਏ ਨਿਹਕਰਮਾਂ.
ਸਾਗਰ ਤੇ ਕੰਢੈ ਚੜ੍ਹੇ, ਗੁਰ ਕੀਨੇ ਧਰਮਾ
ਸੱਚ ਥਾਨ, ਸਚ ਬੈਸਕ, ਸਚ ਸੁਆਉ ਬਨਾਇਆ.
ਸੱਚ ਪੂੰਜੀ, ਸੱਚੁ ਵੱਖਰੋ, ਨਾਨਕ, ਘਰ ਪਾਇਆ.

ਤਬ ਰਾਕਸ ਕੀ ਭੁੱਖ ਬਿਲਾਇ ਗਈ. ਕੜਾਹ ਤਪੇ ਨਾਂਹੀ, ਸੀਤਲ ਹੋਇ ਗਇਆ. ਤਬ ਆਇ ਪੈਰੀਂ ਪਾਇਆ, ਆਖਿਓਸੁ, "ਜੀ, ਮੇਰੀ ਮੁਕਤਿ ਕਰ." ਤਬ ਸੀਹੇਂ ਪਾਹੁਲ ਦਿੱਤੀ. ਨਾਂਉ ਧਰੀਕ ਸਿਖ ਹੋਇਆ, ਮੁਕਤਿ ਕਉ ਚਲਿਆ; ਮੁਕਤਿ ਭਇਆ. ਤਦਹੁ ਬਾਬਾ ਉੱਥਹੁ ਰਉਦਾ ਰਹਿਆ. ਬੋਲੋ ਵਾਹ ਗੁਰੂ!

# ਸਾਖੀ ਪੇਤਾਲੀਹਵੀਂ ਚੱਲੀ.

ਤਬ ਸਮੁੰਦ੍ਰ ਕੀ ਬਰੇਤੀ ਵਿੱਚ ਮਖਤੂਮ ਬਹਾਵੁਦੀਂ ਪਾਇਆ ਖੇਡਦਾ ਥਾ. ਤਾਂ ਗੁਰੂ ਜਾਇ ਪ੍ਰਗਟਿਆ. ਤਬ ਮਖਤੂਮ ਬਹਾਵੁਦੀਂ ਦੇਖ ਕਰ ਸਲਾਮ ਪਾਇਆ, ਆਖਿਓਸ, "ਸਲਾਮ ਅਲੇਕ, ਦਰਵੇਸ!" ਤਦਹੂੰ ਬਾਬੇ ਜਬਾਬ ਦਿੱਤਾ, ਆਖਿਓਸ, "ਅਲੇਕਮ ਸਲਾਮੁ, ਮਖਤੂਮ ਬਹਾਵੁਦੀ ਕੁਰੇਸੀ!" ਤਬ ਦਸਤਪੋਸੀ ਲੇ ਕਰ ਬੈਠ ਗਇਆ. ਤਦਹੂੰ ਮਖਤੂਮ ਬਹਾਵੁਦੀਂ ਆਖਿਆ, "ਨਾਨਕ ਦਰਵੇਸ, ਚਲ ਸਮੁੰਦ੍ਰ ਕਾ ਸੈਲ ਕਰ ਆਵਾਂਹਾਂ." ਤਬ ਬਾਬੇ ਆਖਿਆ, "ਮਖਤੂਮ ਬਹਾਵੁਦੀ, ਕਦੇ ਸੈਲ ਕਰਦੇ ਕੁਛ ਨਦਰ ਭੀ ਆਇਓ?" ਤਬ ਮਖਤੂਮ ਬਹਾਵੁਦੀਂ ਆਖਿਆ, "ਨਾਨਕ ਜੀ, ਇਕ ਦਿਨ ਇੱਕ ਮੁਨਾਰਾ ਨਦਰੀ ਆਇਆ ਥਾ." ਤਬ ਬਾਬੇ ਆਖਿਆ, "ਜਾਹਿ, ਉਸ ਦੀ ਖਬਰ ਲੇ ਆਉ." ਤਦਹੁ ਮਖਤੂਮ ਬਹਾਵੁਦੀਂ ਆਖਿਆ, "ਬਚਨ ਹੋਵੈ, ਤਾਂ ਜਾਵਾਂ." ਤਦਹੂੰ ਮਖਤੂਮ ਬਹਾਵੁਦੀਂ ਮੁਸੱਲਾ ਸਮੁੰਦ੍ਰ ਵਿੱਚ ਪਾਇਆ. ਖੇਡ-

Digitized by Panjab Digital Library | www.panjabdigilib.org

ਦਾ ਖੇਤ੍ਰਦਾ ਦੇਖੈ, ਤਾਂ ਇੱਕ ਮੁਨਾਰਾ ਹੈ. ਤਬ ਮਖਤੂਮ ਬਹਾਵੁਦੀਂ ਓਥੈ ਗਇਆ; ਅੱਗੇ ਦੇਖੈ, ਤਾਂ ਬੀਸ ਮਰਦ ਬੈਠੇ ਹੈਨ. ਓਥੈ ਜਾਇ ਸਲਾਮ ਪਾਇਓਸੁ, ਦਸਤਪੰਜਾ ਲੇਕਰ ਬੈਠ ਗਇਆ. ਜਬ ਰਾਤ ਪਈ, ਤਬ ਇਕੀਸ ਭਾਂਡੇ ਖਾਣੇ ਕੇ ਉਤਰੇ; ਤਬ ਖਾਣਾ ਫਕੀਰਾਂ ਖਾਧਾ. ਚਾਰੇ ਪਹਿਰ ਬੰਦਗੀ ਖੁਦਾਇ ਦੀ ਕਰਦੇ ਰਹੇ. ਤਬ ਦਿਨ ਚੜ੍ਹਿਆ, ਤਬ ਬੀਸੇ ਮਰਦ ਚਲਦੇ ਰਹੇ. ਤਬ ਮਖਤੂਮ ਬਹਾਵੁਦੀਂ ਓਹ ਦਿਨ ਭੀ ਓਥੈ ਹੀ ਰਹਿਆ. ਤਬ ਪਹਿਰ ਦਿਨ ਚੜ੍ਹਿਆ, ਫਿਰ ਇੱਕ ਬੋਹਿਥਾ ਆਇ ਨਿਕਲਿਆ; ਫਿਰ ਓਹ ਲੱਗਾ ਡੁੱਬਣ. ਤਬ ਮਖਤੂਮ ਬਹਾਵੁਦੀਂ ਖੁਦਾਇ ਅੱਗੇ ਹੱਥ ਜੋੜੇ, ਜੋ ਏਹ ਬੇੜਾ ਡੁਬੈ ਨਾਂਹੀ. ਤਬ ਓਹ ਬੋਹਿਥਾ ਡੁੱਬਣ ਤੇ ਰਹਿਆ. ਜਬ ਰਾਤ ਪਈ, ਤਬ ਓਹ ਮਰਦ ਫੇਰ ਆਏ; ਆਇ ਇਕੱਠੇ ਰਾਤ ਰਹੇ. ਤਬ ਅਗਸਤੇ ਖਾਣਾ ਉਤਰੇ ਨਾਂਹੀ. ਰਾਤੀਂ ਫਕੀਰ ਖੁਦਾ ਦਾ ਜਿਕਰ ਕਰਦੇ ਰਹੇ. ਜਬ ਸੁਬਾਹ ਹੋਈ, ਤਬ ਓਹ ਮਰਦ ਫਿਰ ਚਲਦੇ ਰਹੇ. ਤਬ ਮਖਤੂਮ ਬਹਾਵੁਦੀਂ ਓਹ ਦਿਨ ਭੀ ਓਥੈ ਰਹਿਆ, ਜਬ ਦੂਜਾ ਦਿਨ ਹੋਇਆ,

ਤਬ ਓਹ ਮੁਨਾਰਾ ਲੱਗਾ ਫਹਿਣ; ਤਬ ਮਖਤੂਮ ਬਹਾਵਦੀਂ ਭੀ ਹੱਥ ਜੋੜੇ, ਆਖਿਓਸੁ, ਜੋ "ਮੈਂ ਬੈਠਿਆਂ, ਮੁਨਾਰਾ ਢਹੈ ਨਹੀਂ." ਤਬ ਮੁਨਾਰਾ ਢਹਿਣੇ ਤੇ ਰਹਿ ਗਇਆ. ਜਬ ਰਾਤ ਪਈ, ਤਾਂ ਭੀ ਮਰਦ ਓਹੀ ਆਏ, ਰਾਤ ਇਕੱਠੇ ਮਿਲ ਰਹੇ. ਜਬ ਰਾਤ ਪਈ, ਤਬ ਫੇਰ ਖਾਣਾਂ ਸਭਨਾਂ ਕਾ ਅਰਸ ਤੇ ਉਤਰੇ ਨਾਂਹੀ. ਤਬ ਓਨਾਂ ਮਰਦਾਂ ਆਖਿਆ, ਜੋ "ਕਿਸ ਬਦਬਖਤ ਖੁਦਾਇ ਕੈ ਕੀਤੇ ਵਿੱਚ ਫੇਰ ਪਾਇਆ ਹੈ?" ਤਬ ਆਪ ਵਿੱਚ ਲੱਗੇ ਵੀਚਾਰ ਕਰਨ ਪੁੱਛਣ. ਤਬ ਮਖਤੂਮ ਬਹਾਵਦੀਂ ਆਖਿਆ, ਜੋ "ਮੈਂ ਬੇਹਿਥਾ ਅਤੇ ਮੁਨਾਰਾ ਰੱਖਿਆ ਹੈ." ਤਬ ਉਨਾਂ ਮਰਦਾਂ ਪੁੱਛਿਆ, "ਦਰਵੇਸ, ਤੇਰਾ ਨਾਂਉ ਕਿਆ ਹੈ?" ਕਹੇ, "ਜੀ, ਮੇਰਾ ਨਾਉ ਮਖਤੂਮ ਬਹਾਵਦੀਂ ਪੀਰ ਹੈ." ਤਬ ਮਰਦਾਂ ਆਖਿਆ, "ਏ ਦਰਵੇਸ, ਇੱਥੈ ਪੀਰ ਪਾਤਸਾਹਾਂ ਦੀ ਠਉਰੁ ਨਾਂਹੀ, ਪੀਰ ਪਾਤਸਾਹ ਦੁਨੀਆਂ ਦੇ ਵਿੱਚ ਸੋਂਹਦੇ ਹੈਨ; ਅਤੇ ਖੁਦਾਇ ਦਾ ਰਾਹ ਨੀਵਾਂ ਹੈ, ਅਤੇ ਪੀਰਾਂ ਪਾਤਸਾਹਾਂ ਕਾ ਸਿਰ ਊਚਾ ਹੈ." ਤਬ ਮਖਤੂਮ ਬਹਾਵਦੀਂ

Digitized by Panjab Digital Library | www.panjabdigilib.org

ਸਲਾਮ ਅਲੇਕ ਕਰਕੇ ਮੁਸੱਲਾ ਚਲਾਇਆ, ਜਾਂਦਾ ਰਹਿਆ. ਆਣ ਮੁਸੱਲਾ ਸਮੁੰਦ੍ਰ ਵਿੱਚ ਪਾਇਆ, ਮੁਸੱਲੇ ਉਪਰ ਚੜ੍ਹ ਬੈਠ; ਪਰ ਮੁਸੱਲਾ ਚਲੇ ਨਾਂਹੀ. ਚਾਰ ਪਹਿਰ ਦਰੀਆਉ ਵਿੱਚ ਰਹਿਆ. ਜਾਂ ਦਿਨ ਲੱਗਾ ਲਹਿਣ, ਤਾ ਉਹ ਮਰਦ ਆਏ. ਜਬ ਦੇਖਨ, ਤਾਂ ਸਮੁੰਦ੍ਰ ਵਿੱਚ ਬੈਠਾ ਹੈ. ਤਦਹੁ ਓਨਾਂ ਮਰਦਾਂ ਪੁੱਛਿਆ, ਜੋ "ਏ ਦਰਵੇਸ਼, ਤੂ ਕਿਉ ਬੈਠਾ ਹੈਂ?" ਤਬ ਮਖਤੂਮ ਬਹਾਵੁਦੀ ਆਖਿਆ, ਜੋ "ਮੇਰਾ ਮੁਸੱਲਾ ਨਹੀਂ ਚਲਦਾ." ਤਬ ਓਨਾਂ ਸਿੱਖਾਂ ਆਖਿਆ, ਜੋ "ਸਤਗੁਰ ਨਾਨਕ ਨੂੰ ਆਰਾਧ, ਜੋ ਮੁਸੱਲਾ ਚੱਲੇ." ਤਬ ਮਖਤੂਮ ਬਹਾਵੁਦੀ ਸਤਗੁਰ ਨਾਨਕ ਨੂੰ ਅਰਾਧਿਆ; ਤਬ ਮਖਤੂਮ ਬਹਾਵੁਦੀਕਾ ਮੁਸੱਲਾ ਚੱਲਿਆ. ਤਬ ਬਾਬੇ ਪਾਸ ਆਇਆ, ਸਲਾਮ ਕਰਕੇ ਬੈਠ ਗਇਆ. ਤਬ ਬਾਬੇ ਪੁੱਛਿਆ, "ਕਿਆ ਤੱਠੋ?" ਮਖਤੂਮ ਬਹਾਵੁਦੀ ਆਖਿਆ, "ਜੀ, ਤੂ ਸਭ ਕਿਛ ਜਾਂਣਦਾ ਹੈ, ਤੇਰਿਆਂ ਦਾਸਾਂ ਕਾ ਸਦਕਾ ਤੇਰੇ ਤਾਂਈ ਪਹੁੰਚਿਆ ਹਾਂ." ਤਬ ਬਾਬਾ ਬੋਲਿਆ

ਸਲੋਕ :—

ਲੱਖ ਉਲਾਂਮੇ ਦਿਵਸ ਕੇ, ਰਾਤੀਂ ਮਿਲਹਿ ਸਹੰਸ.

ਸਿਫਤ ਸਲਾਹਨ ਛੱਡ ਕੈ ਕਰੰਗੀ ਲੱਗਾ ਹੰਸ.

ਤਦੋਂ ਮਖਤੂਮ ਬਹਾਊਦੀ ਪੈਰ ਚੂਮੇ. ਤਿਤ ਮਹਲ ਸਬਦ ਹੋਇਆ ਰਾਗ ਸਿਰੀ ਰਾਗ ਵਿਚ

ਮਹਲਾ੧ ਘਰ ੨ :——

ਮੁਕਾਮ ਕਰ, ਘਰ ਬੈਸਣਾ, ਨਿੱਤ ਚਲਣੈ ਕੀ ਧੋਖ.
ਮੁਕਾਮ ਤਾਂ ਪਰ ਜਾਣੀਐ, ਜਾਂ ਰਹੈ ਨਿਹਚਲ ਲੋਕ.
ਦੁਨੀਆਂ ਕੈਸ ਮੁਕਾਮੇ?
ਕਰ ਸਿਦਕ ਕਰਣੀ ਖਰਚ ਬਾਂਧਹੁ, ਲਾਗ ਰਹੁ ਨਾਮੇ.
ਜੋਗੀ ਤ ਆਸਣ ਕਰ ਬਹੈ, ਮੁਲਾਂ ਬਹੈ ਮੁਕਾਮ.
ਪੰਡਤ ਵਖਾਣਹਿ ਪੋਥੀਆਂ, ਸਿੱਧ ਬਹੈਂ ਦੇਵ ਸਥਾਨ.
ਸੁਰ, ਸਿੱਧ, ਗਣ, ਗੰਧਰਬ, ਮੁਨਿ, ਜਨ, ਸੇਖ, ਪੀਰ, ਸਲਾਰ,
ਦਰ ਕੂਚ ਕੂਚਾ ਕਰ ਗਏ, ਅਵਰੇ ਭਿ ਚੱਲਣਹਾਰ
ਸੁਲਤਾਨ, ਖਾਨ, ਮਲੂਕ, ਉਮਰੇ ਗਏ ਕਰ ਕਰ ਕੂਚ.
ਘੜੀ ਮੁਹਤ ਕਿ ਚੱਲਣਾ, ਦਿਲ ਸਮਝ ਤੂੰ ਭਿ ਪਹੂਚ.
ਸਬਦਾਹ ਮਾਂਹਿ ਵਖਾਣੀਐ, ਵਿਰਲਾ ਤ ਬੂਝੈ ਕੋਇ.
ਨਾਨਕ ਵਖਾਣੈ ਬੇਨਤੀ, ਜਲ, ਥਲ, ਮਹੀ ਅਲ ਸੋਇ.
ਅਲਹੁ ਅਲਖ ਅਗੰਮ ਕਾਦਰ ਕਰਣਹਾਰ ਕਰੀਮ.
ਸਭ ਦੁਨੀ ਆਵਣ ਜਾਵਣੀ ਮੁਕਾਮ ਏਕ ਰਹੀਮ.
ਮੁਕਾਮ ਤਿਸਨੋ ਆਖੀਐ, ਜਿਸ ਸਿਰ ਨ ਹੋਵੀ ਲੇਖ.
ਅਸਮਾਨ ਧਰਤੀ ਚੱਲਸੀ, ਮੁਕਾਮ ਓਹੀ ਏਕ.
ਦਿਨ ਰਵਿ ਚਲੈ, ਨਿਸ ਸਸਿ ਚਲੈ, ਤਾਰਕਾ ਲੱਖ ਪਲੋਇ.
ਮੁਕਾਮ ਓਹੀ ਏਕ ਹੈ, ਨਾਨਕਾ ਸੱਚ ਬੁਗੋਇ.

ਤਬ ਮਖਤੂਮ ਬਹਾਵਦੀਂ ਮੁਸੱਲਾ ਸੱਟ ਪਾਇਆ. ਤਦਹੂੰ ਮਖਤੂਮ ਬਹਾਵਦੀ ਨੂੰ ਹੁਕਮ ਹੋਇਆ, "ਜਾਹਿ, ਪੀਰ ਕਰ." ਤਬ ਮਖਤੂਮ ਬਹਾਵਦੀਂ ਆਖਿਆ; "ਜੀ, ਕਿਸ ਨੂੰ ਪੀਰ ਕਰਾਂ?" ਤਬ ਬਾਬੇ ਬਚਨ ਕੀਤਾ, "ਜਿਸ ਨੂੰ ਸੇਖ ਫਰੀਦ ਕੀਤਾ ਹੈ." ਤਬ ਮਖਤੂਮ ਬਹਾਵਦੀਂ ਮਾਲੂਮ ਕੀਤਾ. ਦਸਤਪੰਜਾ ਲੀਆ, ਤਾਂ ਬਾਬੇ ਬਿਦਿਆ ਕੀਤਾ. ਤਾਂ ਬਾਬਾ ਉਥਹੁੰ ਹਟਿਦਾ ਗਇਆ. ਬੋਲੋ ਵਾਹਗੁਰੂ!

## ਸਾਖੀ ਛਿਤਾਲੀਹਵੀਂ ਚਲੀ.

ਤਾਂ ਬਾਬਾ ਸਮੁੰਦ੍ਰ ਦੇ ਅੱਧ ਵਿੱਚ ਗਇਆ. ਅੱਗੇ ਮਛਿੰਦ੍ਰ ਅਤੇ ਗੋਰਖ ਬੈਠੇ ਥੇ. ਤਬ ਮਛਿੰਦ੍ਰ ਡਿੱਠਾ, ਦੇਖ ਕਰ ਆਖਿਓਸ, "ਗੋਰਖ ਨਾਥ, ਏਹ ਕਉਣ ਆਂਵਦਾ ਹੈ ਦਰੀਆਉ ਵਿੱਚ?" ਤਬ ਗੋਰਖ-ਨਾਥ ਆਖਿਆ, "ਜੀ, ਨਾਨਕ ਹੈ." ਤਬ ਬਾਬਾ ਆਇ ਪ੍ਰਗਟਿਆ, "ਆਦੇਸ! ਆਦੇਸ!" ਕਰ ਕੇ ਬੈਠ ਗਇਆ. ਤਦਹੁੰ ਮਛਿੰਦ੍ਰ ਪੁੱਛਿਆ, ਆਖਿਓਸ, "ਨਾਨਕ, ਸੰਸਾਰ ਸਾਗਰ ਕੇਹਾ ਡਿੱਠੋ? ਕਿਤ ਬਿਧ ਦਰੀਆਉ ਉਤਰਿਓ?" ਤਬ ਬਾਬਾ ਬੋਲਿਆ ਸਬਦ ਕੀਤਾ ਰਾਗ ਰਾਮਕਲੀ ਵਿੱਚ ਮਹੱਲਾ ੧ :—

ਜਿਤੁ ਦਰ ਵਸਾਹਿ ਕਵਨ ਦਰ ਕਹੀਐ, ਦਰ ਭੀਤਰ ਦਰ ਕਵਨ ਲਹੈ?
ਜਿਤ ਦਰ ਕਾਰਣ ਫਿਰਹਿੰ ਉਦਾਸੀ, ਸੋ ਦਰ ਕੋਈ ਆਇ ਕਹੈ.
ਕਿਤ ਬਿਧ ਸਾਗਰ ਤਰੀਐ?
ਜੀਵਤਿਆਂ ਹੀ ਮਰੀਐ?
ਦੁਖ ਦਰ ਵਾਜਾ, ਰੋਹ ਰਖਵਾਲਾ, ਆਸ ਅੰਦੇਸਾ ਦੁਇ ਪੱਟ ਜੋੜੇ,
ਮਾਇਆ ਜਲ ਖਾਈ, ਪਾਂਣੀ ਘਰ ਬਾਂਧਿਆ, ਸਤ ਕੈ ਆਸਣ
ਪੁਰਖ ਰਹੈ.

ਕੇਤੇ ਨਾਮ ਅੰਤ ਨ ਜਾਣਿਆਂ, ਤੁਮ ਸਰ ਨਾਹੀ ਅਵਰ, ਹਰੇ.

Digitized by Panjab Digital Library | www.panjabdigilib.org

ਊਂਚ ਨਹੀ ਰਹਿਣਾ, ਮਨ ਮਾਹਿ ਰਹਿਣਾ, ਆਪੇ ਜਾਣੈ, ਆਪ ਕਰੈ.
ਜਬ ਲਗ ਆਸ, ਅੰਦੇਸਾ ਤਬ ਹੀ, ਕਿਉਕਰ ਏਕੋ ਏਕ ਕਹੇ?
ਆਸਾ ਭੀਤਰ ਰਹੈ ਨਿਰਾਸਾ; ਤਉ, ਨਾਨਕ, ਏਕ ਮਿਲੈ.
ਇਨ ਬਿਧ ਸਾਗਰ ਤਰੀਐ.
ਜੀਵਤਿਆਂ ਇਉ ਮਰੀਐ.

## ਤਿਤ ਮਹਿਲ ਸਬਦ ਹੋਇਆ ਰਾਗ ਰਾਮਕਲੀ ਵਿੱਚ ਮਹੱਲਾ ੧ :—

ਸੁਰਤ ਸਬਦ, ਸਾਖੀ ਮੇਰੀ ਸਿੰਙੀ ਵਾਜੈ ਲੋਕ ਸੁਣੈ.
ਪਤ ਝੋਲੀ ਮੰਗਣ ਕੇ ਤਾਂਈ, ਭਿਖਿਆ ਨਾਮ ਪੜੇ.
ਬਾਬਾ, ਗੋਰਖ ਜਾਗੈ.
ਗੋਰਖ ਸੋ ਜਿਨ ਗੋਇ ਉਠਾਲੀ, ਕਰਤੈ ਬਾਰ ਨ ਲਾਗੈ.
ਪਾਣੀ, ਪਵਣ, ਪ੍ਰਾਣ ਬੰਧ ਰਾਖੇ, ਚੰਦ ਸੂਰਜ ਮੁਖ ਦੀਏ.
ਮਰਣ ਜੀਵਣ ਕਉ ਧਰਤੀ ਦੀਨੀ, ਏਤੇ ਗੁਣ ਬਿਸਰੇ.
ਸਿੱਧ, ਸਾਧਿਕ, ਅਰ ਜੋਗੀ, ਜੰਗਮ, ਪੀਰ, ਪੁਰਸ ਬਹੁਤੇਰੇ.
ਜੇ ਨਾਮ ਮਿਲੈ, ਤ ਕੀਰਤਿ ਆਖਾਂ, ਤਾਂ ਮਨ ਸੇਵ ਕਰੇ.
ਕਾਗਦ ਲੂਣ ਰਹੈ ਘ੍ਰਿਤ ਸੰਗੇ, ਪਾਣੀ ਕਮਲ ਰਹੈ,
ਐਸੇ ਭਗਤ ਮਿਲਹਿ, ਜਨ ਨਾਨਕ, ਤਿਨ ਜਮ ਕਿਆ ਕਰੈ?

## ਤਬ ਮਛਿੰਦ੍ਰ ਬੋਲਿਆ, "ਨਾਨਕ, ਜੋਗ ਲੈ, ਜੋ ਡੋਲਣ ਤੇ ਰਹੈਂ; ਭਉਜਲ ਸੁਖਾਲਾ ਤਰਹਿੰ!"

## ਤਦਹੂੰ ਗੁਰੂ ਸਬਦ ਬੋਲਿਆ ਰਾਗ ਰਾਮਕਲੀ ਮਹੱਲਾ ੧ :—

Digitized by Panjab Digital Library | www.panjabdigilib.org

ਸੁਣ ਮਾਛਿੰਦ੍ਰ, ਨਾਨਕ ਬੋਲੈ.
ਵਸ ਗਤ ਪੰਚ ਕਰੇ, ਨਹੀ ਡੋਲੈ,
ਐਸੀ ਜੁਗਤ ਜੋਗ ਕਉ ਪਾਲੇ,
ਆਪ ਤਰੈ, ਸਗਲੇ ਕੁਲ ਤਾਰੈ.
ਸੋ ਅਉਧੂਤੀ ਐਸੀ ਮਤਿ ਪਾਵੈ,
ਅਹਿ ਨਿਸ ਸੁੰਨ ਸਮਾਧ ਸਮਾਵੈ.
ਭਿਖਿਆ ਭਾਇ, ਭਗਤ, ਭੈ ਚਲੈ.
ਹੋਵੈ ਸੁ ਤ੍ਰਿਪਤ ਸੰਤੋਖ ਅਮੁਲੈ;
ਧਿਆਨ ਰੂਪ ਹੋਇ ਆਸਣ ਪਾਵੈ.
ਸੱਚ ਨਾਮ ਤਾੜੀ ਚਿਤ ਲਾਵੈ.
ਨਾਨਕ ਬੋਲੈ ਅੰਮ੍ਰਿਤ ਬਾਣੀ.
ਸੁਣ ਮਾਛਿੰਦ੍ਰ, ਅਉਧੂ ਨੀਸਾਣੀ.
ਆਸ ਮਾਹਿ ਨਿਰਾਸ ਵਲਾਏ.
ਨਿਹਚਉ, ਨਾਨਕ, ਕਰਤੇ ਪਾਏ.
ਪ੍ਰਣਵਤ ਨਾਨਕ, ਅਗਮ ਸੁਣਾਏ,
ਗੁਰੂ ਚੇਲੇ ਕੀ ਸੰਧ ਮਿਲਾਏ.
ਦੀਖਿਆ ਦਾਰੂ ਭੋਜਨ ਖਾਇ,
ਛਿਅ ਦਰਸਨ ਕੀ ਸੋਝੀ ਪਾਇ.

ਤਦਹੁੰ ਗੋਰਖਨਾਥ ਬੇਨਤੀ ਕੀਤੀ, ਆਖਿਓਸ, "ਜੀ, ਗੁਰੂ ਪੀਰ ਤੁਸਾਡੀ ਰਹਿਰਾਸ ਹੈ; ਆਦਿ ਓਹੀ ਸੁੰਨ ਚਲੀ ਆਈ ਹੈ." ਤਬ ਬਾਬੇ ਕਹਿਆ, "ਕਵਨ ਗੁਰੂ ਕਰਹੁ, ਗੋਰਖਨਾਥ

ਜੀ?" ਤਬ ਗੋਰਖਨਾਥ ਆਖਿਆ, "ਜੀ, ਐਸਾ ਕਵਨ ਹੈ, ਜੋ ਤੁਮਾਰੇ ਮਾਥੇ ਹਾਥ ਰਾਖੈ? ਪਰ ਓਹੀ ਤੁਮਾਰਾ ਗੁਰੂ, ਜੇ ਤੁਮਾਰੈ ਅੰਗ ਤੇ ਪੈਦਾ ਹੋਇ।" ਤਬ ਬਾਬੇ ਆਖਿਆ, "ਭੁਲਾ ਹੋਵੈ।" ਤਬ ਬਾਬਾ ਉਥਹੁੰ ਰੰਉਦਾ ਗਹਿਆ. ਬੋਲੋ ਵਾਹਗੁਰੂ!

## ਸਾਖੀ ਸੈਂਤਾਲੀਹਵੀਂ ਚੱਲੀ.

ਤਬ ਸਿਗਲਾਦੀਪ ਕੀ ਸੁਰਤ ਹੋਈ. ਜਾਇ ਸਮੁੰਦ੍ਰ ਅਸਗਾਹ ਵਿਚ ਖੜ੍ਹੇ ਹੋਏ. ਤਬ ਬਾਬੇ ਆਖਿਆ, "ਏਹ ਅਸਗਾਹ ਸਮੁੰਦ੍ਰ ਕਿੰਉ ਕਰ ਤਰੀਐ ਲਘੀਐ?" ਤਦਹੁ ਸਿੱਖਾਂ ਬੇਨਤੀ ਕੀਤੀ, ਸੈਦੋ ਅਤੇ ਸੀਹੇਂ ਆਖਿਆ, "ਜੀ, ਤੇਰੇ ਹੁਕਮ ਨਾਲ ਪਹਾੜ੍ਹ ਤਰਨ." ਤਬ ਗੁਰੂ ਬੋਲਿਆ, ਆਖਓਸੁ, ਏਹ ਸਲੋਕ ਪੜ੍ਹਦੇ ਆਵਹੁ :—

ਸਤ, ਨਾਮ, ਕਰਤਾ, ਪੁਰਖ, ਨਿਰਭਉ, ਨਿਰਵੈਰ, ਅਕਾਲ ਮੂਰਤਿ, ਅਜੂਨੀ, ਸੈਭੰ, ਸ੍ਰੀ ਸਤ ਗੁਰੂ ਪ੍ਰਸਾਦਿ.

ਤਬ ਬਾਬਾ ਬੋਲਿਆ, ਆਖਓਸੁ, "ਜਿਸ ਸਿੱਖ ਦੇ ਮੂਹਿ ਏਹ ਸਲੋਕ ਹੋਵੈਗਾ, ਅਤੇ ਓਹ ਪੜ੍ਹਦਾ ਜਾਵੈਗਾ, ਅਤੇ ਉਸਦੇ ਪਿੱਛੇ ਜਿਤਨੀ ਸੁਣੈਗੀ, ਤਿਤਨੀ ਸਭ ਭਵਜਲ ਪਾਰ ਲਘੈਗੀ." ਤਬ ਸਿੱਖ ਪੈਰੀਂ ਪਏ, ਆਖਓਨੁ, "ਜੀ, ਜਿਸ ਨੂੰ ਤੁਧ ਭਾਵੈ, ਤਿਸ ਨੂੰ ਪਾਰ ਉਤਾਰ."

ਤਦਹੁ ਪਾਰ ਗਏ ਸਿਗਲਾਦੀਪ ਸਿਵਨਾਭ

Digitized by Panjab Digital Library | www.panjabdigilib.org

ਰਾਜੇ ਕੇ ਗਇਆ. ਰਾਜੇ ਕੇ ਬਾਗ ਬਸੇਰਾ ਕੀਆ ਸਮੁੰਦਰ ਕੇ ਪਾਰ. ਤਬ ਰਾਜੇ ਸਿਵਨਾਭਿ ਕਾ ਨਉ ਲੱਖ ਬਾਗ ਸੁੱਕਾ ਪਾਇਆ ਥਾ, ਸੋ ਹਰਿਆ ਹੋਇਆ. ਫੁੱਲ ਵਾਲੇ ਫੁੱਲ ਫੜਿਆ, ਪੱਤ ਵਾਲੇ ਪੱਤ ਫੜਿਆ, ਫਲ ਵਾਲੇ ਫਲ ਫੜਿਆ. ਤਬ ਮਾਘੇਰ ਬਾਗਵਾਂਨ ਦੇਖੇ, ਤਾਂ ਬਾਗ ਬਰਸਾਂ ਕਾ ਸੁੱਕਾ ਪੜਿਆ ਥਾ; ਸੋ ਹਰਿਆ ਹੋਇਆ! ਤਦਹੁ ਬਹੁਰ ਜਾਇ ਰਾਜੇ ਸਿਵਨਾਭਿ ਪਾਸ ਖਬਰ ਕੀਤੀਅਸੁ, ਆਖਿਓਸ, "ਜੀ, ਬਾਹਰ ਆਓ! ਇਕੋ ਫਕੀਰ ਕੇ ਬੈਠਣ ਨਾਲ ਬਾਗ ਹਰਿਆ ਹੋਇਆ ਹੈ!" ਤਬ ਰਾਜੇ ਸਿਵਨਾਭਿ ਚੇਰੀਆਂ ਭੇਜੀਆਂ ਪਦਮਣੀਆਂ. ਪਦਮਣੀਆਂ ਆਇ ਨਿਰਤ ਲਾਗੀਆਂ ਕਰਣ. ਅਨੇਕ ਰਾਗ ਰੰਗ ਕੀਤੇ, ਤਬ ਬਾਬਾ ਬੋਲਿਓ ਨਾਹੀਂ; ਧਿਆਨ ਵਿੱਚ ਹੀ ਰਹਿਆ. ਤਬ ਪਿੱਛਹੁ ਰਾਜਾ ਸਿਵਨਾਭਿ ਆਇਆ, ਆਇ ਕੇ ਲੱਗਾ ਪੁੱਛਣ. ਆਖਿਓਸ, "ਗੁਸਾਂਈ, ਤੇਰਾ ਨਾਮ ਕਿਆ ਹੈ? ਕਵਨ ਜਾਤਿ ਹੈ? ਤੁਮ ਜੋਗੀ ਹਉ? ਕਿਰਪਾ ਕਰੀਐ, ਤਾਂ ਭੀਤਰ ਮਹਿਲੀਂ ਚਲਹੁ." ਤਬ ਬਾਬਾ ਬੋਲਿਆ ਸਬਦ ਰਾਗ ਮਾਰੂ ਵਿੱਚ ਮਹੱਲਾ ੧:

ਗੁਸਾਂਈ, ਤੇਰਾ ਕਹਾ ਨਾਮ? ਕੈਸੀ ਜਾਤੀ?
ਚਲਹੁ, ਤ ਭੀਤਰ ਮਹਲ ਬੁਲਾਵਹਿ, ਪੂਛਹਿ ਬਾਤ ਨਿਰਾਤੀ।
ਜੋਗੀ ਜੁਗਤ ਨਾਮ ਨਿਰਮਾਇਲ, ਤਾਂ ਕਉ ਮੈਲ ਨ ਰਾਤੀ।
ਪ੍ਰੀਤਮ ਨਾਮ, ਸਦਾ ਸਚ ਸੰਗੇ, ਜਨਮ ਮਰਨ ਗਤ ਬੀਤੀ।

ਤਬ ਰਾਜੇ ਪੁਛਿਆ, "ਜੀ, ਤੁਮ ਬ੍ਰਾਹਮਣ ਹਉ?"
ਤਬ ਬਾਬਾ ਪਉੜੀ ਦੂਜੀ ਬੋਲਿਆ :—

ਬ੍ਰਾਹਮਣ ਬ੍ਰਹਮ ਗਿਆਨ ਇਸਨਾਨੀ, ਹਰਿ ਗੁਣ ਪੂਜੈ ਪਾਤੀ;
ਏਕੋ ਨਾਮ, ਏਕੋ ਨਾਰਾਇਣ, ਤ੍ਰਿਭਵਣ ਏਕਾ ਜੋਤੀ।

ਤਬ ਫੇਰ ਰਾਜੇ ਪੁੱਛਿਆ, "ਜੀ, ਤੁਸੀਂ ਖੱਤ੍ਰੀ ਹਉ?" ਤਬ ਗੁਰੂ ਬਾਬਾ ਤੀਜੀ ਪਉੜੀ ਬੋਲਿਆ :—

ਜਿਹਬਾ ਡੰਡੀ, ਇਹ ਘਟ ਛਾਬਾ, ਤੋਲਹੁ ਨਾਮ ਅਜਾਚੀ।
ਏਕੋ ਹਾਟ, ਸਾਹ ਸਭਨਾ ਸਿਰ, ਵਣਜਾਰੇ ਬਹੁ ਭਾਂਤੀ।

ਤਬ ਫਿਰ ਰਾਜੇ ਪੁੱਛਿਆ, "ਜੀ, ਤੁਮ ਹਿੰਦੂ ਜਾਂ ਮੁਸਲਮਾਨ ਹਉ?" ਤਬ ਗੁਰੂ ਬਾਬਾ ਚਉਥੀ ਪਉੜੀ ਬੋਲਿਆ :—

ਦੋਵੈਂ ਸਿਰੇ ਸਤ ਗੁਰੂ ਨਿਬੇੜੇ, ਸੋ ਬੂਝੈ ਜਿਸ ਏਕ ਲਿਵ ਲਾਗੀ।
ਸਬਦ ਵਸਾਏ, ਭਰਮ ਚੁਕਾਏ, ਸਦਾ ਸੇਵਕ ਦਿਨ ਰਾਤੀ।

ਤਬ ਰਾਜੇ ਸਿਵਨਾਭਿ ਪੁੱਛਿਆ, "ਜੀ, ਤੁਮ ਗੋਰਖ ਨਾਥ ਹਉ?" ਤਦਹੁ ਬਾਬਾ ਬੋਲਿਆ ਪਉੜੀ

ਪੰਜਵੀਂ :—

ਊਪਰ ਗਗਨ, ਗਗਨ ਪਰ ਗੋਰਖ, ਤਾਂ ਕਾ ਅਗਮ ਗੁਰੂ ਪੁਨਿਵਾਸੀ.
ਗੁਰਪਰਸਾਦ ਬਾਹਰ ਘਰ ਏਕੋ, ਨਾਨਕ ਭਇਆ ਉਦਾਸੀ.

ਜਬ ਗੁਰੂ ਭੋਗ ਪਾਇਆ, ਤਾਂ ਰਾਜਾ ਆਇ ਪੈਰੀਂ ਪਾਇਆ. ਬੇਨਤੀ ਕੀਤੀਅਸੁ, ਆਖਿਓਸੁ, "ਜੀ, ਮਿਹਰ ਕਰ ਕੈ ਘਰ ਚਲਹੁ." ਤਬ ਬਾਬੇ ਆਖਿਆ, "ਮੈ ਪਿਆਦਾ ਨਹੀਂ ਚਲਦਾ." ਤਦਹੁ ਰਾਜੇ ਸਿਵ-ਨਾਭਿ ਆਖਿਆ, "ਜੀ, ਤੇਰਾ ਦਿੱਤਾ ਸਭੁ ਕਿਛੁ ਹੈ. ਘੋੜੇ ਹਾਥੀ ਚੜ੍ਹੀਐ, ਅਤੇ ਜੀ, ਤਖਤਰਵਾਂ ਚੜ੍ਹੀ-ਐ." ਤਬ ਗੁਰੂ ਬਾਬੇ ਆਖਿਆ, ਜੋ "ਹੇ ਰਾਜਾ, ਅਸੀਂ ਮਨੁੱਖ ਦੀ ਅਸਵਾਰੀ ਕਰਦੇ ਹਾਂ." ਤਬ ਰਾਜੇ ਆਖਿਆ, "ਜੀ, ਮਨੁੱਖ ਭੀ ਬਹੁਤ ਹੈਨ, ਚੜ੍ਹ ਚੱਲੀ-ਐ." ਤਬ ਬਾਬੇ ਆਖਿਆ, "ਹੇ ਰਾਜਾ, ਓਹ ਮਨੁੱਖ ਹੋਵੈ, ਜੋ ਰਾਜ ਕੁਇਰ ਹੋਵੈ, ਅਤੇ ਨਗਰ ਕਾ ਰਾਜਾ ਹੋਵੈ, ਤਿਸ ਕੀ ਪਿੱਠ ਉੱਪਰ ਚੜ੍ਹਾਂ." ਤਬ ਰਾਜੇ ਆਖਿਆ, "ਪਾਤਸ਼ਾਹ ਜੀ, ਤੇਰਾ ਕੀਤਾ ਰਾਜਾ ਮੈਂ ਹਾਂ, ਚੜ੍ਹ ਚਲੀ-ਐ." ਤਬ ਬਾਬਾ ਰਾਜੇ ਕੀ ਪਿੱਠ ਉੱਪਰ ਚੜ੍ਹਿਆ. ਤਬ ਲੋਕ ਲੱਗੇ ਆਖਣ, ਜੋ ਰਾਜਾ ਕਮਲਾ ਹੋਇਆ ਹੈ.

Digitized by Panjab Digital Library | www.panjabdigilib.org

ਤਬ ਰਾਜਾ ਚੜ੍ਹ ਕਰ ਗਇਆ; ਜਾਇ ਬੈਠਾ.

ਤਬ ਰਾਣੀ ਚੰਦ ਕਲਾ ਅਤੇ ਰਾਜਾ ਸਿਵਨਾਭਿ, ਹੱਥ ਜੋੜ ਕਰਕੇ ਖੜੇ ਹੋਏ, ਲੱਗੇ ਬੇਨਤੀ ਕਰਣ, ਜੋ "ਜੀ, ਪਰਸਾਦ ਦਾ ਹੁਕਮ ਹੋਵੈ." ਤਦਹੁ ਬਾਬੇ ਆਖਿਆ, ਜੋ "ਹਮਾਰੇ ਬਰਤ ਹੈ." ਤਬ ਰਾਜੇ ਆਖਿਆ, "ਜੀ, ਅਸਾਡਾ ਭਲਾ ਕਿਉਂਕਰ ਹੋਵੈ?" ਤਬ ਗੁਰੂ ਆਖਿਆ, "ਜੋ ਮਨੁੱਖ ਕਾ ਮਾਸ ਹੋਵੈ, ਤਾਂ ਅਹਾਰ ਕਰਾਂ." ਤਬ ਰਾਜੇ ਸਿਵਨਾਭਿ ਆਖਿਆ, "ਜੀ, ਤੇਰਾ ਸਦਕਾ ਆਦਮੀ ਭੀ ਬਹੁਤ ਹੈਨ." ਤਬ ਬਾਬੇ ਆਖਿਆ, "ਹੇ ਰਾਜਾ, ਓਹ ਆਦਮੀ ਹੋਵੈ, ਜੋ ਰਾਜੇ ਦੇ ਘਰ ਪੁੱਤ੍ਰ ਹੋਵੈ, ਅਤੇ ਰਾਜਕੁਇਰ ਹੋਵੈ, ਅਤੇ ਬਾਰਾਂ ਬਰਸਾਂ ਦਾ ਹੋਵੈ, ਤਿਸ ਦਾ ਮਾਸ ਅਹਾਰ ਕਰਾਂਹਾਂ." ਤਬ ਰਾਜਾ ਅਤੇ ਰਾਣੀ ਚਿੰਤਵਾਨ ਹੋਏ. ਤਬ ਰਾਜੇ ਆਖਿਆ, "ਹੇ ਪਰਮੇਸਰ ਜੀ, ਕਿਸੈ ਰਾਜੇ ਦੇ ਘਰ ਪੁੱਤ੍ਰ ਹੈ?" ਤਬ ਰਾਣੀ ਕਹਿਆ, "ਤੇਰੇ ਕਹੇ ਸਿਉ ਕਿਉਂਕਰ ਦੇਵੈਗਾ? ਜਬ ਉਸ ਸਾਥ ਜੁੱਧ ਕੀਚੈ, ਜਾਂ ਓਹ ਜੀਤੀਐ ਤਾਂ ਪੁੱਤ੍ਰ ਦੇਵੈ; ਅਤੇ ਏਥੈ ਹੁਣ ਚਾਹੀਐ." ਤਬ ਰਾਣੀ

ਆਖਿਆ, "ਹੇ ਰਾਜਾ, ਅਸਾਡੇ ਘਰ ਤਾਂ ਇੱਕੋ ਪੁਤ੍ਰ ਹੈ, ਉਸਕੀ ਜਨਮ ਪੱਤ੍ਰੀ ਦੇਖ." ਤਬ ਜਨਮ ਪੱਤ੍ਰੀ ਦੇਖੀ. ਜਬ ਦੇਖਨ, ਤਾਂ ਬਾਰਾਂ ਬਰਸਾਂ ਕਾ ਹੋਇਆ ਹੈ. ਤਬ ਰਾਜੇ ਕਹਿਆ, "ਬੇਟਾ, ਤੇਰਾ ਸਰੀਰ ਗੁਰੂ ਕੇ ਕੰਮ ਆਂਵਦਾ ਹੈ; ਤੇਰੀ ਕਿਆ ਮਨਸਾ ਹੈ?" ਤਬ ਲੜਕਾ ਬੋਲਿਆ, "ਪਿਤਾ ਜੀ, ਇਸ ਤੇ ਕਿਆ ਭਲਾ ਹੈ, ਮੇਰਾ ਸਰੀਰ ਗੁਰੂ ਦੇ ਕੰਮ ਆਵੈ?" ਤਬ ਰਾਜੇ ਆਖਿਆ, ਜੋ "ਇਸ ਨੂੰ ਸੱਤ ਦਿਨ ਬਿਵਾਹ ਕੀਤੇ ਹੋਏ ਹੈਨ, ਇਸ ਕੀ ਇਸਤ੍ਰੀ ਭੀ ਪੁੱਛੀ ਚਾਹੀਏ." ਤਬ ਰਾਣੀ ਅਤੇ ਰਾਜਾ ਆਇ ਨੂੰਹ ਕੇ ਪਾਸ ਬੈਠੇ. ਤਬ ਰਾਜਾ ਬੋਲਿਆ, ਆਖਿਓਸ, "ਬੇਟੀ, ਤੇਰੇ ਭਰਤੇ ਕਾ ਸਰੀਰ ਗੁਰੂ ਕੇ ਕੰਮ ਆਂਵਦਾ ਹੈ, ਤੇਰੀ ਕਿਆ ਰਜਾਇ ਹੈ?" ਤਬ ਓਹ ਲੜਕੀ ਬੋਲੀ, "ਪਿਤਾ ਜੀ, ਇਸਦਾ ਸਰੀਰ ਗੁਰੂ ਦੇ ਕੰਮ ਆਵੈ, ਅਤੇ ਮੇਰਾ ਰੰਡੇਪਾ ਗੁਰੂ ਉੱਪਰ ਹੋਵੈ, ਇਸ ਤੇ ਹੋਰ ਕਿਆ ਭਲਾ ਹੈ?"

ਤਬ ਚਾਰੇ ਗੁਰੂ ਪਾਸ ਆਇ ਖੜੇ ਹੋਏ. ਤਬ ਰਾਜਾ ਸਿਵਨਾਭਿ ਬੋਲਿਆ, ਆਖਿਓਸ, "ਜੀ,

Digitized by Panjab Digital Library | www.panjabdigilib.org

ਏਹੁ ਲੜਕਾ ਹਾਜਰ ਹੈ." ਤਬ ਬਾਬੇ ਆਖਿਆ,
"ਹੇ ਰਾਜਾ, ਇੰਉ ਮੇਰੇ ਕੰਮ ਨਾਂਹੀ. ਪਰ ਮਾਤਾ ਇਸ
ਕੀ ਬਾਂਹਿ ਪਕੜੈ, ਅਤੇ ਇਸਤ੍ਰੀ ਇਸ ਕੇ ਪੈਰ ਪਕ-
ੜੈ, ਅਤੇ ਤੂ ਹੱਥੈ ਛੁਰੀ ਲੈ ਕਰ ਜਿਬਹਿ ਕਰਹਿਂ, ਤਾਂ
ਮੇਰੇ ਕੰਮ ਹੈ." ਤਾਂ ਰਾਜੇ ਸਿਵ ਨਾਭਿ ਗੁਰੂ ਕਾ ਹੁਕਮ
ਮੰਨਿਆ. ਹੱਥ ਛੁਰੀ ਲੈਕਰ ਬੈਠ, ਜਿਬਹਿ ਕੀਤਾ,
ਰਿੰਨ ਕਰ ਆਣ ਆਗੈ ਰੱਖਿਆ. ਤਬ ਬਾਬਾ ਬੋਲਿ-
ਆ, "ਹੇ ਰਾਜਾ, ਤੁਸੀਂ ਤਿੰਨੇ ਅਖੀਂ ਮੀਟ ਕਰ, 'ਵਾਹ
ਗੁਰੂ' ਆਖ ਕਰ ਮੁਹਿ ਪਾਵਹੁ." ਤਬ ਰਾਜੇ ਅਤੇ ਰਾ-
ਣੀ ਅਤੇ ਰਾਜੇ ਕੀ ਨੂੰਹ ਤਿਹੰ ਅੱਖੀਂ ਮੀਟੀਆਂ.
ਵਾਹ ਗੁਰੂ ਕਹਿ ਕੇ ਜਾਂ ਮੂੰਹਿ ਪਾਇਆ, ਤਾਂ ਚਾਰੇ ਬੈਠੇ
ਹੈਨ! ਪਰ ਜਾਂ ਅੱਖੀ ਖੋਲਨ, ਤਾਂ ਗੁਰੂ ਬਾਬਾ ਨਾਂਹੀ!
ਤਬ ਰਾਜਾ ਬਿਆਕੁਲ ਹੋਇ ਗਇਆ. ਉਦਿਆਨ
ਪਕੜਿਓਸ. ਪੈਰਾਂ ਤੇ ਉਬਾਹਣਾ ਸਿਰ ਤੇ ਨੰਗਾ 'ਗੁਰੂ
ਗੁਰੂ' ਕਰਦਾ ਫਿਰੈ. ਤਬ ਬਾਬੇ ਬਾਰਹਿ ਮਹੀਨਿਆਂ
ਪਿੱਛੋਂ ਆਇ ਦਰਸਨ ਦਿੱਤੋਸ. ਚਰਨੀ ਲਾਇ-
ਓਸੁ, ਜਨਮ ਮਰਨ ਰਾਜੇ ਸਿਵ ਨਾਭਿ ਕਾ ਕੱਟਿਆ;
ਸਿਖ ਹੋਆ, ਸੈਵੇ ਜੱਟ ਜਾਤ ਪੋਹੇ ਪਾਹੁਲ ਹੁਕਮ

Digitized by Panjab Digital Library | www.panjabdigilib.org

ਨਾਲ ਦਿੱਤੀ. ਸਾਰਾ ਸਿੰਗਲਾਦੀਪ ਸਿੱਖ ਹੋਇਆ. ਗੁਰੂ ਲਾਗਾ ਜਪਣ. ਸਾਰਾ ਖੰਡ ਬਖਸਿਆ ਰਾਜੇ ਸਿਵਨਾਭਿ ਪਿੱਛੇ.

ਸਿੰਗਲਾਦੀਪ ਕੀ ਸੰਗਤਿ ਕੀ ਰਹੁਰਾਸ.

ਜਬ ਰਾਤ ਪਵੈ, ਤਾਂ ਸਭੇ ਇਕੱਠੇ ਆਇ ਬਹਿਨ ਧਰਮਸਾਲਾ. ਤਬ ਇਕੇ ਸਿੱਖ ਰਾਤੀਂ ਪ੍ਰਸਾਦ ਕਹਿ ਜਾਵਹਿ, ਭਲਕੇ ਇਕੱਠੇ ਜਾਇ ਖਾਂਦਨ. ਜਿਸ ਸਿੱਖ ਦੇ ਪ੍ਰਸਾਦ ਹੋਵੈ, ਤਿਸ ਕੇ ਇੱਕੀਸ ਮਣ ਲੂਣ ਰਸੋਈ ਪਵੈ.

ਤਿਤ ਮਹਿਲ ਗੁੱਝੀ ਬਾਂਣੀ ਪ੍ਰਗਾਸ ਹੋਈ ਸ੍ਰੀ ਸਤਗੁਰ ਪ੍ਰਸਾਦ. ਲਿਖਤੇ ਪ੍ਰਾਂਣ ਸੰਗੁਲੀ ਸੁੰਨ ਮਹਲ ਕੀ ਕਥਾ, ਨਿਰੰਕਾਰ ਕਾ ਧਿਆਨ, ਗੁਹਜੀ ਬਾਂਣੀ ਬਾਬੇ ਕਾ ਬੋਲਣਾ, ਪ੍ਰਾਣ ਪਿੰਡ ਕਾ ਮਥੰਤ. ਤਦਹੁ ਬਾਬਾ ਪਉਣ ਅਹਾਰ ਕਰਦਾ ਥਾ, ਸਮੁੰਦ੍ਰ ਕੇ ਪਾਰ ਹੋਈ ਸਿੰਗਲਾਦੀਪ, ਰਾਜੇ ਸਿਵਨਾਭਿ ਕੀ ਪਤੀ ਹੋਈ. ਤਦਹੁ ਨਾਲ ਸੈਦੋ ਅਤੇ ਸੀਹੋਂ ਥੇ ਸਿੱਖ, ਤਬ ਪ੍ਰਾਣ ਸੰਗੁਲੀ ਹੋਈ. ਧਿਆਉ ਪਹਿਲਾ ਰਾਗ ਆਸਾ ਮਹੱਲਾ ੧ :——

ਉਨਮਨ ਸੁਨ ਸੁਨ, ਸਭ ਕਹੀਐ.
ਉਨਮਨ ਹਰਖ ਸੋਗ ਨਹੀ ਰਹੀਐ.
ਉਨਮਨ ਆਸ ਅੰਦੇਸਾ ਨਹੀ ਬਿਆਪਤ.
ਉਨਮਨ ਵਰਨ ਚਿਹਨ ਨਹੀ ਜਾਪਤ.
ਉਨਮਨ ਕਥ ਕੀਰਤਨ ਨਹੀ ਬਾਂਨੀ
ਉਨਮਨ ਰਹਿਤਾ ਸੁਨ ਧਿਆਨੀ.
ਉਨਮਨ ਅਪਨਾ ਆਪਨ ਜਾਨਿਆਂ.
ਨਾਨਕ ਉਨਮਨ ਸਿਉ ਮਨ ਮਾਨਿਆਂ. *

ਤਿਤ ਮਹਲ ਪ੍ਰਾਣ ਸੰਗਲੀ ਹੋਈ. ਦੇਹੀ ਕੀ-ਹੀਨ ਮਥੀ, ਪਰ ਲੈ ਕਿਨੈ ਨ ਸੱਕੀਆ, ਓਥੇ ਹੀ ਛੱਡੀ. ਸੈਦੋ ਘੇਹੋ ਲਿਖਾਈ ਚਰਨ ਮਝਾਰ ਕੈ, ਗੋਰਖ ਹਟੜੀ ਪਾਸ. ਫਿਰ ਗੋਰਖ ਹਟੜੀ ਕੇ ਪਾਸ ਇਕ ਚਉਕ ਹੈ ਦੋ ਕੋਹ ਕਾ, ਉਸ ਮੜ੍ਹੀ ਤੇ ਚਾਰ ਕੋਸ ਹੈ, ਤਿਸ ਵਿਚੋਂ ਆਲਿਪਤ ਰਹਿਣ ਲੱਗਾ: ਪਰਗਟ ਕੀਤੀਆ ਨਾਂਹੀ ਅਨਾਹਦ ਬਾਂਣੀ, ਪਰ ਅੰਧ ਵਿੱਚ ਨ ਪਾਈਐਗੀ. ਰਾਜੇ ਸਿਵਨਾਭਿ ਜੋਗ ਮਿਲੀ, ਬਚਨ ਹੋਇਆ, ਜੋ "ਇੱਕ ਆਦਮੀ ਆਵੈਗਾ ਜੰਬੂਦੀਪ ਤੇ, ਉਸ ਜੋਗ ਲਿਖ ਦੇਵਣੀ ਸਲੋਕ ੧੫. ਸੈਦੋ ਥੇ ਸੰਪੂਰਣ ਥੀ, ਦੁਇ ਉਦਾਸੀ ਹੋਏ, ਬਾਬੇ ਆਪਣੇ

* ਏਹੀ ਮਤਲਬ — ਕਿਤਨੇਕ ਸਫ਼ਿਓਂ ਪਰ ਆਗੇ ਚਲਤਾ ਹੈ ਇਸੀ ਢੰਗ ਸੇ.

ਨਾਲ ਰੱਖੇ. ਰਾਜੇ ਸਿਵ ਨਾਭਿ ਜੋਗ ਇੱਕ ਮੰਜੀ
ਮਿਲੀ. ਰਾਜੇ ਸਿਵ ਨਾਭਿ ਜੋਗ ਗੁਰੂ ਦੀ ਖੁਸੀ ਹੋ
ਈ. ਓਥਹੁ ਰੰਉਦੇ ਰਹੇ. ਬੋਲੋ ਵਾਹਗੁਰੂ!

Digitized by Panjab Digital Library | www.panjabdigilib.org

# ਸਾਖੀ ਅਠਤਾਲੀਹਵੀਂ ਚੱਲੀ.

ਏਕਸ ਬਾਢੀ ਕੇ ਆਇ ਰਾਤ ਰਹੇ. ਉਨ ਸੇਵਾ ਭਾਉ ਬਹੁਤ ਕੀਤਾ. ਮੰਜੀ ਡਾਹ ਦਿੱਤੀਆਸੁ, ਬਾਬਾ ਸੁੱਤਾ. ਭਲਕੇ ਹੱਥ ਨਾਲ ਝੂੰਗੀ ਦੀ ਲੱਕੜੀ ਪਕੜੀਆਸੁ, ਅਤੇ ਪਸਵਾੜੇ ਨਾਲ ਮੰਜੀ ਭੰਨੀ ਆਸੁ. ਜਬ ਬਾਹਰ ਆਇਆ, ਤਾਂ ਸੈਦੋ ਸਿੱਖ ਬੇਨਤੀ ਕੀਤੀ, ਆਖਿਓਸੁ, "ਜੀ, ਸਾਰੇ ਸਹਰ ਵਿੱਚ ਕੋਈ ਜਾਹਗਾ ਨਾਂਹੀ ਸਾ ਦੇਂਦਾ, ਇਸ ਬਾਢੀ ਠਉੜ ਦਿੱਤੀ, ਤਿਸ ਕੀਆਂ ਵਸਤੂ ਭੀ ਗਵਾਈਆ. ਇੱਕ ਝੂੰਗੀ ਅਤੇ ਮੰਜੀ ਥੀ, ਸੋ ਭੀ ਢਾਹ ਬਨ ਚਲਿਓਹ. ਉਸ ਕੇ ਬਾਬ ਕਿਆ ਵਰਤੀ?" ਤਬ ਬਾਬੇ ਆਖਿਆ, "ਸੈਦੋ, ਉਸ ਕਾ ਭਾਉ ਥਾਂਇ ਪਾਇਆ ਹੈ?" ਤਬ ਓਹ ਘਰ ਜਾਵੇ, ਤਾਂ ਓਹ ਚਾਰੇ ਪਾਵੇ ਧਰਤਿ ਵਿੱਚ ਡੂਬ ਗਏ ਹੈਨ. ਸੋ ਉਨ ਕੇ ਤਲੇ ਚਾਰੇ ਤਾਵੜੇ ਮਾਲ ਕੇ ਹੈਨ, ਅਰ ਓਸ ਝੂੰਗੀ ਕੇ ਮਾਹਿਲ ਉਸਾਰੇ ਹੈਨ, ਅਤੇ ਉਸ ਮੰਜੀ ਕੇ ਪਲਿਘ ਹੋਏ ਹੈਨ. ਤਬ ਸੈਦੋ ਅਤੇ

Digitized by Panjab Digital Library | www.panjabdigilib.org

ਸੀਹੋਂ ਪੈਰੀਂ ਪਏ. ਤਬ ਘਰ ਆਏ. ਕੋਈ ਦਿਨ ਘਰ ਰਹੇ, ਤਬ ਫੇਰ ਰਵ਼ੇ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਉਣੰਜਵੀਂ ਚੱਲੀ.

ਤ੍ਰਿਤੀਆ ਉਦਾਸੀ ਉਤ੍ਰਖੰਡ ਕੀ ਕਰਣ ਲੱਗੇ, ਤਿਤ ਉਦਾਸੀ ਅੱਕ ਦੀਆਂ ਖੱਖੜੀਆਂ ਅਤੇ ਫੁੱਲ ਅਹਾਰ ਕਰਦਾ ਥਾ, ਪਰਸੂਕੇ. ਅਤੇ ਪੈਰੀਂ ਚਮੜ੍ਹਾ, ਅਤੇ ਸਿਰ; ਚਮੜਾ ਸਾਗੀ ਦੇਹ ਲਪੇਟਿ-ਆਸੁ, ਅਤੇ ਮਾਥੈ ਟਿੱਕਾ ਕੇਸਰ ਕਾ. ਤਦਹੂੰ ਨਾਲ ਹੱਸੂ ਲੁਹਾਰ ਅਤੇ ਸੀਹਾਂ ਛੀਂਬਾ ਥੇ. ਤਬ ਬਾਬਾ ਕਸਮੀਰ ਗਇਆ. ਕੋਈ ਦਿਨ ਓਥੈ ਭੀ ਰਹਿ-ਆ. ਲੋਕ ਬਹੁਤ ਨਾਂਉ ਧਰੀਕ ਹੋਏ. [redacted]

ਤਬ ਕਸਮੀਰ ਕਾ ਪੰਡਤ ਬ੍ਰਹਮ ਦਾਸ ਥਾ; ਓਸ ਸੁਣਿਆ, ਜੋ ਇੱਕ ਫਕੀਰ ਆਇਆ ਹੈ. ਤਬ ਉਸ ਕੇ ਸਾਥ ਦੂਇ ਊਠ ਪੁਰਾਣਾਂ ਕੇ ਚੱਲਣ, ਅਤੇ ਗਲ ਵਿੱਚ ਠਾਕੁਰ ਹੈ. ਆਇ "ਰਾਮ ਰਾਮ" ਕੀ-ਤੀਓਸ; ਕਰ ਕੇ ਬੈਠ ਗਇਆ. ਤਬ ਭੇਖ ਦੇਖ ਕੈ ਆਖਿਓਸ, "ਤੂੰ ਏਹਾ ਸਾਧੂ ਹੈਂ? ਤੈਂ ਚਮੜੇ ਕਿਉਂ ਪਹਿਰੇ ਹੈਨਿ? ਅਤੇ ਰੱਸੇ ਕਿਉ ਪਲੇਟੇ ਹੈਨਿ? ਅਤੇ ਤੁਸੀਂ ਕਿਰਿਆ ਕਰਮ ਕਿਉਂ ਛੋਡਿਆ ਹੈ?

ਅਤੇ ਮਾਸ ਮਛਲੀ ਕਿਉਂ ਲੱਗੇ ਹਉ?" ਤਬ ਬਾ-
ਬਾ ਬੋਲਿਆ ਪਉੜੀ ਰਾਗ ਮਲਾਰ ਵਿੱਚ, ਤਿਤ
ਮਹਿਲ ਵਾਰ ਹੋਈ ਮਹੱਲਾ ੧ :—

ਗੁਰੁ ਮਿਲਿਆਂ ਮਨ ਰਹਿਸੀਐ, ਜਿਉਂ ਬੁੱਠੇ ਧਰਣਿ ਸੀਂਗਾਰ.
ਸਭ ਦਿੱਸੇ ਹਰੀਆਵਲੀ, ਸਰ ਭਰੇ ਸੁੱਭਰ ਤਾਲ.
ਅੰਦਰ ਰੱਤਾ ਸੱਚ ਰੰਗ, ਜਿਉਂ ਰੰਗ ਮਜੀਠੇ ਲਾਲ.
ਕਵਲ ਬਿਗੱਸੇ ਸੱਚ ਨਾਮ, ਗੁਰੂ ਕੈ ਸਬਦ ਨਿਹਾਲ.
ਮਨਮੁਖ ਦੂਜੀ ਤਰਫ ਹੈ, ਵੇਖਹੁ ਨਦਰ ਨਿਹਾਲ!
ਫਾਹੀ ਫਾਥੇ ਮਿਰਗ ਜਿਉਂ, ਸਿਰ ਦਿੱਸੇ ਜਮਕਾਲ.
ਖੁਧਿਆ, ਤ੍ਰਿਸਨਾ, ਨਿੰਦਿਆ ਬੁਰੀ; ਕਾਮ ਕ੍ਰੋਧ ਬਿਕਰਾਲ.
ਏਨੀਂ ਅੱਖੀ ਨਦਰ ਨ ਆਵਈ, ਜਿਚਰ ਸਬਦ ਨ ਕਰੇ ਵੀਚਾਰ.
ਤੁਧ ਭਾਵੈ ਸੰਤੋਖੀਆ, ਚੂਕੈ ਆਲ ਜੰਜਾਲ.
ਮੂਲ ਰਹੈ ਗੁਰੁ ਸੇਵਿਐ, ਗੁਰੂ ਪਉੜੀ ਬੋਹਿਥ.
ਨਾਨਕ, ਲੱਗੀ ਤੱਤ ਲੈ, ਤੂੰ ਸੱਚਾ ਮਨ ਸੱਚ.
ਏਹੋ ਪਾਧਰ, ਏਕ ਦਰ, ਗੁਰੂ ਪਉੜੀ ਨਿਜ ਥਾਂਨ.
ਰੂੜਾ ਠਾਕੁਰ, ਨਾਨਕਾ, ਸਭ ਸੁਖ ਹਰਿ ਕੈ ਨਾਉ.

ਪਉੜੀ :—

ਆਪੀ ਨੈਂ ਆਪ ਸਾਜ, ਆਪ ਪਛਾਣਿਆਂ.
ਅੰਬਰ ਧਰਤਿ ਵਿਛੋੜ, ਚੰਦੋਆ ਤਾਣਿਆਂ.
ਵਿਣ ਥੰਮਾਂ ਗਗਨ ਰਹਾਇ ਸਬਦ ਨੀਸਾਣਿਆਂ.
ਸੂਰਜ ਚੰਦ ਉਪਾਇ ਜੋਤ ਸਮਾਣਿਆਂ.
ਕੀਏ ਰਾਤ ਦਿਨੰਤ ਚੋਜ ਵਿਡਾਣਿਆਂ!

Digitized by Panjab Digital Library | www.panjabdigilib.org

ਤੀਰਥ, ਧਰਮ, ਵੀਚਾਰ, ਨਾਵਣ ਪੁਰਬਾਣਿਆਂ.
ਤੁਧ ਸਿਰ ਅਵਰੁ ਨ ਕੋਇ, ਕਿਆ ਆਖ ਵਖਾਣਿਆਂ?
ਤੁਧ ਸਾਚੇ ਤਖਤ ਨਿਵਾਸ ਹੋਰ ਆਵਣ ਜਾਣਿਆਂ.

**ਸਲੋਕ :—**

ਨਾਨਕ, ਸਾਵਣ ਜੇ ਵਸੈ, ਚਹੁ ਓਮਾਹਾ ਹੋਇ.
ਨਾਗਾਂ, ਮਿਰਗਾਂ, ਮੱਛੀਆਂ, ਰਸੀਆਂ ਘਰ ਧਨੋ ਹੋਇ.
ਨਾਨਕ, ਸਾਵਣ ਜੇ ਵਸੈ, ਚਹੁ ਵਿਛੋੜਾ ਹੋਇ.
ਗਾਂਈ ਪੁੱਤਾਂ, ਨਿਰਧਨਾ, ਪੰਥੀ, ਚਾਕਰ ਹੋਇ.

**ਪਉੜੀ :—**

ਤੂੰ ਸੱਚਾ, ਸਚਿਆਰ, ਜਿਨ ਸੱਚ ਵਰਤਾਇਆ.
ਬੈਠਾ ਤਾੜੀ ਲਾਇ ਕਵਲ ਛਪਾਇਆ.
ਬ੍ਰਹਮੇ ਵੱਡਾ ਕਹਾਇ ਅੰਤ ਨ ਪਾਇਆ.
ਨਾ ਤਿਸ ਰੂਪ, ਨ ਰੇਖ, ਵਰਨ ਸਬਾਇਆ.
ਨਾ ਤਿਸ ਬਾਪ ਨ ਮਾਇ, ਕਿਨ ਤੂੰ ਜਾਇਆ?
ਨਾ ਤਿਸ ਭੁਖ ਪਿਆਸ ਰੱਜ ਅਘਾਇਆ.
ਗੁਰੁ ਮਹਿ ਆਪ ਸਮੋਇ ਸਬਦ ਵਰਤਾਇਆ.
ਸੱਚੇ ਹੀ ਪਤਿਆਇ, ਸੱਚ ਸਮਾਇਆ.

ਵਾਰ ਸਪੂਰਨ ਹੋਈ ਮਲਾਰ ਕੀ. ਤਾਂ ਬ੍ਰਹਮ-ਦਾਸ ਪੰਡਤ ਆਇ ਪੈਰੀਂ ਪਇਆ, ਤਾਂ ਆ-ਖਿਓਸ, "ਜੀ, ਜਾਂ ਏਹ ਵਸਤੂ ਨਹੀਂ ਸੀ ਤਾਂ ਪਰਮੇਸਰ ਕਹਾਂ ਥਾ?" ਤਾਂ ਬਾਬਾ ਬੋਲਿਆ,

Digitized by Panjab Digital Library | www.panjabdigilib.org

## ਸਬਦ ਰਾਗ ਮਾਰੂ ਵਿੱਚ ਸੋਲਹਾ ਮਹੱਲਾ ੧ :—

ਅਰਬਦ ਨਰਬਦ ਧੁੰਧੂਕਾਰਾ,
ਧਰਣਿ ਗਗਨ ਨਹੀ ਹੁਕਮ ਅਪਾਰਾ,
ਨਾ ਦਿਨ ਰੈਣ, ਨਾ ਚੰਦ, ਨ ਸੂਰਜ, ਸੁੰਨ ਸਮਾਧ ਲਗਾਂਇਦਾ।
ਖਾਣੀ, ਨ ਬਾਂਣੀ, ਪਉਣ, ਨ ਪਾਣੀ,
ਓਪਤ, ਖਪਤ, ਨ ਆਂਵਣ ਜਾਂਣੀ,
ਖੰਡ, ਪਤਾਲ, ਸਪਤ ਨਹੀ ਸਾਗਰ, ਨਦੀ ਨ ਨੀਰ ਵਹਾਂਇਦਾ।
ਨਾਂ ਤਦ ਸੁਰਗ, ਨ ਮਛ ਪਇਆਲਾ,
ਦੋਜਕ, ਭਿਸਤ, ਨਹੀਂ ਖੈ ਕਾਲਾ,
ਨਰਕ, ਸੁਰਗ, ਨਹੀ ਜੰਮਣ, ਮਰਣ, ਨਾ ਕੋ ਆਇ, ਨ ਜਾਂਇਦਾ।
ਬ੍ਰਹਮਾ, ਬਿਸਨ, ਮਹੇਸ ਨ ਕੋਈ,
ਅਵਰ ਨ ਦੀਸੈ ਏਕੋ ਸੋਈ,
ਨਾਰਿ, ਪੁਰਖ, ਨਹੀ ਜਾਤ, ਨ ਜਨਮ, ਨਾ ਕੋ ਦੁਖ ਸੁਖ ਪਾਂਇਦਾ।
ਨਾ ਤਦ ਜਤੀ, ਸਤੀ, ਬਨਵਾਸੀ,
ਨਾ ਤਦ ਸਿੱਧ, ਸਾਧਕ, ਸੁਖਵਾਸੀ,
ਜੋਗੀ, ਜੰਗਮ ਭੇਖ ਨ ਕੋਈ, ਨਾ ਕੋ ਨਾਥ ਕਹਾਂਇਦਾ।
ਜਪ, ਤਪ, ਸੰਜਮ, ਬਰਤ, ਨ ਪੂਜਾ,
ਨਾ ਕੋ ਆਖ ਵਖਾਣੈ ਦੂਜਾ,
ਆਪੇ ਆਪ ਉਪਾਇ ਵਿਗੱਸੇ, ਆਪੇ ਕੀਮਤ ਪਾਂਇਦਾ।
ਨਾ ਸੁਚ, ਸੰਜਮ, ਤੁਲਸੀ ਮਾਲਾ,
ਗੋਪੀ, ਕਾਨ, ਨ ਗਊ ਗੁਆਲਾ,
ਤੰਤ, ਮੰਤ, ਪਾਖੰਡ ਨ ਕੋਈ, ਨਾ ਕੋ ਵੰਸ ਵਜਾਂਇਦਾ।
ਕਰਮ, ਧਰਮ, ਨਹੀਂ ਮਾਇਆ ਮਾਖੀ,

Digitized by Panjab Digital Library | www.panjabdigilib.org

ਜਾਤ ਜਨਮ ਨਹੀਂ ਦੀਸੈ ਆਖੀਂ,<br>
ਮਮਤਾ ਜਾਲ, ਕਾਲ ਨਹੀ ਮਾਥੈ, ਨਾ ਕੋ ਕਿਸੇ ਧਿਆਇਦਾ.<br>
ਨਿੰਦ, ਬਿੰਦ, ਨਹੀਂ ਜੀਓ, ਨ ਜਿੰਦੋ,<br>
ਨਾ ਤਦ ਗੋਰਖ, ਨਾ ਮਾਛਿੰਦੋ,<br>
ਨਾ ਤਦ ਗਿਆਨ, ਧਿਆਨ, ਕੁਲ ਓਪਤ, ਨਾ ਕੋ ਗਣਤ ਗਣਾਇਦਾ<br>
ਬਰਨ, ਭੇਖ, ਨਹੀ ਬ੍ਰਾਹਮਣ, ਖਤ੍ਰੀ,<br>
ਦੇਵ, ਨ ਦੇਹਰਾ, ਗਊ, ਗਾਇਤ੍ਰੀ,<br>
ਹੋਮ, ਜੱਗ, ਨਹੀ ਤੀਰਥ ਨਾਵਣ, ਨਾ ਕੋ ਪੂਜਾ ਲਾਇਦਾ.<br>
ਨਾ ਕੋ ਮੁੱਲਾਂ, ਨਾ ਕੋ ਕਾਜੀ,<br>
ਨਾ ਕੋ ਸੇਖ, ਮਸਾਇਕ, ਹਾਜੀ,<br>
ਰਈਅਤ, ਰਾਉ, ਨ ਹਉਮੈਂ ਦੁਨੀਆਂ, ਨਾ ਕੋ ਕਹਿਣ ਕਹਾਇਦਾ.<br>
ਭਾਉ ਨ ਭਗਤੀ, ਨਾ ਸਿਵ, ਸਕਤੀ;<br>
ਸਾਜਨ, ਮੀਤ, ਬਿੰਦ, ਨਹੀਂ ਰਕਤੀ,<br>
ਆਪੇ ਸਾਹ, ਆਪੇ ਵਣਜਾਰਾ, ਸਾਚੇ ਏਹੋ ਭਾਇਦਾ.<br>
ਬੇਦ, ਕਤੇਬ, ਨ ਸਿੰਮ੍ਰਤ, ਸਾਸਤ,<br>
ਪਾਠ ਪੁਰਾਣ, ਉਦੈ, ਨਹੀਂ ਆਸਤ,<br>
ਕਥਤਾ ਬਕਤਾ ਆਪ ਅਗੋਚਰ, ਆਪੇ ਅਲਖ ਲਖਾਇਦਾ.<br>
ਜਾਂ ਤਿਸ ਭਾਣਾ, ਜਗਤ ਉਪਾਇਆ,<br>
ਬਾਝ ਕਲਾ ਆਡਾਣ ਰਹਾਇਆ,<br>
ਬ੍ਰਹਮਾ, ਬਿਸਨ, ਮਹੇਸ ਉਪਾਏ, ਮਾਇਆ ਮੋਹ ਵਧਾਇਦਾ.<br>
ਵਿਰਲੇ ਕਉ ਗੁਰ ਸਬਦ ਸੁਣਾਇਆ,<br>
ਕਰ ਕਰ ਵੇਖੈ ਹੁਕਮ ਸਬਾਇਆ,<br>
ਖੰਡ, ਬ੍ਰਹਮੰਡ, ਪਾਤਾਲ ਅਰੰਭੇ, ਗੁਪਤਹੁ ਪ੍ਰਗਟੀ ਆਇਦਾ<br>
ਤਾਂ ਕਾ ਅੰਤ ਨ ਜਾਣੈ ਕੋਈ,

Digitized by Panjab Digital Library | www.panjabdigilib.org

ਪੂਰੇ ਗੁਰੂ ਤੇ ਸੋਝੀ ਹੋਈ,

ਨਾਨਕ, ਸਾਚ ਰਤੇ ਬਿਸਮਾਦੀ, ਬਿਸਮ ਭਏ ਗੁਣ ਗਾਇਦਾ.

ਤਬ ਬ੍ਰਹਮਦਾਸ ਪੰਡਤ ਆਇ ਪੈਰੀਂ ਪਾਇਆ. ਗਲ ਤੇ ਪੱਥਰ ਸੁੱਟ ਪਾਇਆ, ਨਾਉ ਧਰੀਕ ਹੋਇਆ. ਸੇਵਾ ਲਾਗਾ ਕਰਣ, ਅਰ ਮਨ ਤੇ ਬਾਸਨਾ ਜਾਵਸ ਨਾਹੀਂ. ਜੋ ਸੇਵਾ ਕਰਹਿ, ਸੋ ਸਾਸ ਭਰ ਸਹਿਜ ਸੁਭਾਇ ਕਰੈ. ਮਨ ਉੱਤੇ ਆਂਣੈ, ਜੋ 'ਮੈਂ ਅੱਗੇ ਭੀ ਏਹ ਸੇਵਾ ਕਰਦਾ ਥਾ, ਤਬ ਹਉਮੈਂ ਕਾ ਸਦਕਾ ਥਾਂਇ ਪਵੈ ਨਾਂਹੀ.'

ਤਦਹੁੰ ਗੁਰੂ ਬਾਬੇ ਏਕ ਦਿਨ ਆਖਿਆ, ਜੋ "ਜਾਹਿ, ਗੁਰੂ ਕਰ." ਤਬ ਪੰਡਤ ਆਖਿਆ, "ਜੀ, ਕਉਣ ਗੁਰੂ ਕਰਾਂ?" ਤਦਹੁੰ ਗੁਰੂ ਬਾਬੇ ਆਖਿਆ, ਜੋ "ਜਾਹਿ, ਉਦਿਆਨ ਵਿੱਚ ਇਕ ਕੋਠਾ ਹੈ, ਤਿਥੈ ਚਾਰ ਫਕੀਰ ਬੈਠੇ ਹੈਨ, ਓਹ ਤੈਨੂੰ ਦੱਸਨਗੇ." ਤਬ ਓਥਹੁੰ ਬ੍ਰਹਮਦਾਸ ਚੱਲਿਆ. ਜਾਇ ਪੈਰੀਂ ਪਉਣਾ ਕਹਿਆ. ਤਬ ਇੱਕ ਘੜੀ ਸਮਝਾਇ ਕੈ ਓਨਾਂ ਸਿੱਖਾਂ ਕਹਿਆ, "ਇਸ ਮੰਦਿਰ ਵਿੱਚ ਤੇਰਾ ਗੁਰੂ ਹੈ." ਤਬ ਪੰਡਤ ਆਇਆ, ਆਇ ਤਸ-

Digitized by Panjab Digital Library | www.panjabdigilib.org

ਲੀਮ ਕੀਤੀਅਸੁ. ਤਬ ਅੱਗੇ ਸੂਹੇ ਬਸਤ੍ਰ ਪੈਧੇ ਇਸਤ੍ਰੀ ਖੜ੍ਹੀ ਥੀ. ਤਬ ਲੇ ਕਰ ਪੈਜਾਰ ਬੁਰੇਹਾਲ ਮਾਰਿਆ. ਤਬ ਰੋਂਦਾ ਰੋਂਦਾ ਆਇਆ. ਤਬ ਓਨਾਂ ਸਿਖਾਂ ਪੁੱਛਿਆ, "ਗੁਰੂ ਮਿਲਿਓ?" ਤਬ ਓਸ ਆਪਣੀ ਹਕੀਕਤ ਆਖ ਸੁਣਾਈ. ਤਬ ਓਨੀ ਸਿੱਖੀਂ ਆਖਿਆ, "ਭਾਈ ਜੀ, ਓਹ ਮਾਇਆ ਸੀ. ਜਿਸ ਦੀ ਤੂੰ ਬਾਸਨਾਂ ਕਰਦਾ ਥਾ, ਓਹੀ ਤੇਰਾ ਗੁਰੂ ਥੀ."

ਤਬ ਆਇ ਗੁਰੂ ਬਾਬੇ ਦੀ ਪੈਰੀਂ ਪਾਇਆ. ਦੋਵੈਂ ਊਟ ਪੁਰਾਣਾਂ ਦੇ ਸੁੱਟ ਪਾਏ. ਗੁਰੂ ਗੁਰੂ ਲੱਗਾ ਜਪਣ. ਸੰਗਤ ਦੀ ਚਰਨ ਰੇਣ ਹੋਆ. ਤੱਤ ਬਾਂਣੀ ਹੱਸੂ ਲੁਹਾਰ ਅਤੇ ਸੀਹੇਂ ਛੀਂਬੇ ਲਿਖੀ. ਤਬ ਬਾਬੇ ਸਲੋਕ ਆਖਿਆ :—

ਸਹੰਸਰ ਦਾਨ ਦੇ ਇੰਦ੍ਰ ਰੁਆਇਆ.
ਰੋਵੈ ਪਰਸਰਾਮ ਘਰ ਆਇਆ.
ਅਜੈ ਸੋ ਰੋਵੈ ਭੀਖਿਆ ਖਾਇ.
ਐਸੀ ਦਰਗਹਿ ਮਿਲੈ ਸਜਾਇ.
ਰੋਵੈ ਰਾਮ ਨਿਕਾਲਾ ਭਇਆ.
ਸੀਤਾ ਲਛਮਣ ਵਿਛੁੜ ਗਇਆ.
ਰੋਵੈ ਦਹਿਸਿਰ ਲੰਕ ਗਵਾਇ,
ਜਿਨੁ ਸੀਤਾ ਆਂਦੀ ਡਉਰੂ ਵਾਇ.

Digitized by Panjab Digital Library | www.panjabdigilib.org

ਰੋਵੈਂ ਪਾਂਡਵ ਭਏ ਮਜੂਰ,
ਜਿਨ ਕੇ ਸੁਆਮੀ ਰਹਿਤ ਹਜੂਰ.
ਰੋਵੈ ਜਨਮੇਜਾ ਖੁਐ ਗਇਆ,
ਏਕੈ ਕਾਰਣ ਪਾਪੀ ਭਇਆ.
ਰੋਵੈਂ ਸੇਖ, ਮਸਾਇਕ, ਪੀਰ,
ਅੰਤ ਕਾਲ ਮਤ ਲਾਗੈ ਭੀੜ.
ਰੋਵੈਂ ਰਾਜੇ ਕੰਨ ਪੜਾਇ,
ਘਰ ਘਰ ਭੀਖਿਆ ਮੰਗਣ ਜਾਇ.
ਰੋਵੈਂ ਕਿਰਪਣ ਸੰਚ ਧਨ ਜਾਇ.
ਪੰਡਿਤ ਰੋਵੈਂ ਗਿਆਨ ਗਵਾਇ.
ਬਾਲੀ ਰੋਵੈ ਜਿਸ ਨਾਹਿ ਭਤਾਰ.
ਨਾਨਕ, ਦੁਖੀਆ ਸਭ ਸੰਸਾਰ.
ਮੰਨੈ ਨਾਮ, ਸੋਈ ਜਿਣ ਜਾਇ,
ਅਵਰ ਕਰਮ ਨਾਹਿ ਲੇਖੈ ਪਾਇ.

ਤਬ ਬਾਬੇ ਦੀ ਖੁਸੀ ਹੋਈ. ਓਥਹੁ ਰੰਦਦੇ ਰਹੇ. ਬੋਲੋ ਵਾਹ ਗੁਰੂ!

# ਸਾਖੀ ਪੰਜਾਹਵੀਂ ਚੱਲੀ.

ਸਵਾ ਲਾਖ ਪਰਬਤ ਲੰਘਿਆ. ਅੱਗੇ ਸੁਮੇਰ ਜਾਇ ਚੜ੍ਹਿਆ, ਜਹਾਂ ਮਹਾਦੇਵ ਕਾ ਅਸਥਾਨ ਥਾ. ਤਬ ਅਗੋ ਮਹਾਂਦੇਉ ਅਤੇ ਗੋਰਖ ਨਾਥ ਅਤੇ ਭਰਥਰੀ ਅਤੇ ਗੋਪੀਚੰਦ ਅਤੇ ਚਰਪਟ ਬੈਠੇ ਥੇ. ਤਬ ਬਾਬੇ ਜਾਇ "ਆਦੇਸ ਆਦੇਸ!" ਕੀਤਾ. ਬਾਬਾ ਬੈਠ ਗਇਆ. ਤਦਹੂੰ ਸਿੱਧ ਤ੍ਰਿੱਬੀ ਦਿੱਤੀ. ਤਾਂ ਆਖਿਓਨ, "ਜਾਹਿ, ਜੀ, ਭਰ ਲੈ ਆਉ ਕਲਿਜੁਗ ਕੇ ਬਾਲਕੇ!" ਤਦਹੂ ਬਾਬਾ ਤ੍ਰਿੱਬੀ ਭਰਣ ਗਇਆ. ਜਾਂ ਪਾਂਣੀ ਵਿਚ ਪਾਏ, ਤਾਂ ਹੀਰੇ ਮੋਤੀ ਵਿੱਚ ਲੱਗੇ ਪਵਣ. ਤਬ ਗੁਰੂ ਬਾਬੇ ਤ੍ਰਿੱਬੀ ਧਰਤੀ ਨਾਲ ਮਾਰੀ, ਤਬ ਠੀਕਰੀਆਂ ਹੋਇ ਗੱਈਆਂ. ਤਦਹੂ ਬਾਬੇ ਠੀਕਰੀਆਂ ਜੋੜੀਆਂ, ਜੋੜ ਕੈ ਸਲੋਕ ਦਿੱਤਾ :—

ਭੰਨੈ, ਘੜੇ, ਸਵਾਰੇ ਸੋਇ.
ਨਾਨਕ, ਸਚ ਬਿਨ ਅਵਰ ਨ ਕੋਇ.

ਤਬ ਸਿੱਧਾਂ ਕੀ ਕਲਾ ਦੂਰ ਹੋਈ. ਤਬ ਤ੍ਰਿੱਬੀ

ਪਾਂਣੀ ਪਾਇਆ. ਤਬ ਸਿੱਧਾਂ ਪਾਸ ਭਰ ਲੇ ਆ-
ਇਆ. ਤਬ ਸਭਨਾਂ ਸਿੱਧਾਂ ਪਾਂਣੀ ਪੀਤਾ, ਪਰ
ਪਾਂਣੀ ਨਿਖੁੱਟੈ ਨਾਂਹੀ. ਤਬ ਮਹਾਂਦੇਉ ਪੁੱਛਿਆ,
"ਤੂੰ ਗਿਰਹੀ ਹੈਂ ਕਿ ਉਦਾਸੀ ਹੈਂ?" ਤਦਹੂੰ ਬਾਬੇ
ਆਖਿਆ, ਜੇ "ਉਦਾਸੀ ਕੇ ਲੱਛਣ ਕਉਣ ਹੈਨ?
ਅਰ ਗਿਰਹੀ ਕੇ ਲੱਛਣ ਕਉਣ ਹੈਨ?" ਤਬ ਮਹਾ-
ਦੇਵ ਬੋਲਿਆ ਸਲੋਕ :—

ਜੋ ਗਿਰਹੀ, ਜੋ ਨਿਗ੍ਰਹੁ ਕਰੈ. [redacted]
ਜਪ, ਤਪ, ਸੰਜਮ ਕਰੀ ਭੀਖਿਆ ਕਰੈ.
ਪੁੰਨ ਦਾਨ ਕਾ ਕਰੈ ਸਰੀਰ,
ਸੋ ਗਿਰਹੀ ਗੰਗਾ ਕਾ ਨੀਰ.
ਬੋਲੈ ਈਸਰੁ, ਸਤ ਸਰੂਪ
ਪਰਮ ਤੰਤ ਮਹਿ ਰੇਖ ਨ ਰੂਪ.

ਤਬ ਗੁਰੂ ਜਬਾਬ ਦਿੱਤਾ ਸਲੋਕ :—

ਕਿਉ ਮਰੈ ਮੰਦਾ? ਕਿਉ ਜੀਵੈ ਜੁਗਤਿ?
ਕੰਨ ਫੜਾਇ ਕਿਉ ਖਾਈਐ ਭੁਗਤਿ?
ਆਸਤ ਨਾਸਤ ਏਕੋ ਨਾਉ.
ਕਉਨੁ ਸੁ ਅੱਖਰ ਜਿਤ ਰਹੈ ਹਿਆਉ?
ਧੂਪ ਛਾਉ ਜੋ ਸਮ ਕਰ ਸਹੈ.
ਕਹਿ ਨਾਨਕ ਗੋਰਖ ਕਉ ਕਹੈ.

Digitized by Panjab Digital Library | www.panjabdigilib.org

ਛਿਅ ਵਰਤਾਰੇ ਵਰਤੈ ਪੂਤ,
ਨਾ ਸੰਸਾਰੀ ਨਾ ਅਉਧੂਤ,
ਨਿਰੰਕਾਰ ਜੋ ਰਹੈ ਸਮਾਇ,
ਕਾਹੇ ਭਿਖਿਆ ਮੰਗਣ ਜਾਇ?
ਬੋਲੈ ਨਾਨਕ ਸੱਤ ਸਰੂਪ
ਪਰਮ ਤੱਤ ਮਾਹਿ ਰੇਖ ਨ ਰੂਪ.

**ਤਬ ਫਿਰ ਗੋਪੀਚੰਦ ਬੋਲਿਆ. ਗੋਪੀਚੰਦ ਉਦਾਸੀ ਬਾ: ਉਦਾਸ ਕਾ ਗੁਣ ਲੈ ਬੋਲਿਆ ਸਲੋਕ:—**

ਸੋ ਉਦਾਸੀ, ਜੋ ਰਹੈ ਉਦਾਸ,
ਅਰਧ ਉਰਧ ਨਿਰੰਤਰ ਵਾਸ,
ਚੰਦ ਸੂਰਜ ਕੀ ਪਾਵੈ ਗੰਢ;
ਤਿਸ ਉਦਾਸੀ ਕਾ ਪੜੈ ਨ ਕੰਧ.
ਬੋਲੈ ਗੋਪੀਚੰਦ, ਸੱਤ ਸਰੂਪ
ਪਰਮ ਤੱਤ ਮਾਹਿ ਰੇਖ ਨ ਰੂਪ.

**ਤਬ ਬਾਬੇ ਜਬਾਬ ਦਿੱਤਾ ਸਲੋਕ :—**

ਤ੍ਰਿਹੁ ਕਾ ਮਾਰ ਮਿਲਾਵੈ ਮਾਨ,
ਪੰਚਾਂ ਮਾਹਿ ਰਹੈ ਪਰਧਾਨ,
ਪੰਚਾਂ ਕਾ ਜੋ ਜਾਣੈ ਭੇਉ
ਸੋਈ ਕਰਤਾ, ਸੋਈ ਦੇਉ.
ਅਗਮ ਨਿਗਮ ਜੋ ਬਾਚ ਸੁਣਾਵੈ,
ਬੇਧੈ ਨਉ ਗਰਹਿ ਘਰ ਮਾਹਿ ਆਵੈ.

Digitized by Panjab Digital Library | www.panjabdigilib.org

ਸੱਤ ਸਤਾਈ ਚੌਦਹਿ ਚਾਰ,
ਤਾਂ ਕੇ ਆਗੇ ਖੜੇ ਦੁਆਰ.
ਅੱਠ ਅਠਾਈ ਹਨ ਬਾਰਹਿ ਬੀਸ,
ਤਾਂ ਕੇ ਆਗੇ ਕਢਹਿ ਖੜੇ ਹਦੀਸ.
ਊਚੀ ਨਦਰ ਸਰਾਫੀ ਹੋਇ,
ਨਾਨਕ ਕਹੈ, ਉਦਾਸੀ ਸੋਇ.

ਸੋ ਉਦਾਸੀ, ਜੋ ਰਹੈ ਉਦਾਸ,
ਰੁੱਖ ਬਿਰਖ ਗਗਨੰਤਰ ਵਾਸ,
ਅਹਿ ਨਿਸ ਰਹੈ ਜੋਗ ਅਭਿਆਸ,
ਪਰ ਸੰਗ ਅੰਗ ਨ ਲਾਵੈ ਪਾਸ.
ਜਿਸ ਘਟ ਦੁਤੀਆ ਦੁਬਿਧਾ, ਦੁਰਮਤਿ, ਮੈਲ ਨ ਹੋਈ,
ਨਾਨਕ ਕਹੈ, ਉਦਾਸੀ ਸੋਈ.

ਗਿਆਨ ਖੜਗ ਲੈ ਮਨ ਸਿਉ ਲੂਝੈ,
ਮਰਮ ਦਸਾਂ ਪੰਚਾਂ ਕਾ ਬੂਝੈ,
ਮਨ ਸੁਰਤਿ ਕੀ ਪਾਵੈ ਗੰਢ,
ਤੀਰਥ ਪਰਸੇ ਤ੍ਰੈ ਸੈ ਸੱਠ.
ਜਿਨ ਇਹ ਮੈਲ ਮਨਹਿ ਕੀ ਖੋਈ,
ਨਾਨਕ ਕਹੈ, ਉਦਾਸੀ ਸੋਈ.

ਦੇਹੀ ਅੰਦਰ ਅਠ ਸਠ ਹਾਟ,
ਅਉਘਟ ਘਾਟ ਬਿਖਮ ਹੈ ਬਾਟ,
ਐਸਾ ਮਾਰਗ ਸਤ ਗੁਰੂ ਬਤਾਇਆ,
ਦਹਿ ਦਿਸ ਦੇਖ ਸਹਿਜ ਘਰ ਆਇਆ.
ਅਠ ਸਠ ਗੰਠੀ ਖੋਲੈ ਰੋਈ,

ਨਾਨਕ ਕਹੈ ਉਦਾਸੀ ਸੋਈ.

ਕਹਾਂ ਸੁ ਦਾਇਆਲ, ਗਗਨ ਕਾ ਭੁਵਣ?
ਅਹਿ ਨਿਸ ਸਦਾ ਮਨਾਵੈ ਸਉਣ.
ਐਸਾ ਸੂਰਾ ਪੂਰਾ ਕਉਣ?
ਥ੍ਰਿਪੇ ਬਸੰਤਰ, ਪਾਣੀ ਪਉਣ.
ਜਿਨ ਇਹ ਗਗਨ ਮੰਡਲ ਕੀ ਗਊਆ ਚੋਈ,
ਨਾਨਕ ਕਹੈ ਉਦਾਸੀ ਸੋਈ.

ਪ੍ਰਿਥਮੇ ਪੂਰਬ ਕਉ ਦ੍ਰਿਸਟਿ ਧਰੈ.
ਦੁਤੀਆ ਦੱਖਣ ਕਉ ਗਉਣ ਕਰੈ.
ਦੱਖਣ ਤੇ ਜਬ ਪਛਮ ਜਾਇ,
ਤਾਂ ਹੱਟ ਪਟਣ ਕੀ ਸੋਝੀ ਪਾਇ.
ਪੱਛਮ ਤੇ ਜੋ ਚੜ੍ਹੇ ਸੁਮੇਰ,
ਆਵੈ ਪਰਦੱਖਣਾ ਕੇ ਫੇਰ.
ਸਪਤ ਪੁਰੀ ਊਪਰ ਕਵਲਾਸਣ,
ਤਹਾਂ ਪਾਰਬ੍ਰਹਮ ਕਾ ਆਸਣ.
ਜਿਨ ਹੀਰੇ ਰਤਨੀ ਮਾਲ ਪਰੋਈ,
ਨਾਨਕ ਕਹੈ ਉਦਾਸੀ ਸੋਈ.

**ਤਬ ਗੋਰਖ ਨਾਥ ਬੋਲਿਆ. ਗੋਰਖ ਨਾਥ ਅਉਧੂਤਾ, ਅਉਧੂਤਾਂ ਕਾ ਲੱਛਣ ਲੇ ਬੋਲਿਆ ਸਲੋਕ :—**

ਅਉਧੂ ਸੋ, ਜੋ ਧੂਪੇ ਆਪ.
ਭਿੱਖਿਆ ਭੋਜਨ ਕਰੈ ਸੰਤਾਪ.

ਹੱਟ ਪਟਣ ਕੀ ਭਿੱਖਿਆ ਖਾਇ,
ਸੋ ਅਉਧੂ ਸਿਵ ਊਪਰ ਜਾਇ.
ਬੋਲੇ ਗੋਰਖ ਨਾਥ, ਸੱਤ ਸਰੂਪ,
ਪਰਮ ਤੱਤ ਮਹਿ ਰੇਖ ਨ ਰੂਪ.

## ਤਬ ਗੁਰੂ ਜਬਾਬ ਦਿੱਤਾ ਸਲੋਕ :—

ਗੁਰੂ ਕਾ ਭਗਤ, ਇੰਦ੍ਰੀ ਕਾ ਜਤੀ,
ਹਿਰਦੈ ਕਾ ਮੁਕਤਾ, ਮੁਖ ਕਾ ਸਤੀ,
ਦ੍ਰਿਸਟਿ ਦਾਇਆਲ ਕਰ ਦੇਖੈ ਦਾਨ,
ਜੋ ਘਟ ਲਿਵਿਆ, ਸੋ ਲਿਵਿਆ ਜਾਨ,
ਬਚਨ ਸਬਦ ਕਾ ਸਫਲ ਸੁ ਹੋਤ,
ਨਾਨਕ ਕਹੈ, ਸੋਈ ਅਉਧੂਤ.
ਚੰਚਲ ਚੀਤ ਨ ਜਾਇ ਤਮਾਸੇ,
ਜੂਐ ਜਾਇ ਨ ਖੇਲੈ ਪਾਸੇ,
ਮੰਦੇ ਚੰਗੇ ਚਿੱਤ ਨ ਲਾਵੈ,
ਗੁਰੂ ਕਾ ਦੀਆ ਅੰਗ ਹੰਢਾਵੈ.
ਪਰ ਘਰ ਜਾਇ ਨ ਕੀਜੈ ਕੱਥ,
ਐਸੀ ਸਤਿ ਗੁਰ ਕੇਰੀ ਨੱਥ.
ਗੁਰੂ ਕੀ ਸਿੱਖ ਸੁਣ, ਰੇ ਪੂਤਾ!
ਨਾਨਕ ਕਹੈ, ਸੋਈ ਅਉਧੂਤਾ.
ਗਗਨੰਤਰ ਕਉ ਤੁਰੰਗ ਉਡਾਵੈ,
ਅਹਿ ਨਿਸ ਡੋਰੀ ਗੁੱਡੀ ਲਾਵੈ,
ਪਰਚਾ ਹੋਇ, ਤੁ ਫਿਰ ਘਰ ਆਵੈ,
ਇਨ ਬਿਧ ਜੋਗੀ ਕਮਾਵੈ ਜੋਗ,

Digitized by Panjab Digital Library | www.panjabdigilib.org

ਆਏ ਹਰਖ ਨ ਗਏ ਸੋਗ.
ਸੰਜਮ ਰਹੈ ਨ ਬਿਨਸੈ ਸੂਤ,
ਨਾਨਕ ਕਹੈ ਸੋਈ ਅਉਧੂਤ.
ਅਸਰਾ ਨਦੀ ਅਪੁਠੀ ਧਰੈ.
ਅਹਿਨਿਸ ਸਦਾ ਸਬਦ ਲਿਵ ਧਰੈ.
ਉਲਟੈ ਕਵਲ ਪਲਟੈ ਪਵਨ,
ਇਉ ਨਿਵਾਰੈ ਆਵਾਗਉਨ.
ਮਨ ਪਉਣ ਕਉ ਰਾਖੈ ਬੰਧ..
ਲਹੈ ਤ੍ਰਿਬੇਣੀ ਤ੍ਰਿਕੁਟੀ ਸੰਧ.
ਅਪਨੇ ਵਸ ਕਰ ਰਾਖੇ ਦੂਤ.
ਨਾਨਕ ਕਹੈ ਸੋਈ ਅਉਧੂਤ.

ਤਬ ਫਿਰ ਚਰਪਟ ਬੋਲਿਆ. ਚਰਪਟ ਜੋਗੀ ਥਾ, ਜੋਗ ਕਾ ਗੁਣ ਲੈ ਬੋਲਿਆ ਸਲੋਕ :—

ਸੋ ਪਖੰਡੀ, ਜੋ ਕਾਇਆ ਪਖਾਲੇ.
ਕਾਇਆਂ ਕੀ ਅਗਨਿ ਬ੍ਰਹਮ ਪਰ ਜਾਲੇ.
ਸੁਪਨੈ ਬਿੰਦ ਨ ਦੇਈ ਝਰਣਾ,
ਤਿਸ ਪਖੰਡੀ ਕਾ ਜਰਾ ਨ ਮਰਣਾ.
ਬੋਲੈ ਚਰਪਟ, ਸੱਤ ਸਰੂਪ
ਪਰਮ ਤਤ ਮਹਿ ਰੇਖ ਨ ਰੂਪ.

ਤਾਂ ਗੁਰੂ ਬੋਲਿਆ ਸਲੋਕ :—

ਆਸਣ ਸਾਧ ਨਿਰਾਲਮ ਰਹੈ.
ਪੰਚ ਤੱਤ ਨਿੱਗ੍ਰਹੁ ਕਰ ਗਹੈ.

Digitized by Panjab Digital Library | www.panjabdigilib.org

ਥੋੜੀ ਨਿੰਦ੍ਰਾ ਅਲਪ ਅਹਾਰੀ.
ਸਾਧ ਕਾ ਪਿੰਡ ਸਦਾ ਬੀਚਾਰੀ.
ਜਪ, ਤਪ, ਸੰਜਮ, ਸੁਰਤ ਬਿਚੱਖਣ,
ਨਾਨਕ ਕਹੈ ਜੋਗੀ ਕੇ ਲੱਖਣ.
ਜਾਂ ਬੋਲੈ, ਤਾਂ ਬ੍ਰਹਮ ਗਿਆਨੀ.
ਅਹਿ ਨਿਸ ਜਾਗੈ ਸੁੰਨ ਧਿਆਨੀ.
ਸੁੰਨ ਮੰਡਲ ਮਾਹਿ ਤ੍ਰੋੜੀ ਧਰੈ,
ਗੁਰੂ ਪਰਸਾਦਿ ਕਬਹੂ ਨਹਿ ਮਰੈ.
ਇਨ ਬਿਧਿ ਕੀਚੈ ਗੁਰੂ ਕੀ ਸੇਵਾ,
ਤਾਰੇ ਥੰਮੈ ਸਗਲੇ ਦੇਵਾ.
ਜਿਹਵਾ ਸਾਦ ਨ ਦੇਈ ਚੱਖਣ,
ਨਾਨਕ ਕਹੈ ਜੋਗ ਕੇ ਲੱਛਣ.
ਤਾਮਸ ਤ੍ਰਿਸਨਾ ਲੋਭ ਨਿਵਾਰੈ,
ਪੰਚ ਅਗਨਿ ਘਟ ਭੀਤਰ ਜਾਰੈ.
ਅਹਿ ਨਿਸ ਰਹੈ ਗੜੀਰ ਚੜ੍ਹਾਇ,
ਸਹਿਜ ਉਪਜੈ ਦੁਰਮਤਿ ਜਾਇ.
ਸਾਧ ਨਿਵਾਜੈ, ਬੰਧੈ ਚੇਰਾ.
ਗੁਰੂ ਬਿਨ ਮੰਤ੍ਰ ਨ ਜਪੀਐ ਹੋਰਾ.
ਉੱਤਮ ਭਲੇ ਤਿਨਾ ਕੇ ਲੱਖਣ,
ਨਾਨਕ ਕਹੈ ਜੋਗ ਕੇ ਲੱਛਣ.
ਪੰਚ ਇੰਦ੍ਰੀ ਜੋ ਦ੍ਰਿੜ ਕਰ ਰਾਖੈ.
ਜਿਹਬਾ ਮੁਖਹੁੰ ਅਸੱਤ ਨ ਭਾਖੈ.
ਕੋਟ ਕੋਟੰਤਰ ਤੱਤ ਕਾ ਬੇਤਾ.
ਸੁੰਨ ਮੰਡਲ ਮਾਹਿ ਰਾਖੈ ਚੇਤਾ.

Digitized by Panjab Digital Library | www.panjabdigilib.org

ਸਿਰ ਪਇਆਲ ਗਗਨ ਸਰ ਭਰੇ.
ਜਾਇ ਤ੍ਰਿਬੇਣੀ ਮੱਜਨ ਕਰੇ.
ਪੰਜ ਸੱਤ ਨੌਂ ਲੱਗਾ ਰੱਖਣ,
ਨਾਨਕ ਕਹੈ, ਜੋਗ ਕੇ ਲੱਛਣ.
ਪੂਰਬ ਚੜ੍ਹ ਪੱਛਮ ਕੋ ਆਵੈ.
ਰਵਿ ਸਸਿ ਦੋਉ ਇਕਤ੍ਰ ਮਿਲਾਵੈ.
ਹਾਟ ਪਟਣ ਕੀ ਚੀਨੈ ਵਾਟ.
ਤਾਂ ਫਿਰ ਬੂਝੈ ਅਵਘਟ ਘਾਟ.
ਨੌਂ ਖੰਡ ਦੇਖੇ ਪੂਰਬ, ਪੱਛਮ, ਉੱਤਰ, ਦੱਖਣ,
ਨਾਨਕ ਕਹੈ, ਜੋਗ ਕੇ ਲੱਛਣ.
ਏਹ ਤਨ ਭਾਂਡਾ ਸੁਰਤ ਕਰ ਦੂਧ.
ਤਿਸ ਪਾਈਐ ਸੱਚ ਸਮਾਇਣ ਸੂਧ.
ਜੁਗਤ ਜਤਨ ਕਰ ਸਹਿਜ ਜਮਾਵੈ.
ਜੁਗਤ ਵਿਹੂਣਾ ਵਿੱਰੋ ਜਾਵੈ.
ਗਿਆਨ ਮਧਾਣਾ ਨੇਤ੍ਰਾ ਨਾਂਉ,
ਇਨ ਬਿਧ ਜਪੀਐ ਕੇਵਲ ਨਾਂਉ.
ਰੋਲ ਬਿਰੋਲ ਕਢ ਲੀਜੈ ਮੱਖਣ,
ਨਾਨਕ ਕਹੈ, ਜੋਗੀ ਕੇ ਲੱਛਣ.

**ਤਬ ਫਿਰ ਭਰਥਰੀ ਬੋਲਿਆ. ਭਰਥਰੀ ਬੈ-ਰਾਗੀ ਥਾ, ਬੈਰਾਗ ਕਾ ਗੁਣ ਲੇ ਬੋਲਿਆ ਸਲੋਕ :—**

ਸੋ ਬੈਰਾਗੀ ਜੋ ਉਲਟੈ ਬ੍ਰਹਮ.
ਨਾਭਿ ਕਵਲ ਮੇ ਰੋਪੈ ਥੰਮ.
ਅਹਿ ਨਿਸ ਅੰਤਰ ਰਹੈ ਧਿਆਨ,

ਸੋ ਬੈਰਾਗੀ ਸੱਤ ਸਮਾਨ.
ਬੋਲੈ ਭੁਰਥਰਿ, ਸੱਤ ਸਰੂਪ,
ਪਰਮ ਤੱਤ ਮਾਹਿ ਰੇਖ ਨ ਰੂਪ.

**ਤਬ ਗੁਰੂ ਬਾਬੇ ਜਬਾਬ ਦਿੱਤਾ ਸਲੋਕ:—**

ਸੋ ਬੈਰਾਗੀ, ਜੋ ਬੈ ਮਾਹਿ ਆਵੈ.
ਸਿਵ ਕੇ ਆਗੇ ਸਕਤਿ ਨਿਵਾਵੈ.
ਸਿਵ ਸਕਤੀ ਕੇ ਕਰਮ ਕਰੈ.
ਅਜਰ ਵਸਤੁ ਅਗੋਚਰ ਜਰੈ.
ਐਸਾ ਅਉਖਦ ਖਾਹਿ ਗਵਾਰ,
ਜਿਤ ਖਾਧੇ ਤੇਰੇ ਮਿਟਹਿ ਬਿਕਾਰ.
ਜਿਸ ਤਾਂਮਸ, ਤ੍ਰਿਸਨਾ, ਹਉ ਮੈ ਤਿਆਗੀ,
ਨਾਨਕ ਕਹੈ, ਸੋਈ ਬੈਰਾਗੀ.
ਪਰਚੈ ਕੈ ਘਰ ਰਹੈ ਉਦਾਸ.
ਅਰਚੈ ਕੈ ਘਰ ਕਰੈ ਨਿਵਾਸ,
ਊਂਦਰ ਕੇ ਸਬਦ ਬਿਲਾਈ ਭਾਗੀ,
ਨਾਨਕ ਕਹੈ, ਸੋਈ ਬੈਰਾਗੀ.
ਸੋ ਬੈਰਾਗੀ, ਜੋ ਸੰਤੋਖ ਮੇ ਆਵੈ,
ਉਲਟੇ ਪਉਣ ਸਹਿਜ ਸਮਾਵੈ,
ਪੰਚ ਚੋਰ ਕਉ ਵਸਿਗਤਿ ਕਰੈ,
ਸੋ ਬੈਰਾਗੀ ਸਿਵ ਊਪਰ ਚੜੈ.
ਅਵਗਤ ਤਿਆਗ ਟੇਕ ਲਿਵ ਲਾਗੀ.
ਨਾਨਕ ਕਹੈ, ਸੋਈ ਬੈਰਾਗੀ.
ਸੋ ਬੈਰਾਗੀ, ਜੋ ਬੈਰਾਗ ਮੇ ਆਵੈ.

Digitized by Panjab Digital Library | www.panjabdigilib.org

ਸਾਸ ਸਾਸ ਹਰਿ ਨਾਮ ਧਿਆਵੈ.
ਸਹਿਜੇ ਆਸਣ ਕਰੇ ਚੇਤਾ,
ਸੋ ਬੈਰਾਗੀ ਤੱਤ ਕਾ ਬੇਤਾ:
ਨੀਂਦ ਨਿਵਾਰੀ ਸੁੰਨ ਮਹਿ ਜਾਗੀ,
ਨਾਨਕ ਕਹੈ ਸੋਈ ਬੈਰਾਗੀ.

ਸੋ ਬੈਰਾਗੀ ਜੋ ਮਾਰੈ ਬਿੰਦ.
ਗੁਰੂ ਪਰਸਾਦ ਪਾਵੈ ਬ੍ਰਹਮੰਡ.
ਸੁੰਨ ਗਿਆਨ ਰਹੈ ਅਖੰਡ.
ਨਉ ਦਰਵਾਜੇ ਰਾਖੇ ਬੰਧ.
ਦਸਵੈਂ ਖੋਲੈ ਅਨਹਦ ਫੰਦ.
ਦਸਵੈਂ ਉਪਜੈ ਨ ਹੋਇ ਬਿਨਾਸ.
ਦਸਵੈਂ ਪਰਮ ਪੁਰਖ ਕਾ ਬਾਸ.
ਦਸਵੈਂ ਪਰਮ ਪੁਰਖ ਕਉ ਭੇਦੇ,
ਸੋ ਬੈਰਾਗੀ ਕਾਲ ਕਉ ਛੇਦੇ.
ਐਸੀ ਬਿਧ ਜੋ ਕਰੇ ਬੈਰਾਗ,
ਨਾਨਕ, ਤਾਂ ਕਉ ਆਵੈ ਨਿਰਮਲ ਸੁਆਦ.

ਸੋ ਬੈਰਾਗੀ ਜੋ ਰਹੈ ਨਿਰਬਾਣ.
ਦੁਆਦਸ ਪੀਵੈ ਮਨ ਮਸਤਾਨ.
ਗਗਨ ਸਰੋਵਰ ਅਨਹਦ ਤਾਲ.
ਚਮਕੈ ਦਾਮਨ ਨਿਰਮਲ ਜ੍ਵਾਲ.
ਬਰਸੈ ਅੰਮ੍ਰਿਤ ਭੀਜੇ ਸੰਤ.
ਨਾਨਕ, ਸੋ ਬੈਰਾਗੀ, ਜੋ ਗੁਰੂ ਕੇ ਮੰਤ੍ਰ:

ਤਬ ਭਰਥਰੀ ਆਖਿਆ, "ਨਾਨਕ, ਤੂੰ ਜੋਗੀ

ਹੋਹ, ਜੋ ਜੁਗ ਜੁਗ ਜੀਂਵਦਾ ਰਹੈਂ." ਤਬ ਬਾਬੇ ਆਖਿਆ, "ਜੋਗ ਕਾ ਕਵਣ ਰੂਪ ਹੈ?" ਤਬ ਭਰਥਰੀ ਬੋਲਿਆ ਜੋਗ ਕਾ ਰੂਪ :—

ਮੁੰਦ੍ਰਾਂ, ਖਿੰਥਾ, ਝੋਲੀ, ਡੰਡਾ,
ਸਿੰਙੀ ਨਾਦ ਵਜੈ ਬ੍ਰਹਮੰਡਾ.

ਤਬ ਬਾਬਾ ਬੋਲਿਆ ਸਬਦ ਰਾਗ ਆਸਾ ਵਿੱਚ ਮਹੱਲਾ ੧ :—

ਗੁਰੂ ਕਾ ਸਬਦ ਮਨੈ ਮਹਿ ਮੁੰਦ੍ਰਾ, ਖਿੰਥਾ ਖਿਮਾ ਹੰਢਾਵਉ,
ਜੋ ਕੁਛ ਕਰੇ ਭਲਾ ਕਰ ਮਾਨਉ, ਸਹਿਜ ਜੋਗ ਨਿਧ ਪਾਵਉ.
ਬਾਬਾ, ਜੁਗਤਾ ਜੀਉ ਜੁਗੋ ਜੁਗ ਜੋਗੀ ਪਰਮ ਤੱਤ ਮਹਿ ਜੋਗੀ.
ਅੰਮ੍ਰਿਤ ਨਾਮ ਨਿਰੰਜਨ ਪਾਇਆ, ਗਿਆਨ ਮਹਾ ਰਸ ਭੋਗੀ.
ਪਤ ਬੀਚਾਰ, ਗਿਆਨ ਮਤਿ ਡੰਡਾ, ਵਰਤਮਾਨ ਬਿਭੂਤੈ.
ਹਰਿ ਕੀਰਤਨ ਰਹਿਰਾਸ ਹਮਾਰੀ, ਗੁਰਮੁਖ ਪੰਥ ਅਤੀਤੰ.
ਸਿਵ ਨਗਰੀ ਮਹਿ ਆਸਣ ਬੈਸਣ, ਕਲਪ ਤਿਆਗੀ ਬਾਦੰ,
ਸਿੰਙੀ ਸਬਦ ਸਦਾ ਧੁਨਿ ਉਪਜੈ, ਅਹਿ ਨਿਸ ਪੂਰੈ ਨਾਦੰ.
ਸਗਲੀ ਜੋਤ ਤੁਮਾਰੀ ਸੰਮਿਆਂ ਨਾਨਾ ਵਰਨ ਅਨੇਕੰ.
ਕਹੈ ਨਾਨਕ, ਸੁਣ ਭਰਥਰਿ ਜੋਗੀ, ਪਾਰਬ੍ਰਹਮ ਲਿਵ ਏਕੰ.

ਤਦਹੁੰ ਸਿੱਧ ਬੋਲੇ, "ਨਾਨਕ, ਤੂੰ ਅਚਲ ਚਲ, ਮੇਲਾ ਹੈ ਦਰਸਨ ਸਿੱਧਾਂ ਕਾ." ਤਬ ਬਾਬੇ ਆਖਿਆ, "ਅਚਲ ਕਿਤਨਿਆਂ ਦਿਨਾ ਦੀ ਵਾਟ ਹੈ?"

ਤਬ ਸਿੱਧ ਬੋਲੇ, "ਨਾਨਕ, ਅਚਲ ਤਿਹੁ ਦਿਨਾ ਕਾ ਪੈਂਡਾ ਹੈ ਅਸਾਡਾ, ਜੋ ਪਉਣ ਕੀ ਚਾਲ ਚਲਦੇ ਹਾਂ"। ਤਬ ਬਾਬੇ ਆਖਿਆ, "ਤੁਸੀ ਚਲਹੁ, ਅਸੀਂ ਧੀਰੇ ਭਾਇ ਆਂਵਹਿਗੇ।" ਤਬ ਸਿੱਧ ਓਥਹੁੰ ਚਲੇ. ਤਬ ਪਿੱਛਹੁ ਬਾਬਾ ਭੀ ਚੱਲਿਆ ਮਨਸਾ ਕੀ ਚਾਲ. ਇੱਕ ਪਲ ਮੈ ਗਇਆ. ਆਇ ਬੜ ਤਲੈ ਬੈਠ. ਪਿੱਛਹੁ ਸਿੱਧ ਆਏ. ਜਾਂ ਦੇਖਨ, ਤਾਂ ਅੱਗੈ ਬੈਠਾ ਹੈ। ਤਬ ਸਿਧਾਂ ਪੁੱਛਿਆ, "ਇਹੁ ਕਦ ਕਾ ਆਇਆ ਹੈ?" ਤਬ ਅੱਗਹੁ ਸਿੱਧਾਂ ਕਹਿਆ, ਜੋ "ਇਸਨੂੰ ਆਇਆਂ ਆਜ ਤੀਸਰਾ ਦਿਨ ਹੋਆ ਹੈ।" ਤਬ ਸਿੱਧ ਹੈਰਾਂਨ ਹੋਇ ਗਏ.

ਤਦਹੁ ਪਿਆਲੇ ਕਾ ਵਖਤ ਹੋਆ, ਸੁਰਾਹੀ ਫਿਰੀ. ਤਬ ਬਾਬੇ ਪਾਸ ਭੀ ਲੈ ਆਏ. ਤਬ ਬਾਬੇ ਪੁਛਿਆ, "ਇਹੁ ਕਿਆ ਹੈ?" ਤਬ ਸਿੱਧਾਂ ਆਖਿਆ, "ਏਹੁ ਸਿਧਾਂ ਕਾ ਪਿਆਲਾ ਹੈ, ਤੂ ਪੀਉ।" ਤਬ ਬਾਬੇ ਆਖਿਆ, "ਇਸ ਵਿੱਚ ਕਿਆ ਪਾਇਆ ਹੈ?" ਤਬ ਸਿੱਧਾਂ ਆਖਿਆ, "ਇਸ ਵਿੱਚ ਗੁੜ ਅਤੇ ਧਾਵੇ ਕੇ ਫੂਲ ਪਾਏ ਹੈਂਨ।" ਤਬ ਬਾਬਾ ਬੋਲਿਆ ਸਬਦ

Digitized by Panjab Digital Library | www.panjabdigilib.org

ਰਾਗ ਆਸਾ ਮਹੱਲਾ ੧ :—

ਗੁੜ ਕਰ ਗਿਆਨ, ਧਿਆਨ ਕਰ ਧਾਵੇ, ਕਰ ਕਰਣੀ ਕਸ ਪਾ-
ਈਐ,
ਭਠੀ ਭਾਉ, ਪ੍ਰੇਮ ਕਾ ਪੋਚਾ, ਇਤ ਬਿਧ ਅਮੀ ਚੁਆਈਐ.
ਬਾਬਾ, ਮਨ ਮਤਵਾਲਾ ਨਾਮ ਰਸ ਪੀਵੈ, ਸਹਿਜ ਰੰਗ ਰਚ
ਰਹਿਆ.
ਅਹਿ ਨਿਸ ਬਨੀ ਪ੍ਰੇਮ ਲਿਵ ਲਾਗੀ, ਸਬਦ ਅਨਾਹਦ
ਗਹਿਆ.
ਸਾਚਾ ਆਪ ਪਿਆਲਾ ਸੂਚਾ, ਤਿਸ ਪੀਆਵੈ, ਜਿਸ ਨਦਰ
ਕਰੇ.
ਅੰਮ੍ਰਿਤ ਕਾ ਵਾਪਾਰੀ ਹੋਵੈ, ਕਿਆ ਮਦ ਹੇਛੇ ਭਾਉ ਧਰੇ?
ਗੁਰੁ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣ ਭਇਆ.
ਦਰ ਦਰਸਨ ਕਾ ਸੇਵਕ ਹੋਵੈ, ਮੁਕਤਿ ਬੈਕੁੰਠੈ ਕਰੈ ਕਿਆ?
ਸਿਫਤੀ ਰਾਤਾ, ਸਦਾ ਬੈਰਾਗੀ, ਜੂਐ ਜਨਮ ਨ ਹਾਰੇ.
ਕਹੈ ਨਾਨਕ, ਸੁਣ ਭਰਥਰਿ ਜੋਗੀ, ਖੀਵਾ ਅੰਮ੍ਰਿਤ ਧਾਰੇ.

ਤਬ ਸਿੱਧਾਂ "ਆਦੇਸ, ਆਦੇਸ!" ਕੀਤਾ. ਤਬ ਬਾਬਾ ਬੋਲਿਆ, "ਆਦ ਪੁਰਖ ਕਉ ਆਦੇਸ." ਓਥਹੁੰ ਰੰਵਦਾ ਰਹਿਆ. ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਇਕਵੰਜਵੀਂ ਚੱਲੀ.

ਚਉਥੀ ਉਦਾਸੀ ਪੱਛਮ ਕੀ ਹੋਈ. ਪੈਰੀਂ ਖਉਸਾਂ ਚੰਮ ਕੀਆਂ, ਅਤੇ ਚੰਮ ਕੀ ਸੁੱਥਣ, ਗਲ ਵਿੱਚ ਹੱਡੀਆਂ ਕੀ ਮਾਲਾ, ਮੱਥੇ ਟਿੱਕਾ ਬਿੰਦੀ ਕਾ. ਬਾਲਕਾਂ ਵਿੱਚ ਖੇਡੇ. ਤਬ ਨੀਲੇ ਬਸਤ੍ਰ ਥੇ. ਖੇਡਦਾ ਖੇਡਦਾ ਹੱਜ ਵਿਚ ਜਾਇ ਨਿਕਲਿਆ. ਤਦਹੁ ਇੱਕ ਹਾਜੀ ਮਿਲਿਆ; ਰਾਤ ਇਕੱਠੇ ਰਹੇ. ਤਬ ਹਾਜੀ ਪੁੱਛਿਆ, ਆਖਿਓਸ, "ਏ ਦਰਵੇਸ, ਤੇਰੇ ਕਾਸਾ, ਲੱਕੜੀ, ਚੰਮੜੀ, ਭੰਗੜੀ ਕੁਛ ਨਾਂਹੀ; ਤੂੰ ਹਿੰਦੂ ਹੈਂ, ਕਿ ਮੁੱਸਲਮਾਨ ਹੈਂ?" ਤਬ ਬਾਬਾ ਬੋਲਿਆ ਸਬਦ ਰਾਗ ਤਿਲਗ ਮਹੱਲਾ ੧ :—

ਭਉ ਤੇਰਾ ਭਾਂਗ, ਖਲੜੀ ਮੇਰਾ ਚੀਤ.
ਮੈ ਦੇਵਾਂਨਾ ਭਇਆ ਅਤੀਤ.
ਕਰ ਕਾਸਾ ਦਰਸਨ ਕੀ ਭੂਖ.
ਮੈ ਦਰ ਮਾਂਗਉ ਨੀਤਾ ਨੀਤ.
ਤਉ ਦਰਸਨ ਕੀ ਕਰੰਉ ਸਮਾਇ.
ਮੈ ਦਰ ਮਾਂਗਉ ਭੀਖਿਆ ਪਾਇ.
ਕੇਸਰ, ਕੁਸਮ, ਮਿਰਗ ਮੈਇ ਹਰਣਾ, ਸਰਬ ਸਰੀਰੀ ਚੜ੍ਹਨਾ,

ਚੈਦਨ, ਭਗਤਾਂ ਜੋਤ ਇਨੇਹੀ ਸਰਬੇ ਪਰਮਲ ਕਰਣ.
ਘਿਅਪਟ ਭਾਂਡਾ ਕਹੈ ਨ ਕੋਇ,
ਐਸਾ ਭਗਤ ਵਰਨ ਮਾਹਿ ਹੋਇ.
ਤੇਰੇ ਨਾਮ ਰਤੇ ਰਹੇ ਲਿਵ ਲਾਇ,
ਨਾਨਕ ਤਿਨ ਦਰ ਭੀਖਿਆ ਪਾਇ.

ਤਬ ਫਿਰ ਹਾਜੀ ਕਹਿਆ, "ਜੀ, ਅਸੀਂ ਇਸ ਦੁਨੀਆਂ ਵਿੱਚ ਰਹਿੰਦੇ ਹਾਂ, ਅਸਾਡਾ ਕਿਆ ਹਵਾਲ ਹੋਵੈਗਾ?" ਤਬ ਬਾਬਾ ਬੋਲਿਆ ਸਬਦ ਰਾਗ ਤਿਲੰਗ ਵਿੱਚ ਮਹੱਲਾ ੧ :—

ਬੰਦੇ, ਚਸਮ ਦੀਦਮ ਫਨਾਇ.
ਦੁਨੀਆਂ ਮੁਰਦਾਰ ਖੁਰਦਨੀ ਗਾਫਲ ਹਵਾਇ.
ਖਾਕ ਨੂਰ ਕਰਦਮ ਆਲਮ ਦੁਨੀਆਇ.
ਅਸਮਾਨ, ਜਿਮੀਂ, ਦਰਖਤ, ਆਬ ਪੈਦਾਇਸ ਖੁਦਾਇ
ਗੈਬਾਨ ਹੈਵਾਨ ਹਰਾਮ ਕੁਸਤਨੀ ਮੁਰਦਾਰ ਬਖੋਰਾਇ.
ਦਿਲ ਕਬਜ, ਕਬਜਾ ਕਾਦਰੋ, ਦੋਜਕ ਸਜਾਇ.
ਵਲੀ ਨਿਆਮਤ, ਬਿਰਾਦਰਾ, ਦਰਬਾਰ, ਮਿਲਕ ਖਾਨਾਇ
ਜਬ ਅਜਰਾਈਲ ਬਸਤਨੀ, ਤਬ ਚਿ ਕਾਰੇ ਬਿਦਾਇ?
ਹਵਾਲ ਮਾਲੂਮ ਕਰਦਮ ਪਾਕ ਅੱਲਾਹ.
ਬੁਗੋ ਨਾਨਕ ਅਰਦਾਸ ਪੇਸ, ਦਰਵੇਸ ਬੰਦਾਹ.

ਤਬ ਓਥਹੂੰ ਚਲੇ. ਮੱਕੇ ਨੂੰ ਰੰਵਦੇ ਰਹੇ. ਰਾਹ ਵਿੱਚ ਆਏ, ਬੱਦਲੀ ਉਪਰ ਹੋਇ ਚੱਲੀ. ਤਬ

Digitized by Panjab Digital Library | www.panjabdigilib.org

ਹਾਜੀ ਡਿੱਠ, ਆਖਿਓਸੁ, ਜੋ "ਏਹ ਬੱਦਲੀ ਮੇਰੇ ਉਤੇ ਹੈ." ਤਾਂ ਆਖਣ ਲੱਗਾ, ਜੋ "ਹਿੰਦੂ ਤਾਂ ਮੱਕੇ ਕੋਈ ਨਹੀਂ ਗਇਆ, ਤੂੰ ਮੇਰੇ ਨਾਲ ਚੱਲ ਨਾਹੀ. ਅੱਗੇ ਹੋਹੁ, ਕਿ ਪਿੱਛੈ ਹੋਹੁ." ਤਬ ਬਾਬੇ ਆਖਿਆ, "ਭਲਾ ਹੋਵੈ ਜੀ, ਤੁਸੀਂ ਅੱਗੈ ਚਲਹੁ." ਤਬ ਓਹ ਅੱਗੈ ਹੋਇਆ. ਜਾਂ ਇਹੁ ਫਿਰ ਦੇਖੈ, ਤਾਂ ਨਾਂ ਬਾਬਾ ਹੈ, ਅਤੇ ਨਾ ਓਹ ਬਦਲੀ ਹੈ! ਤਬ ਹਾਜੀ ਲੱਗਾ ਹੱਥ ਫਾਟਣ. ਤਾਂ ਆਖਿਓਸੁ, ਜੋ "ਖੁਦਾਇ ਕਾ ਦੀਦਾਰ ਹੋਇਆ ਆਹਾ, ਪਰ ਭੁਲ ਨਾ ਸੱਕਿਓ; ਛਲ ਗਇਆ!"

ਤਬ ਬਾਬਾ ਮੱਕੇ ਵਿਚ ਜਾਇ ਵੜਿਆ. ਤਬ ਅੱਗੇ ਕਿਤਾਬਾਂ ਵਿਚ ਲਿਖਿਆ ਆਹਾ, ਜੋ "ਇੱਕ ਨਾਨਕ ਦਰਵੇਸ ਆਵੈਗਾ, ਤਾਂ ਮੱਕੇ ਦੇ ਖੂਹਾਂ ਵਿੱਚ ਪਾਣੀ ਪੈਦਾ ਹੋਵੈਗਾ." ਤਬ ਬਾਬਾ ਜਾਇ ਕਰ ਮੱਕੇ ਵਿਚ ਸੋਇ ਰਹਿਆ. ਪੈਰ ਮੱਕੇ ਦੀ ਤਰਫ ਕਰ ਕੈ ਸੁੱਤਾ. ਤਬ ਪੇਸੀ ਕੀ ਨਿਮਾਜ ਕਾ ਵਖਤ ਗਇਆ. ਤਬ ਕਾਜੀ ਰੁਕਨਦੀਨ ਨਿਮਾਜ ਕਰਣ ਆਇਆ. ਦੇਖੇ ਨਦਰ ਕਰ ਕੈ, ਆਖਿਓਸੁ, "ਏ

ਬੰਦੇ ਖੁਦਾਇ ਕੇ, ਤੂੰ ਜੋ ਪੈਰ ਖੁਦਾਇ ਕੇ ਘਰ ਵੱਲ ਕੀਤੇ ਹੈਨ, ਅਤੇ ਕਾਬੇ ਕੀ ਤਰਫ, ਸੇ ਕਿਉ ਕੀਤੇ ਹੈਨ?" ਤਬ ਬਾਬੇ ਆਖਿਆ, "ਜਿਤ ਵਲ ਖੁਦਾਇ ਅਤੇ ਕਾਬਾ ਨਾਂਹੀ, ਤਿਤ ਵੱਲ ਮੇਰੇ ਪੈਰ ਘਸੀਟ ਕਰ ਛੱਡ." ਤਬ ਕਾਜੀ ਰੁਕਨਦੀਨ ਬਾਬੇ ਦੇ ਪੈਰ ਫੇਰੇ, ਤਿਤ ਵਲ ਮਿਹਰਾਬ ਕਾ ਮੂੰਹ ਫਿਰਦਾ ਜਾਵੇ. ਤਬ ਕਾਜੀ ਰੁਕਨਦੀਨ ਹੈਰਾਨ ਹੋਇ ਗਇਆ, ਪੈਰ ਚੁੰਮਿਆਸੁ, ਅਰ ਆਖਿਓਸੁ, "ਹੇ ਦਰਵੇਸ਼, ਤੇਰਾ ਨਾਂਉ ਕਿਆ ਹੈ?" ਤਬ ਬਾਬਾ ਬੋਲਿਆ ਸਬਦ ਰਾਗ ਤਿਲੰਗ ਵਿੱਚ ਮਹੱਲਾ ੧ :—

ਰੋਜਾ ਬੰਦਗੀ ਕਬੂਲ,
ਦਸ ਦੁਆਰੇ ਚੀਨ, ਮਰਦਾ, ਹੋਇ ਰਹੁ ਰੰਜੂਲ.
ਮਾਰ ਮਨੂਆਂ, ਦ੍ਰਿਸਟਿ ਬਾਂਧਹੁ, ਦਉੜ, ਤਲਬ, ਦਲੀਲ.
ਤੀਸ ਦਿਨ ਸਿਉ ਰੰਗ ਰਾਖਹੁ, ਪਾਕ ਮਰਦ ਅਸੀਲ.
ਸੁਰਤ ਕਾ ਤੂੰ ਰਾਖ ਰੋਜਾ, ਨਿਰਤ ਤਜਹੁ ਚਾਉ.
ਆਤਮੇ ਕਉ ਨਿਗਹ ਰਾਖਹੁ, ਸਤੀ ਤੂੰ ਉਲਮਾਉ.
ਤਜੇ ਸੁਆਦ, ਸਹਿਜ ਬਿਕਾਰ ਰਸਨਾ, ਅੰਦੇਸ ਮਨ ਦਲਗੀਰ.
ਮਿਹਰ ਲੇ ਮਨ ਮਾਂਹਿ ਰਾਖਉ, ਕੁਫਰ ਤਜ ਤਦਬੀਰ.
ਕਾਮ ਲਹਿਰ ਬੁਝਾਇ ਮਨ ਤੇ, ਹੋਇ ਰਹੁ ਠਰੂਰ.
ਕਹੈ ਨਾਨਕ ਰਾਖ ਰੋਜਾ ਸਿਦਕ ਰਹੀ ਮਾਮੂਰ.

Digitized by Panjab Digital Library | www.panjabdigilib.org

ਜਾਂ ਬਾਬੇ ਭੋਗ ਪਾਇਆ, ਤਬ ਕਾਜੀ ਰੁਕਨਦੀਨ ਸਲਾਮ ਕੀਤਾ, ਆਖਿਓਸੁ, "ਵਾਹ ਵਾਹ! ਅੱਜ ਖੁਦਾਇ ਕੇ ਫਕੀਰਾਂ ਕਾ ਦੀਦਾਰ ਪਾਇਆ ਹੈ." ਤਬ ਜਾਇ ਪੀਰ ਪਤਲੀਏ ਪਾਸ ਕਹਿਓਸੁ, ਜੋ ਨਾਨਕ ਦਰਵੇਸ ਆਇਆ ਹੈ. ਤਬ ਪਤਲੀਆ ਪੀਰ ਦੀਦਾਰ ਦੇਖਣ ਨੂੰ ਆਇਆ, ਆਇ ਸਲਾਮ ਪਾਇਓਸੁ, ਦਸਤ ਪੰਜਾ ਲੈਕਰ ਬੈਠ ਗਇਆ. ਖੁਦਾਇ ਦੀ ਸਿਫਤ ਲੱਗੇ ਕਰਣ. ਤਬ ਕਾਜੀ ਰੁਕਨਦੀਨ ਪੁੱਛਿਆ, ਆਖਿਓਸੁ, "ਜੀ, ਏਹ ਜੋ ਤੀਸ ਹਰਫ ਪੜਦੇ ਹੈਂਨ, ਕੁਛ ਇਸ ਵਿਚ ਭੀ ਹਾਸਲ ਥੀਂਵਦਾ ਹੈ, ਕਿ ਨਾਂਹੀ?" ਤਬ ਬਾਬਾ ਬੋਲਿਆ ਰਾਗ ਤਿਲੰਗ ਵਿੱਚ ਮਹੱਲਾ ੧ :—

ਅਲਫ ਅੱਲਾ ਕੋ ਯਾਦ ਕਰ, ਗਫਲਤ ਮਨਹੁ ਬਿਸਾਰ.
ਸਾਸ ਪਲੱਟੇ ਨਾਮ ਬਿਨ, ਧ੍ਰਿਗ ਜੀਵਣ ਸੰਸਾਰ.
ਬੇ ਬਿਦਾਇਤ ਦੂਰ ਕਰ, ਕਦਮ ਸਰੀਅਤ ਰਾਖ.
ਸਭਸ ਕਿਸੈ ਨੂੰ ਨਿਵ ਚਲ, ਮੰਦਾ ਕਿਸੈ ਨ ਆਖ.
ਤੇ ਤੋਬਾ ਕਰ ਸਿਦਕ ਦਿਲ, ਮਤ ਤੂੰ ਪਛੋਤਾਹ;
ਤਨ ਬਿਨਸੈ, ਮੁਖ ਗੱਡੀਐ, ਤਬ ਤੂੰ ਕਹਾਂ ਕਰਾਹਿ?

ਸੇ ਸਨਾਇਤ ਬਹੁਤ ਕਰ, ਖਾਲੀ ਸਾਸ ਨ ਕੱਢ.
ਹੱਟੋ ਹੱਟ ਵਿਕਾਂਦਿਆਂ ਬਹੁੜ ਨ ਲਾਹਿਸੀ ਅੱਢ.
ਜੀਮ ਜਮਾਇਤ ਜਮਾਹ ਕਰ, ਕੁਛ ਚਲਣੇ ਕਾ ਕਰ ਬੰਧ.
ਬਾਝਉ ਸਾਂਈ ਆਪਣੇ ਫਿਰਸੀ ਹੇਢੋ ਹੇਢ.
ਹੇ ਹਲੀਮੀ ਪਕੜ ਤੂ, ਦਿਲ ਕਾ ਹਵਸ ਨਿਵਾਰ.
ਪਾਵਤ ਦਰਜਹੁ, ਤੁਰਕ ਨਦੀਂ, ਹਰਦਮ ਖਾਲਿਕ ਸਾਰ.
ਖੇ ਖਾਇਨ ਸੋਈ ਭਏ, ਜਿਨ ਵਿਸਰਿਆ ਕਰਤਾਰ.
ਮਨ ਮਾਇਆ ਸੰਚਤ ਰਹੇ, ਮੂੜ ਉਠਾਂਵਹਿ ਭਾਰ.
ਦਾਲ ਦਿਆਨਤ ਕਰ, ਮਨਾ, ਅੱਠੇ ਪਹਿਰ ਨ ਸੋਉ.
ਏਕ ਪਹਿਰ ਕੇ ਜਾਗਣੇ ਸਾਂਈ ਸਾਥ ਬਗੋਉ.
ਜ਼ਾਲ ਜ਼ਿਕਰ ਤੂ ਕਰ, ਮਨਾ, ਕਤਰਾ ਨੰ ਭੁਲਾਇ.
ਤਪਤ ਨ ਲਾਗੈ ਰਾਵਲੇ, ਲੋਭੁ ਮੋਹ ਚੁਕ ਜਾਇ.
ਰੇ ਰਾਹਿਤ ਈਮਾਨ ਕੀ, ਤੋਸ਼ੀ ਦੇਖਹੁ ਜਾਇ.
ਪੰਚਾਂ ਦਰਜਹੁ ਤੁਰਕ ਨਦੀਂ, ਸਾਂਈ ਸਿਉ ਚਿਤੁ ਲਾਇ.
ਜ਼ੇ ਜ਼ਾਰੀ ਕਰ ਆਜਜ਼ੀ, ਸੋ ਸਾਂਈ ਬੇਪਰਵਾਹ.
ਜੋ ਉਸ ਭਾਵੈ ਸੋ ਕਰੇ, ਤਿਸ ਕਾ ਕਿਆ ਵਿਸਾਹ?
ਸੀਨ ਸੋਧ ਮਨ ਆਪਣਾ, ਸੋ ਸਾਂਈ ਤੁਝਹੀ ਮਾਂਹਿ.
ਤਨ ਭਾਂਡਾ ਕਾਰੀਗਰੀ ਹਿਕਮਤ ਬੇਧ ਸਮਾਂਹਿ.
ਸ਼ੀਨ ਸ਼ਹਾਦਤ ਪਾਈਐ, ਮਰੀਐ ਪੀਆ ਲਿਵ ਲਾਇ.
ਰੁਕਨ ਦੀਂ, ਇਹੁ ਤਨ ਜਾਇਗਾ, ਕਿਛ ਕੀਚੈ ਤਲਬ ਖੁਦਾਇ.
ਸੁਆਦ ਸਬਰ ਕਰ ਚਿੱਤ ਮਹਿ, ਜੋ ਪਹੁਚੇ ਰਿਜ਼ਕ ਨਸੀਬ.
ਭੂਖ ਰੋਗ ਜਿਨ ਲਾਇਆ, ਸੋਈ ਹੱਕ ਤਬੀਬ.
ਜ਼ੁਆਦ ਜ਼ਲਾਲਤ ਗੁਮ ਰਹੀ ਆਦਤ ਜੀ ਸਿਉ ਮੇਲ.

ਆਵਹੁ ਉੱਠੀ, ਨਜ਼ਰ ਕਰ, ਚੀਨਹੁ ਨਾਹੀ ਖੇਲ.
ਤੋਇ ਤਰੀਕਤ ਦ੍ਰਿੜ੍ਹ ਕਰਹੁ, ਮਾਰਫਤੇ ਪਾਇ ਰਾਖ.
ਏਹ ਤਨ ਤੇਰਾ ਕਬਰ ਮਾਹਿ, ਹੋਸੀ ਢੇਰੀ ਖਾਕ.
ਜੋਇ ਜ਼ਾਲਮ ਸੋਈ ਭੁਏ, ਜਿਨ ਚੀਨਿਆ ਨਾਹੀ ਨਾਮ.
ਬਾਝਹੁ ਸਾਂਈ ਆਪਣੇ ਕਿਉਂ ਆਵੈ ਆਰਾਮ?
ਐਨ ਅਮਲ ਕਮਾਈਆਹਿ ਜਾਂਕੀ ਪਾਰ ਬਸਾਇ.
ਬਿਨ ਅਮਲਾਂ ਗੁਣ ਬਾਹਰੇ ਮਰੀਐ ਪੱਛੋਤਾਇ.
ਗੈਨ ਗਨੀ ਤੇ, ਫੁਕਰ ਨਦੀਂ, ਜਿਨਾ ਪਛਾਤਾ ਆਪ.
ਇਸ ਪਿੰਜਰ ਮਾਹਿ ਖੇਲ ਹੈ, ਨਾ ਤਿਸ ਮਾਇ ਨ ਬਾਪ.
ਫੇ ਫਾਰਗ ਹੋ ਦੁਨੀ ਸੇ, ਅਪਣੀ ਨਾ ਕਰ ਜਾਨ.
ਜੇ ਜਾਣਹਿੰਗਾ ਰੱਬ ਦੀ ਨਾ ਹੋਵਹਿਂ ਹੈਰਾਨ.
ਕਾਫ ਕਰਾਰ ਨ ਹੋਵਈ ਜਿਨ ਮਨ ਉਠਿਆ ਚਾਉ.
ਤਨ ਕੰਚਨ ਪਰਮਿਤ ਭੁਏ ਜਿਨ ਭੇਟਿਆ ਹਰਿ ਰਾਉ.
ਕਾਫ ਕਲਮਾਂ ਯਾਦ ਕਰ, ਨਫਾ ਅਵਰ ਕਿਤ ਬਾਤ?
ਨਫਸ ਹਵਾਈ ਫੁਕਰ ਨਦੀਂ, ਤਿਨ ਸਿਉਂ ਹੋਰ ਨ ਮਾਤ.
ਗਾਫ ਗਬਰ ਇਹ ਮਨ ਹੈ, ਜੇ ਇਸ ਨੂੰ ਵੱਸ ਕਰੇਂਇ.
ਉਪਰ ਰਾਹਿ ਹਕੀਕਤੀ ਸੱਚੇ ਕਦਮ ਧਰੇਂਇ.
ਲਾਮ ਲਾਨਤ ਬਰਸੈ ਤਿਨਾ ਜੋ ਤਰਕ ਨਿਮਾਜ਼ ਕਰੇਂਨ.
ਕੂੜ ਫੇੜੁ ਬਹੁਤਾ ਖੱਟਿਆ ਆਪਣਾ ਆਪ ਵਿਵੇਨ.
ਮੀਮ ਮਨਾ ਹੈ ਖੁਦਰਵੀ, ਕਹੇ ਪੀਰ ਦੇ ਚੱਲ.
ਦਾਂਨ ਨ ਕੀਤੋ ਨਾਨਕਾ, ਤਾ ਮਾਇਆ ਜਾਸੀ ਡੁੱਲ.
ਨੂੰਨ ਨਜ਼ਰ ਕਰ ਸੱਚ ਦੀ, ਦੁਨੀਆਂ ਝੂਠੀ ਜਾਣ.
ਜੋ ਦੁਨੀਆਂ ਨੂੰ ਸੱਚ ਜਾਣਦੇ, ਸੋ ਮਰਦੇ ਹੋਇ ਹੈਰਾਂਣ.

Digitized by Panjab Digital Library | www.panjabdigilib.org

ਵਾਉ ਵਲੀ ਸੋਈ ਭਏ, ਜੋ ਕਰਦੇ ਸਤ ਸੰਗ.
ਜਿਉ ਜਿਉ ਸਾਹਿਬ ਚਿੱਤ ਕਰਨ, ਤਿਉ ਤਿਉ ਚੜ੍ਹਦਾ ਰੰਗ.
ਹੈ ਹੈਬਤ ਤਿਸ ਦਿਨਕੀ ਜਿਸ ਦਿਨ ਅਦਲ ਕਰੇ.
ਬਾਬ ਅਸਾਡ੍ਹੇ, ਰੁਕਨਦੀਂ, ਕੇਹਾ ਹੁਕਮ ਕਰੇ?
ਲਾਖ ਲਾਇਕ ਸੋਈ ਭਏ ਜਿਨ ਰਹਿਮਤ ਨਜਰ ਕਰੇ.
ਜੀਵਨ ਲੋਚੈ ਕਿਆ ਭਾਇਆ, ਜੋ ਆਪ ਨ ਸੰਮ੍ਹਾਰੇ?
ਅਲਫ ਅਲਹੁ ਤੁਮ ਮਾਹਿ ਹੈ, ਚੇਤਹਿ ਕਿਉ ਨ ਅਜਾਂਣ?
ਗੁਰੁ ਸੇਵਾ ਕਰ ਪਾਈਐ, ਛੁਟੀਐ ਅੰਤ ਨਿਦਾਨ.
ਯੇ ਯਾਰੀ ਕਰ ਗੁਰੂ ਸਿਉ ਜਿਸਕਾ ਅਬਚਲ ਰਾਜ.
ਏਕ ਇਕੇਲਾ, ਨਾਨਕਾ, ਨਾਹਿ ਕਿਸੈ ਮੁਹਤਾਜ.

ਤਬ ਕਾਜੀ ਰੁਕਨਦੀਨ ਬੋਲਿਆ, ਜੋ "ਨਾ-ਨਕ ਦਰਵੇਸ, ਏਹ ਜੋ ਹਿੰਦੂ ਮੁਸਲਮਾਨ ਬੇਦ ਕਤੇਬ ਪੜ੍ਹਦੇ ਹੈਂਨ, ਸੋ ਖੁਦਾਇ ਪਾਇਨਗੇ, ਕੇ ਨਾ ਪਾਇਨਗੇ?" ਤਬ ਬਾਬਾ ਬੋਲਿਆ ਸਬਦ ਰਾਗ ਤਿਲੰਗ ਵਿੱਚ ਮਹਲਾ ੧ :—

ਬੇਦ ਕਤੇਬ ਇਫਤਰਾ, ਭਾਈ, ਦਿਲ ਕਾ ਫਿਕਰ ਨ ਜਾਇ.
ਟੁਕ ਦਮ ਕਰਾਰੀ ਜਉ ਕਰਹੁ, ਹਾਜਰ ਹਜੂਰ ਖੁਦਾਇ.
ਬੰਦੇ, ਖੋਜ ਦਿਲ ਹਰ ਰੋਜ, ਨਾ ਫਿਰ ਪਰੇਸਾਨੀ ਮਾਂਹਿ.
ਇਹੁ ਜੁ ਦੁਨੀਆਂ ਸਿਹਰ ਮੇਲਾ ਦਸਤ ਗੀਰੀ ਨਾਹਿ.
ਦਰੋਗ ਪੜ੍ਹ ਪੜ੍ਹ ਖੁਸੀ ਹੋਇ ਬੇਖਬਰ ਬਾਦ ਬਕਾਹਿ.
ਹਕ ਸੱਚ, ਖਾਲਿਕ ਖਲਕ ਮਿਆਂਨੇ, ਸਿਆਂਮ ਮੂਰਤਿ ਨਾਂਹਿ.

Digitized by Panjab Digital Library | www.panjabdigilib.org

ਅਸਮਾਨ ਮਿਆਨੇ ਲਹਿਗ ਦਰੀਆ ਗੁਸਲ ਕਰਦਨ ਬੂਦ.
ਕਰ ਫਕਰ ਦਾਇਮ ਲਾਇ ਚਸਮੇ ਜਹਿਤਹਾਂ ਮਉਜੂਦ.
ਅਲਾਹ ਪਾਕੰ ਪਾਕ ਹੈ, ਸੱਕ ਕਰਉ ਜੇ ਦੂਸਰ ਹੋਇ.
ਕਰਮ ਕਰੀਮ ਕਾ ਓਹ ਕਰੇ, ਨਾਨਕ, ਜਾਂਣੈ ਸੋਇ.

ਤਬ ਕਾਜੀ ਰੁਕਨਦੀਨ ਆਖਿਆ, ਜੋ "ਜੀ, ਏਹ ਭੀ ਨਾਂਹੀ ਪੜ੍ਹਦੇ, ਅਤੇ ਬਦ ਅਮਲ ਕਮਾਂਵਦੇ ਹੈਨ, ਕਦੇ ਰੋਜਾ, ਨਿਮਾਜ ਭੀ ਨਾਹੀ ਕਰਦੇ, ਅਤੇ ਸਰਾਬ ਪੀਂਦੇ ਹੈਨ, ਭੰਗ ਬੋਜਾ ਪੀਂਦੇ ਹੈਨ, ਇਨਾਂ ਦਾ ਰੋਜ ਕਿਆਮਤ ਕਉ ਕਿਆ ਹਵਾਲ ਹੋਵੈਗਾ?" ਤਬ ਬਾਬਾ ਬੋਲਿਆ ਸਲੋਕ :—

ਹਜਰਤ ਜੇ ਫੁਰਮਾਇਆ ਫਤਵਾ ਮੰਝ ਕਿਤਾਬ,
ਬੇ ਨਿਮਾਜਾਂ ਤੇ ਸਗ ਭਲੇ ਜੋ ਰਾਤੀ ਰਹਿਨ ਸਜਾਗ.
ਦਿੱਤੀ ਬਾਂਗ ਨ ਜਾਗਨੀ ਸੁੱਤੇ ਰਹਿਨ ਨ ਭਾਗ,
ਹੱੜ ਪਲੀਤੀ ਤਿਨ ਕੇ ਮੂਰਖ ਨਾਲ ਜਨ ਭਾਗ.
ਸੁੰਨਤ ਫਰਜ ਨ ਮੰਨਨੀ, ਨਾ ਮੰਨਨੀ ਅਮਰ ਕਿਤਾਬ,
ਦੋਜਕ ਅੰਦਰ ਸਾੜੀਅਨ ਜਿਉਂ ਸੀਖੀ ਚਾੜ੍ਹ ਕਿਤਾਬ.
ਘਣੀ ਖੁਆਰੀ ਤਿਨ ਕਉ ਜੋ ਪੀਂਦੇ ਭੰਗ ਸਰਾਬ.
ਸੂਅਰ ਸਗ ਮਨਾਹ ਹੈ ਬੋਜਾ ਭੰਗਾਨੀ ਨਾਂਹਿ,
ਜਾਵਨ ਮਤੇ ਨਫਸ ਕੇ ਦੁਖ ਘਣਾ ਸਹਿਸੀ ਰੂਆਹ.
ਰੋਜ ਕਿਆਮਤ ਦਿਨਸ ਕਉ ਪਉਸੀ ਹਉਕੁਲਵਾਨ,
ਤਿਤ ਦਿਨ ਪਰਬਤ ਉੱਡਸਨ ਪਿੰਞੈ ਜਿਵੈਂ ਕਪਾਹ.
ਕਾਜੀ ਹੋਰ ਨ ਬਹਿਸੀਓ ਬਹਿਸੀ ਆਪ ਇਲਾਹ,

Digitized by Panjab Digital Library | www.panjabdigilib.org

ਹੱਕਹੁੰ ਹੀ ਸਭੁ ਨਿਭਾਹਿਸੀ ਲਉਦਾਲੀ ਦਰਗਾਹ.
ਤਲਬਾਂ ਪਉਸਨ ਆਕੀਆਂ ਕੀਤੇ ਜਿਨੰ ਗੁਨਾਹ,
ਦੋਜਕ ਬੰਧ ਚਲਾਈਅਹਿੰ ਗਲ ਤਬਕ ਮੂੰਹ ਸਿਆਹ.
ਅਮਲਾਂ ਵਾਲੇ ਤਿੱਤ ਦਿਨ ਹੋਸਨ ਬੇ ਪਰਵਾਹ,
ਸੇਈ ਛੁੱਟੈਂ, ਨਾਨਕਾ, ਹਜਰਤ ਜਿਨੰ ਪਨਾਹ.

ਤਬ ਪੀਰ ਪਤਲੀਏ ਆਖਿਆ, "ਜੀ, ਅਸੀਂ ਦੁਨੀਆਂ ਕੇ ਮੁਕਾਮ ਵਿੱਚ ਖੜੇ ਹਾਂ, ਖੁਦਾਇ ਕਿਉਕਰ ਹਾਸਲ ਥੀਵੈਗਾ?" ਤਬ ਬਾਬਾ ਬੋਲਿਆ ਸਬਦ ਰਾਗ ਤਿਲੰਗ ਵਿੱਚ ਮਹੱਲਾ ੧ :—

ਯਕ ਅਰਜ ਗੁਫਤਮ ਪੇਸ ਤੋ, ਦਰ ਗੋਸ ਕੁਨ, ਕਰਤਾਰ.
ਹੱਕਾ, ਕਬੀਰ, ਕਰੀਮ, ਤੂ, ਬੇ ਐਬ ਪਰਵਦਿਗਾਰ.
ਦੁਨੀਆ ਮੁਕਾਮੇ ਫਾਨੀ, ਤਹਕੀਕ ਦਿਲ ਦਾਨੀ.
ਮਮ ਸਰ ਮੂਇ ਅਜਰਾਈਲ ਗਿਰਿਫਤਹ, ਦਿਲ ਹੇਚ ਨ ਦਾਨੀ.
ਜਨ, ਪਿਸਰ, ਪਦਰ, ਬਿਰਾਦਰਾਂ ਕਸ ਨੇਸਤ ਦਸਤੰਗੀਰ.
ਆਖਰ ਬਿਅਫਤਮ ਕਸ ਨ ਦਾਰਦ ਚੂੰ ਸਵਦ ਤਕਬੀਰ.
ਸਬ ਰੋਜ ਗਸਤਮ ਦਰ ਹਵਾ ਕਰਦੇਮ ਬਦੀ ਖਿਆਲ,
ਗਾਹੇ ਨ ਨੇਕੀ ਕਾਰ ਕਰਦਮ ਮਮ ਈਂ ਚਿਨੀ ਅਹਿਵਾਲ.
ਬਦ ਬਖਤ, ਹਮ ਚੁ ਬਖੀਲ, ਗਾਫਲ, ਬੇ ਨਜਰ, ਬੇਬਾਕ.
ਨਾਨਕ ਬੁਗੋਇਦ, ਜਨ ਤੁਰਾ, ਤੇਰੇ ਚਾਕਰਾਂ ਪਾ ਖਾਕ.

ਜਬ ਬਾਬੇ ਏਹ ਸਬਦ ਬੋਲਿਆ, ਤਬ ਕਾਜੀ ਰੁਕਨਦੀਨ ਅਤੇ ਪੀਰ ਪਤਲੀਏ ਆਇ ਦਸਤ

ਪੇਸੀ ਕੀਤੀ, ਪੈਰ ਚੂਮੇ. ਵਾਹ ਗੁਰੂ ਕਹਿਣ ਨਾਲ ਪਾਣੀ ਖੂਹੇ ਵਿੱਚ ਪੈਦਾ ਹੋਇਆ. ਬਾਬੇ ਦੀ ਖੁਸੀ ਹੋਈ. ਓਥਹੁੰ ਰੰਵਦੇ ਰਹੇ. ਘਰ ਆਏ. ਬੋਲੋ ਵਾਹ ਗੁਰੂ!

# ਸਾਖੀ ਬਟੇਜਵੀਂ ਚੱਲੀ·

ਉਦਾਸੀ ਪੰਜਵੀਂ ਬਾਬਾ ਗੋਰਖ ਹਟੜੀ ਗਇਆ: ਓਥੇ ਸਿੱਧਾਂ ਵਿੱਚ, ਸਿੱਧਾਂ ਪੁੱਛਣ ਕੀਤਾ, ਜੋ "ਤੂੰ ਕੌਣ ਖੱੜੀ ਹੈਂ?" ਤਬ ਬਾਬੇ ਜੀ ਆਖਿਆ, "ਨਾ-ਨਕ ਆਖਦੇ ਹੈਨ." ਤਬ ਚਉਰਾਸੀ ਸਿੱਧ ਆਸਣ ਕਰ ਬੈਠੇ. ਤਦਾਂਹੂ ਸਿੱਧਾਂ ਆਖਿਆ, "ਭਗਤੁ ਕੁਛ ਜਸ ਕਰ." ਤਬ ਬਾਬਾ ਬੋਲਿਆ ਰਾਗ ਰਾਮਕਲੀ ਵਿੱਚ ਸਿੱਧ ਗੋਸਟ ਮਹੱਲਾ ੧ :—

ਸਿੱਧ ਸਭਾ ਕਰ ਆਸਣ ਬੈਠੇ ਸੰਤ ਸਭਾ ਜੈਕਾਰੋ.
ਤਿਸ ਆਗੈ ਰਹਿਰਾਸ ਹਮਾਰੀ ਸਾਚਾ ਅਪਰ ਅਪਾਰੋ.
ਮਸਤਕ ਕਾਟ ਧਰੀ ਤਿਸ ਆਗੈ ਤਨ ਮਨ ਆਗੈ ਦੇਉ,
ਨਾਨਕ ਸੰਤ ਮਿਲੇ ਸਚੁ ਪਾਈਐ ਸਹਿਜ ਭਾਇ ਜਸ ਲੇਉ.

ਕਿਆ ਭਵੀਐ ਸਚ ਸੂਚਾ ਹੋਇ?
ਸਾਚ ਸਬਦ ਬਿਨ ਮੁਕਤਿ ਨ ਕੋਇ.
ਕਵਣ ਤੁਮੇ? ਕਿਆ ਨਾਮ ਤੁਮਾਰਾ? ਕਉਣ ਮਾਰਗ? ਕਵਣ ਸੁਆਉ?
ਸਾਚ ਕਹਉ ਅਰਦਾਸ ਹਮਾਰੀ, ਹਉ ਸੰਤ ਜਨਾ ਬਲ ਜਾਉ.
ਕਹਿ ਬੈਸੈ? ਕਹਿ ਰਹੀਐ ਬਾਲੇ? ਕਹਿ ਆਵਹੁ? ਕਹਿ ਜਾਹੁ?
ਨਾਨਕ ਬੋਲੇ ਸੁਣ ਬੈਰਾਗੀ, ਕਿਆ ਤੁਮਾਰਾ ਰਾਹੁ?
ਘਟ ਘਟ ਬੈਸ ਨਿਰੰਤਰ ਰਹੀਐ, ਚਾਲਹਿ ਸਤ ਗੁਰ ਭਾਏ.
ਸਹਿਜੇ ਆਏ ਹੁਕਮ ਸਿਧਾਏ, ਨਾਨਕ, ਸਦਾ ਰਜਾਏ.

ਆਸਣ ਬੈਸਣ ਥਿਰ ਨਾਰਾਇਣ ਐਸੀ ਗੁਰਮਤਿ ਪਾਏ.
ਗੁਰਮੁਖ ਬੁਝੈ ਆਪ ਪਛਾਣੈ ਸਾਚੇ ਸੱਚ ਸਮਾਏ.
ਦੁਨੀਆ ਸਾਗਰ ਦੁੱਤਰ ਕਹੀਐ ਕਿਉਂਕਰ ਪਾਈਐ ਪਾਰੋ?
ਚਰਪਟ, ਬੋਲੇ, ਅਉਧੂ ਨਾਨਕ, ਦੇਹੁ ਸੱਚਾ ਬੀਚਾਰੋ.
ਆਪੇ ਆਖੈ, ਆਪੇ ਸਮਝੈ, ਤਿਸ ਕਿਆ ਉੱਤਰ ਦੀਜੈ?
ਸਾਚ ਕਹੋ ਤੁਮ ਪਾਰਗਰਾਮੀ, ਤੁਝ ਕਿਆ ਬੈਸਣ ਦੀਜੈ?
ਜੈਸੇ ਜਲ ਮਹਿ ਕਵਲ ਨਿਰਾਲਮ, ਮੁਰਗਾਈ ਨੈ ਸਾਣੇ.
ਸੁਰਤ ਸਬਦ ਭਵ ਸਾਗਰ ਤਰੀਐ, ਨਾਨਕ ਨਾਮ ਵਖਾਣੇ.
ਰਹਹਿ ਇਕਾਂਤ ਇਕੋ ਮਨ ਵਸਿਆ, ਆਸਾ ਮਾਹਿ ਨਿਰਾਸੋ.
ਅਗਮ ਅਗੋਚਰ ਵੇਖ ਦਿਖਾਏ ਨਾਨਕ ਤਾਂਕਾ ਦਾਸੋ.

ਤਬ ਸਿੱਧਾਂ ਪਿਆਲਾ ਦਿੱਤਾ ਪੰਜਾਂ ਸੇਰਾਂ ਕਾ, ਤਾਂ ਬਾਬੇ ਧਰਤੀ ਵਿੱਚ ਪਾਇਆ; ਤਬ ਸਿਧ ਆਫਰ ਗਏ. ਤਬ ਸਿੱਧੀਂ ਆਖਿਆ, "ਤੂ ਕੁਛ ਦੇਖ, ਜੈ ਦਿਖਾਲ." ਤਦਹੁੰ ਬਾਬੇ ਆਖਿਆ, "ਭਲਾ ਹੋਵੈ, ਜੀ, ਜੋ ਕੁਛ ਕਰਹੁਗੇ, ਤਾਂ ਦੇਖਹਿੰਗੇ." ਤਬ ਸਿੱਧ ਆਪਣਾ ਬਲ ਲੱਗੇ ਦਿਖਾਵਣ. ਕਿਸੇ ਮਿਰਗ ਛਾਲਾ ਉਡਾਈ, ਕਿਸ ਸਿਲਾ ਚਲਾਈ, ਕਿਸ ਅਗਨਿ ਹੱਕੀ, ਕਿਸ ਕੰਧ ਦੌੜਾਈ. ਤਬ ਬਾਬਾ ਬਿਸਮਾਦ ਸੁਮਾਰ ਵਿੱਚ ਆਇ ਗਇਆ, ਤਿਤ ਮਹਲ ਸਲੋਕ ਕੀਤਾ :—

ਪਹਿਰਾਂ ਅਗਨਿ, ਹਿਵੈ ਘਰ ਬਾਂਧਾਂ, ਭੋਜਨ ਸਾਰ ਕਰਾਈ,
ਸਗਲੇ ਦੂਖ ਪਾਣੀ ਕਰ ਪੀਵਾਂ, ਧਰਤੀ ਹਾਂਕ ਚਲਾਈ,
ਧਰ ਤਾਰਾਜੂ ਅੰਬਰ ਤੋਲੀ ਪਿਛੈ ਟੰਕ ਚੜ੍ਹਾਈ,
ਏਵਡ ਵੱਧਾਂ, ਮਾਵਾਂ ਨਾਂਹੀ ਧਰਤੀ ਹਾਂਕ ਚਲਾਈ,
ਏਤਾ ਤਾਣ ਹੋਵੈ ਮਨ ਅੰਦਰ, ਕਰੀ ਭਿ ਆਖ ਕਰਾਂਈ.
ਜੇਵਡ ਸਾਹਿਬ, ਤੇਵਡ ਦਾਤੀ, ਦੇ ਦੇ ਕਰੇ ਰਜਾਈ.
ਨਾਨਕ, ਨਦਰ ਕਰੇ ਜਿਸ ਊਪਰ ਸੱਚ ਨਾਮ ਵਡਿਆਈ.
ਨਾਨਕ, ਕਰਮਾਤੀ ਮੁੰਹ ਕਾਲੇ ਸੱਚ ਨਾਮ ਵਡਿਆਈ.

ਤਬ ਸਿੱਧਾਂ "ਆਦੇਸ ਆਦੇਸ" ਕੀਤਾ, ਤਬ ਬਾਬਾ ਬੋਲਿਆ, "ਆਦ ਪੁਰਖ ਕਉ ਆਦੇਸ!" ਤਿਤ ਮਹਲ ਸਬਦ ਹੋਆ ਰਾਗ ਗਉੜੀ ਵਿੱਚ ਅਸਟਪਦੀ ਮਹਲਾ ੧ :—

ਕਵਨ ਅਸਥਾਨ ਜੋ ਕਬਹੁ ਨ ਟਰੈ?
ਕਵਨ ਸਬਦ ਜਿਤ ਦੁਰਮਤਿ ਹਿਰੈ?
ਪ੍ਰਿਥਮੇ ਗਰਭ ਵਾਸ ਤੇ ਟਰਿਆ,
ਪੁਤ੍ਰ, ਕਲੱਤ੍ਰ, ਕੁਟੰਬ ਸੰਗ ਜੁਰਿਆ.
ਭੋਜਨ ਅਨਕ ਪ੍ਰਕਾਰ ਬਹੁ ਕਪਰੇ,
ਸਰਪਰ ਗਵਨ ਕਰਹਿਗੇ, ਬਪੁਰੇ!
ਇੰਦ੍ਰਪੁਰੀ ਮਹਿ ਸਰਪਰ ਮਰਣਾ,
ਬ੍ਰਹਮਪੁਰੀ ਨਿਹਚਲ ਨਹੀ ਰਹਿਣਾ,
ਸਿਵਪੁਰੀ ਮਹਿ ਹੋਵੈਗਾ ਕਾਲੋ,
ਤ੍ਰੈਗੁਣ ਮਾਇਆ ਬਿਨਸ ਬੇਤਾਲੋ.

ਗਿਰਿ, ਤਰੁ, ਧਰਨਿ, ਗਗਨ, ਅਰ ਤਾਰੇ,
ਰਵਿ, ਸਸਿ, ਪਵਨ, ਪਾਵਕ, ਨੀਰਾ, ਰੇ!
ਦਿਨਸ, ਰੈਣ, ਬਰਤ, ਅਰ ਭੇਦਾ,
ਸਾਸਤ੍ਰ, ਸਿਮ੍ਰਿਤਿ, ਬਿਨਸਹਿੰਗੇ ਬੇਦਾ.
ਤੀਰਥ, ਦੇਵ, ਦੇਹੁਰਾ, ਪੋਥੀ.
ਮਾਲਾ ਤਿਲਕ ਸੋਚ ਪਾਕ ਹੋਤੀ,
ਧੋਤੀ, ਡੰਡਉਤ, ਪ੍ਰਸਾਦ, ਅਰ ਭੋਗਾ,
ਗਵਨ ਕਰਹਿੰਗੇ ਸਗਲੇ ਲੋਗਾ.
ਜਾਤਿ, ਬਰਨ, ਤੁਰਕ ਅਰ ਹਿੰਦੂ,
ਪਸੁ, ਪੰਖੇਰੂ, ਅਨੇਕ ਜੋਨਿ ਜਿੰਦੂ,
ਸਗਲ ਪਾਸਾਰ ਦੀਸੈ ਪਾਸਾਰਾ,
ਬਿਨਸ ਜਾਇੰਗੇ ਸਗਲ ਆਕਾਰਾ.
ਜਹਾਂ ਸਹਿਜ ਸਿਫਤ, ਭਗਤ, ਤੱਤ ਗਿਆਨਾ,
ਤਹਾਂ ਸਦਾ ਅਨੰਦ ਨਿਹਚਲ ਅਸਥਾਨਾ,
ਤਹਾਂ ਸੰਗਤ ਸਾਧ ਗੁਣ ਰਸੈ,
ਅਨ ਭਉ ਨਗਰ ਸਦਾਂ ਤਹਿ ਬਸੈ.
ਤਹਾਂ ਭਉ, ਭਰਮ, ਸੋਗ, ਨਹੀ ਚਿੰਤਾ,
ਆਵਨ, ਜਾਨ, ਮਿਰਤੁ, ਨਹੀਂ ਹੋਤਾ,
ਤਹਾਂ ਸਦਾ ਅਨੰਦ ਅਨਹਤ ਆਖਾਰੇ,
ਭਗਤ ਬਸਹਿੰ ਕੀਰਤਨ ਆਧਾਰੇ.
ਪਾਰਬ੍ਰਹਮ ਕਾ ਅੰਤ ਨ ਪਾਰੇ,
ਕਵਨ ਕਰੈ ਤਾਂ ਕਾ ਵੀਚਾਰੇ?
ਕਹੁ ਨਾਨਕ ਜਿਸ ਕਿਰਪਾ ਕਰੈ

Digitized by Panjab Digital Library | www.panjabdigilib.org

ਨਿਹਚਲ ਥਾਨ ਸਾਧ ਸੰਗ ਤੇਰੇ.

ਤਬ ਸਿੱਧੀਂ "ਆਦੇਸ! ਆਦੇਸ!" ਕੀਤਾ, ਤਬ ਬਾਬਾ ਬੋਲਿਆ, "ਆਦ ਪੁਰਖ ਕਉ ਆਦੇਸ!" ਤਬ ਗੁਰੂ ਬਾਬਾ ਘਰ ਆਇਆ. ਬੋਲੋ ਵਾਹ ਗੁਰੂ!

## ਸਾਖੀ ਤਿਵੰਜਵੀਂ ਚਲੀ.

ਆਗਿਆ ਪਰਮੇਸਰ ਕੀ ਹੋਈ, ਜੋ ਇੱਕ ਸਿੱਖ ਭੱਲਾ ਖਡੂਰ ਵਿੱਚ ਗੁਰੂ ਜਪੇ, ਅਤੇ ਹੋਰ ਸਾਰਾ ਖਡੂਰ ਦੁਰਗਾ ਨੂੰ ਮੰਨੇ; ਅਤੇ ਉਸ ਸਿੱਖ ਦੇ ਨਾਲ ਸਭ ਖੇਚਰੀ ਕਰਨ. ਤੇਹਣਾਂ ਦੇ ਮਹਲੇ ਰਹੇ, ਤਿਸ ਦਾ ਪੁਜਾਰੀ ਲਹਿਣਾ ਰਹੇ. ਤਬ ਇੱਕ ਦਿਨ ਉਹ ਸਿੱਖ ਬੈਠਾ ਜਪ ਪੜ੍ਹਦਾ ਥਾ, ਤਬ ਗੁਰੂ ਅੰਗਦ ਜੀ ਸੁਣਿਆ, ਸੁਣ ਕਰ ਪੁੱਛਿਆ, ਜੋ "ਇਹ ਸਬਦ ਕਿਸ ਦਾ ਹੈ?" ਤਬ ਓਹ ਸਿੱਖ ਬੋਲਿਆ, ਆਖਿਓਸ, "ਜੀ, ਏਹ ਸਬਦ ਗੁਰੂ ਨਾਨਕ ਦਾ ਹੈ." ਤਦਹੁੰ ਗੁਰੂ ਅੰਗਦ ਜੀਉ ਉਸ ਸਿੱਖ ਦੇ ਨਾਲ ਰਲ ਆਇਆ, ਆਇ ਪੈਰੀ ਪਇਆ. ਦਰਸਨ ਦੇਖਦੇ ਨਾਲ ਹੱਥਹੁੰ ਪੈਰਹੁੰ ਘੁੰਘਰੂ ਤੋੜ ਸੁੱਟਿਆਸ, ਗੁਰੂ ਗੁਰੂ ਲੱਗਾ ਜਪਣ. ਟਹਿਲ ਕਰਣ ਆਵੇ, ਭਾਂਡੇ ਮਾਂਜੇ, ਪੱਖਾ ਫੇਰੈ.

ਤਬ ਇਕ ਦਿਨ ਗੁਰੂ ਅੰਗਦ ਜੀ ਪਿਛਲੀ ਰਾਤ ਗਏ, ਜਾਂ ਦੇਖੇ, ਤਾਂ ਸੂਹੇ ਬਸਤ੍ਰ ਪੈਧੇ ਬੈਠੀ ਇਸ-

Digitized by Panjab Digital Library | www.panjabdigilib.org

ੜੀ ਰਿਕਦੀਹੈ. ਤਬ ਗੁਰੂ ਅੰਗਦ ਜੀ ਬੇਨਤੀ ਕੀਤੀ ਜੋ "ਜੀ, ਏਹ ਕਉਣ ਥੀ, ਪਾਤਸਾਹ?" ਤਬ ਬਾਬੇ ਆਖਿਆ, "ਅੰਗਦਾ, ਏਹ ਦੁਰਗਾ ਥੀ. ਸੋ ਅੱਠਵੇਂ ਦਿਹਾੜੇ ਗੁਰੂ ਕੀ ਸੇਵਾ ਕਰਨ ਆਂਵਦੀ ਹੈ." ਤਬ ਗੁਰੂ ਅੰਗਦ ਪੈਰੀਂ ਪਾਇਆ. ਤਬ ਆਗਿਆ ਪਰਮੇਸਰ ਦੀ ਨਾਲ ਇਕ ਦਿਨ ਬਾਬੇ ਕਾ ਪੈਰ ਹਲਦਾ ਥਾ. ਜਬ ਗੁਰੂ ਅੰਗਦ ਦੇਖੈ, ਤਾਂ ਕਈ ਜੀਅ ਪੈਰਾਂ ਨਾਲ ਵਿਦਾ ਹੁੰਦੇ ਹੈਨ.

ਤਬ ਗੁਰੂ ਅੰਗਦ ਨੂੰ ਇਕ ਦਿਨ ਸਾਹੁਰਿਓਂ ਕੱਪੜੇ ਆਏ, ਤਬ ਗੁਰੂ ਅੰਗਦ ਜੀ ਜੋੜਾ ਲਾਇਆ. ਤਬ ਗੁਰੂ ਬਾਬੇ ਜੀ ਕੀ ਆਗਿਆ ਹੋਈ, "ਜਾਹਿ, ਘਾਸ ਲੈ ਆਉ." ਤਬ ਗੁਰੂ ਅੰਗਦ ਜੀ ਘਾਸ ਲੈ ਆਇਆ ਧਾਂਈਆਂ ਵਿਚਹੁ. ਤਬ ਕੱਪੜੇ ਸੱਭੇ ਚਿੱਕੜ ਨਾਲ ਭਰੇ, ਤਾਂ ਮਾਤਾ ਜੀ ਡਿੱਠਾ. ਤਬ ਬਾਬੇ ਨੂੰ ਕਲਪਣ ਲਾਗੀ, ਆਖਓਸ, "ਨਾਨਕ, ਤੈਂ ਏਹ ਭੀ ਗਵਾਇਆ ਸਿਸਾਰ ਦੇ ਕੈਮਹੁ ਪੁੱਤ੍ਰ ਪਰਾਇਆ; ਜੋ ਕਪੜਿਆਂ ਉਪਰਿ ਚਿੱਕੜ ਪਾਇ ਲੈ ਆਇਆ." ਤਬ ਬਾਬਾ ਹੱਸਿਆ,

ਆਖਿਓਸੁ, "ਮਾਤ੍ਰ, ਏਹੁ ਚਿੱਕੜ ਨਾਹੀਂ, ਏਹੁ ਚੰ-
ਦਨ ਹੈ ਦੀਨ ਦੁਨੀਆਂ ਕਾ." ਤਬ ਮਾਤਾ ਚੁੱਪ
ਕਰ ਰਹੀ. ਤਬ ਬਾਬਾ ਜੀ ਜਾਇ ਸੁੱਤਾ. ਜਬ ਗੋਸੇ
ਈ ਕਾ ਵਖਤ ਹੋਇਆ, ਤਬ ਬਾਂਦੀ ਲੱਗੀ ਜਗਾ
ਵਣ. ਤਬ ਬਾਬੇ ਦੇ ਚਰਣ ਜੀਭ ਨਾਲ ਚੱਟਿਅਸੁ,
ਚੱਟਣੇ ਨਾਲ ਜਬ ਦੇਖੇ, ਤਾਂ ਬਾਬਾ ਜੀ ਸਮੁੰਦ੍ਰ ਵਿੱਚ
ਖੜਾ ਹੈ, ਸਿੱਖਾਂ ਦੇ ਬੋਹਿਥ ਨਾਲ ਧੱਕਾ ਦੇਂਦਾ ਹੈ,
ਕਢਦਾ ਹੈ. ਤਬ ਮਾਤਾ ਭੀ ਆਇ ਗਈ. ਤਾਂ ਮਾਤਾ
ਆਖਿਓਸੁ, "ਨਾਨਕ ਜਾਗਿਆ ਹੈ?" ਤਬ ਬਾਂਦੀ ਆ-
ਖਿਓਸੁ, "ਨਾਨਕ ਏਥੇ ਨਾਹੀ, ਮਾਤਾ ਜੀ, ਸਮੁੰਦ੍ਰ ਵਿੱਚ
ਖੜਾ ਹੈ." ਤਾਂ ਮਾਤਾ ਬਾਂਦੀ ਜੋਗ ਲੱਗੀ ਮਾਰਣ; ਆ-
ਖਿਓਸੁ, "ਏਹ ਭੀ ਮਸਕਰੀਆਂ ਲੱਗੀ ਕਰਣ."
ਤਬ ਬਾਬਾ ਜਾਗਿਆ, ਤਾਂ ਮਾਤਾ ਆਖਿਆ, "ਬੇਟਾ,
ਏਹ ਭੀ ਗੋਲੀ ਲੱਗੀ ਮਸਕਰੀਆਂ ਕਰਣ. ਆਖੇ, ਜੋ
ਨਾਨਕ ਸਮੁੰਦ੍ਰ ਵਿੱਚ ਖੜਾ ਹੈ." ਤਬ ਬਾਬੇ ਆਖਿਆ, "ਮਾਤਾ
ਜੀ, ਕਮਲੀ ਗੋਲੀ ਦੇ ਆਖੇ ਲੱਗਣਾ ਨਾਹੀਂ." ਤਬ ਬਾਂਦੀ
ਕਮਲੀ ਹੋਇ ਗਈ, ਪਰ ਦਰਸਨ ਕਾ ਸਦਕਾ ਸੰਗਤ
ਤਰੀ. ਤਬ ਲੋਕ ਬਹੁਤ ਨਾਉਂ ਧਰੀਕ ਹੋਏ. ਬੋਲੋ ਵਾਹਿਗੁਰੂ!

# ਸਾਖੀ ਚੌਰੈਜਟੀ ਚੱਲੀ.

ਤਦਹੁੰ ਆਗਿਆ ਨਾਲ ਗੋਰਖ ਨਾਥ ਆਇ ਗਇਆ ਬਾਬੇ ਪਾਸ. ਤਾਂ ਆਖਿਓਸੁ, "ਬਹੁਤ ਪਸਾਰ ਕੀਤੇ ਹੀ!" ਤਬ ਬਾਬੇ ਆਖਿਆ, "ਗੋਰਖ ਨਾਥ, ਅਸਾਡੈ ਕੋਈ ਹੋਵੈਗਾ; ਤਾਂ ਆਪੇ ਦੇਖਹੁਗੇ." ਤਬ ਬਾਬਾ ਜੀ ਬਾਹਰ ਆਇਆ, ਤਾਂ ਲੋਕ ਨਾਂਉ ਧਰੀਕ ਪਿੱਛੇ ਬਹੁਤ ਲਾਗੇ. ਤਾਂ ਆਗਿਆ ਨਾਲ ਧਰਤੀ ਪੈਸਿਆ ਕੀ ਹੋਈ. ਤਬ ਬਹੁਤ ਲੋਕ ਪੈਸੇ ਲੈ ਕਰ ਉਠਿ ਆਏ. ਤਬ ਅੱਗੇ ਜਾਂਦਨ, ਤਾਂ ਰੁਪਈਏ ਪਏ ਹੈਨਿ, ਤਾਂ ਬਹੁਤ ਲੋਕ ਰੁਪਈਏ ਲੈ ਕਰ ਉੱਠਿ ਆਏ. ਤਬ ਅੱਗੇ ਜਾਂਦਨ, ਤਾਂ ਮੋਹਰਾਂ ਪਈਆ ਹੈਨਿ. ਜੋ ਕੋਈ ਰਹਿਆ ਥਾ, ਸੋ ਮੁਹਰਾਂ ਲੈ ਕਰ ਉੱਠਿ ਆਇਆ. ਤਬ ਦੁਇ ਸਿੱਖ ਨਾਲ ਰਹੇ. ਤਬ ਅੱਗੇ ਜਾਂਦਨ, ਤਾਂ ਇੱਕ ਚਿਖਾ ਜਲਦੀ ਹੈ, ਤਿਸ ਕੇ ਉੱਪਰ ਚਾਰ ਚਰਾਗ ਜਲਦੇ ਹੈਨਿ, ਅਤੇ ਚਾਦਰ ਤਾਂਣੀ ਮੁਰਦਾ ਸੁੱਤਾ ਪਇਆ ਹੈ; ਪਰ ਦੁਰਗੰਧ ਬਾਸ ਆਂਵਦੀ ਹੈ.

ਤਬ ਬਾਬੇ ਬਚਨ ਕੀਤਾ, ਆਖਿਓਸ, "ਕੋਈ ਹੈ, ਜੋ ਇਸ ਨੂੰ ਭੱਖੈ?" ਤਬ ਦੂਸਰਾ ਸਿੱਖ ਜੋ ਥਾ, ਸੋ ਉਨ ਮੁਹਿ ਫੇਰ ਕਰ ਥੁੱਕ ਸੁੱਟੀ, ਥੁੱਕਾਂ ਸੁੱਟ ਕਰ ਚਲਦਾ ਰਹਿਆ. ਤਬ ਇੱਕ ਗੁਰੂ ਅੰਗਦ ਆਇ ਰਹਿਆ. ਤਬ ਬਚਨ ਲੈ ਕਰ ਜਾਇ ਖੜਾ ਰਹਿਆ. ਤਾਂ ਆਖਿਓਸ, "ਜੀ, ਕਿਸ ਵੱਲ ਤੇ ਮੂੰਹ ਪਾਂਈ?" ਤਬ ਬਚਨ ਹੋਇਆ, "ਪੈਰਾਂ ਵੱਲ ਮੂੰਹ ਪਾਵਣਾ." ਜਬ ਗੁਰੂ ਅੰਗਦ ਚਾਦਰ ਉਠਾਈ, ਤਾਂ ਗੁਰੂ ਨਾਨਕ ਸੁੱਤਾ ਪਾਇਆ ਹੈ. ਤਾਂ ਗੋਰਖ ਕਾ ਬਚਨ ਹੋਇਆ, ਜੋ "ਨਾਨਕ, ਤੇਰਾ ਗੁਰੂ ਸੋਈ, ਜੋ ਤੇਰੇ ਅੰਗ ਤੇ ਪੈਦਾ ਹੋਵੈਗਾ." ਤਬ ਲਹਿਣੇ ਤੇ ਗੁਰੂ ਅੰਗਦ ਨਾਂਉ ਰੱਖਿਆ. ਤਾਂ ਗੋਰਖ ਨਾਥ ਵਿਦਿਆ ਹੋਇਆ. ਬਾਬਾ ਡੇਰੇ ਆਇਆ.

ਤਾਂ ਲੋਕ ਬਹੁਤ ਪੱਛੋਤਾਵਣ ਲੱਗੇ. ਜੋ ਪੈਸਿਆਂ ਵਾਲੇ ਆਖਦੇ ਹੈਂਨ, "ਜੇ ਅੱਗੇ ਜਾਂਦੇ, ਤਾਂ ਰੁਪਈਏ ਲੈ ਆਂਵਦੇ." ਅਤੇ ਰੁਪਈਆਂ ਵਾਲੇ ਆਖਦੇ ਹੈਂਨ, "ਜੋ ਅਸੀਂ ਅੱਗੇ ਜਾਂਦੇ, ਤਾਂ ਮੁਹਰਾਂ ਲੈ ਆਂਵਦੇ." ਤਬ ਬਾਬਾ ਬੋਲਿਆ ਸਬਦ

ਰਾਗ ਸਿਰੀ ਰਾਗ ਵਿੱਚ ਮਹੱਲਾ ੧ :—

ਲੇਖੇ ਬੋਲਣੁ ਬੋਲਣਾ, ਲੇਖੇ ਖਾਣਾ ਖਾਉ,
ਲੇਖੇ ਵਾਟ ਚਲਾਈਆ, ਲੇਖੇ ਸੁਣ ਵੇਖਾਉ,
ਲੇਖੇ ਸਾਹ ਲਵਾਈਆਹਿ, ਪੜ੍ਹੇ ਕਿ ਪੁੱਛਣ ਜਾਂਉ?
ਬਾਬਾ, ਮਾਇਆ ਰਚਨਾ ਧੋਹ.
ਅੰਧੇ ਨਾਮੁ ਵਿਸਾਰਿਆ ਨਾ ਤਿਸ ਏਹ ਨ ਓਹ.
ਜੀਵਣ ਮਰਣਾ ਜਾਇ ਕੈ ਇੱਥੈ ਖਾਜੈ ਕਾਲ
ਜਿਥੈ ਬਹਿ ਸਮਝਾਈਐ, ਤਿੱਥੈ ਕੋਇ ਨ ਚਲਿਓ
ਨਾਲ.
ਰੋਵਣ ਵਾਲੇ ਜੇਤੜੇ ਸਭ ਬੰਨਹਿ ਪੰਡ ਪਰਾਲ.
ਸਭ ਕੋ ਆਖੈ ਬਹੁਤ ਬਹੁਤ ਘੱਟ ਨ ਆਖੈ ਕੋਇ.
ਕੀਮਤ ਕਿਨੈ ਨ ਪਾਈਐ, ਕਹਿਣ ਨ ਵੱਡਾ ਹੋਇ.
ਸਾਚਾ ਸਾਹਿਬ ਏਕ ਤੂੰ, ਹੋਰ ਜੀਆਂ ਕੇਤੇ ਲੋਇ.
ਨੀਚਾਂ ਅੰਦਰ ਨੀਚ ਜਾਤ, ਨੀਚੀ ਹੂੰ ਅਤਿ ਨੀਚ,
ਨਾਨਕ, ਤਿਨ ਕੇ ਸੰਗ ਸਾਥ ਵੱਡਿਆਂ ਸਿਉ ਕਿਆ
ਰੀਸ?
ਜਿਥੈ ਨੀਚ ਸਮਾਲੀਅਹਿਂ, ਤਿਥੈ ਨਦਰ ਤੇਰੀ ਬਖਸੀਸ.

**ਬੋਲੋ ਵਾਹ ਗੁਰੂ!**

Digitized by Panjab Digital Library | www.panjabdigilib.org

## ਸਾਖੀ ਪਰਵੈਸਨਵੀਂ ਚਲੀ·

ਤਬ ਇੱਕ ਦਿਨ ਪਰਮੇਸਰ ਕੀ ਆਗਿਆ ਹੋਈ, ਜੋ ਮਖਦੂਮ ਬਹਾਵੁਦੀਂ ਮੁਲਤਾਨ ਕਾ ਪੀਰ ਮਸੀਤਿ ਕਉ ਆਇਆ ਥਾ ਈਦਗਾਹ ਕੇ ਦਿਨ. ਮੁਰੀਦ ਲੋਕ ਬਹੁਤ ਨਾਲ ਆਏ ਥੇ ਨਿਮਾਜ਼ ਗੁਜ਼ਾਰਣ. ਤਦਹੁ ਮਖਦੂਮ ਬਹਾਵੁਦੀ ਕੀ ਅੱਖੀਆਂ ਭਰ ਆ-ਈਆਂ ਅੰਸੂ, ਲੱਗਾ ਬੈਰਾਗ ਕਰਣ. ਤਬ ਮੁਰੀ-ਦਾਂ ਪੁੱਛਿਆ, ਜੋਂ "ਜੀਵੈਂ! ਪੀਰ ਸਲਾਮਤ! ਜੋ ਤੁਸੀਂ ਜੋ ਰੋਏ ਸੋ ਕਿਉਂ ਰੋਏ?" ਤਬ ਮਖਦੂਮ ਬਹਾਵੁਦੀਂ ਆਖਿਆ, "ਹੇ ਬੰਦਿਓ ਖੁਦਾਇ ਕਿਓ! ਏਹ ਬਾਤ ਕਹਿਣੈ ਕੀ ਨਾਂਹੀ." ਤਬ ਮੁਰੀਦਾਂ ਆਖਿਆ, "ਜੀਵੈਂ! ਪੀਰ ਸਲਾਮਤ! ਮਿਹਰ ਕਰਕੈ ਆਖੀਐ." ਤਬ ਮਖਦੂਮ ਬਹਾਵੁਦੀਂ ਆਖਿਆ, "ਏ ਯਾਰੋ! ਅੱਜ ਤਾਂ ਈਮਾਨ ਕਿਸੈ ਕਾ ਠਉਰ ਰਹੇਗਾ ਨਾਂਹੀ, ਸਭ ਬੇਈਮਾਨ ਹੋਇ ਜਾਂਵਨਗੇ." ਤਬ ਮੁਰੀਦਾਂ ਆਖਿਆ, "ਜੀਵੈਂ! ਪੀਰ ਸਲਾਮਤ! ਮਿਹਰ ਕਰ ਕੈ ਦੱਸੀਐ." ਤਬ ਮਖਦੂਮ ਬਹਾਵੁਦੀਂ ਆ-

ਖਿਆ, "ਯਾਰੋ! ਇੱਕ ਹਿਦੂ ਜਬ ਭਿਸਤ ਕਉ ਆਵੈਗਾ, ਤਬ ਭਿਸਤ ਵਿੱਚ ਉਜਾਲਾ ਹੋਵੈਗਾ." ਤਬ ਜਿਤਨੇ ਸਿਆਣੇ ਥੇ, ਤਿਤਨਿਆਂ ਕਾ ਈਮਾਨ ਠੌੜ ਨ ਰਹਿਆ; ਤਾਂ ਲੱਗੇ ਆਖਣ, "ਜੀਵੈਂ ਪੀਰ ਸਲਾਮਤ! ਜੋ ਪੜ੍ਹੇ ਲੋਕ ਆਖਦੇ ਹਨ, ਜੋ 'ਹਿਦੂ ਕਉ ਭਿਸਤ ਲਿਖਿਆ ਨਾਂਹੀ', ਅਤੈ ਤੁਸਾਂ ਇਉਂ ਆਖਿਆ ਹੈ, ਸੋ ਕਿਉਂ ਕਰ ਜਾਣੀਐ?" ਤਬ ਮਖਦੂਮ ਬਹਾਵਦੀਂ ਆਖਿਆ, "ਜੋ ਤੁਸਾਂ ਵਿੱਚ ਕੋਈ ਭਲਾ ਪੜ੍ਹਿਆ ਸਿਆਣਾ ਹੋਵੈ, ਸੋ ਲੈ ਆਵਹੁ." ਤਬ ਓਨਾਂ ਇੱਕ ਇਲਮਵਾਨ ਹਾਜਰ ਕੀਤਾ. ਤਬ ਮਖਦੂਮ ਬਹਾਵਦੀਂ ਇੱਕ ਸਲੋਕੁ ਲਿਖ ਦਿੱਤਾ ਜੋ:-

ਅਸਾਂ ਲੱਦਣ ਲੱਦਿਆ, ਅਸਾੜੀ ਕਰ ਕਾਇ.

ਅਤੇ ਮੂਹੋਂ ਆਖਿਓਸੁ, ਜੋ "ਨਾਨਕ ਨਾਂਉ ਹੈ ਦਰਵੇਸ ਕਾ, ਤਿਲਵੰਡੀ ਰਹਿੰਦਾ ਹੈ. ਜਬ ਮਾਂਗੇ, ਤਾਂ ਦੇਵਣਾ." ਤਦਹੁ ਓਹ ਆਦਮੀ ਤਿਲਵੰਡੀ ਆਇਆ. ਕੋਹਾਂ ਦੂੰਹ ਉਪਰ ਆਇ ਬੈਠਾ, ਅਤੇ ਆਖਿਓਸੁ, "ਜੇ ਸੱਚ ਹੈ, ਤਾ ਮੈ ਕਉ ਸਦਾਇ ਲੇਵੈਗਾ." ਤਬ ਬਾਬੇ ਸਿਖ ਭੇਜਿਆ, ਆਖਿਓਸੁ, "ਬਾਗ ਵਿੱਚ

ਜੋ ਆਦਮੀ ਹੈ ਸੋ ਮੁਲਤਾਨ ਤੇ ਆਇਆ ਹੈ ਮਖ
ਦੂਮ ਬਹਾਵਦੀਂ ਕਾ, ਸੋ ਸੱਦ ਲਿਆਓ." ਤਬ
ਓਹ ਗੁਰੂ ਪਾਸ ਲੈ ਆਇਆ ਆਇ ਪੈਰ ਚੁੰਮਿ
ਓਸ. ਕਾਗਦ ਗੁਰੂ ਅੱਗੇ ਲਾਇਆ. ਮਖਦੂਮ
ਬਹਾਵਦੀਂ ਕਾ ਲਿਖਿਆ ਪੜ੍ਹਿਆ, ਜੋ ਮਖਦੂਮ
ਬਹਾਵਦੀਂ ਲਿਖਿਆ ਹੈ, ਜੋ :—

ਅਸਾਂ ਲੱਦਣੁ ਲੱਦਿਆ, ਅਸਾਡੀ ਕਰ ਕਾਇ

ਤਬ ਬਾਬੇ ਲਿਖਿਆ ਸਲੋਕ ਉਸ ਕੇ ਸਲੋਕ
ਉੱਪਰ ਕੀਤਾ :—

ਜੋ ਭਰਿਆ ਸੋ ਲੱਦਸੀ, ਸਭਨਾ ਖਸਮ ਰਜਾਇ.
ਨਾਨਕ, ਤੇ ਮੁੱਖ ਉਜੱਲੇ ਚੱਲੇ ਹੱਕ ਕਮਾਇ.

ਤਬ ਬਾਬੇ "ਮੁਕਤ ਮੁਕਤ." ਮਖਦੂਮ ਬਹਾਵ-
ਦੀਂ ਕਉ ਲਿਖਿਆ, ਜੋ "ਤੁਸੀਂ ਚਲਹੁ; ਅਸੀਂ ਭੀ
ਆਵਹਿੰਗੇ ਚਾਲੀਹ ਦਿਨ ਪਿੱਛੇ. ਤਿਤ ਮਹਲਿ
ਸਬਦ ਹੋਇਆ ਰਾਗ ਸਿਰੀ ਰਾਗ ਮਹਲਾ ੧:

ਧਨ, ਜੋਬਨ, ਅਰ ਫੁੱਲੜਾ ਨਾਠੀਅੜੇ ਦਿਨ ਚਾਰ.
ਪੰਬਣ ਕੇਰੇ ਪੱਤ ਜਿਉਂ ਢਲ ਢੁਲ ਜੁੰਮਣਹਾਰ.
ਰੰਗ ਮਾਣ ਲੈ ਪਿਆਰਿਆ, ਜਾਂ ਜੋਬਨ ਨਉਹੁੱਲਾ.
ਦਿਨ ਥੋੜੜੇ ਥੱਕੇ ਭਾਇਆ ਪੁਰਾਣਾ ਚੋਲਾ.

Digitized by Panjab Digital Library | www.panjabdigilib.org

ਸਾਜਨ ਮੇਰੇ ਰੰਗੁਲੇ ਜਾਇ ਸੁਤੇ ਜੀਰਾਣ.
ਮੈਂ ਭੀ ਵੰਞਾ ਡੁਮਣੀ ਰੋਵਾਂ ਝੀਣੀ ਬਾਣਿ.
ਕਿਉ ਨ ਸੁਣੇਹੀ, ਗੋਰੀਏ, ਆਪਣ ਕੰਨੀ ਸੋਇ?
ਲੱਗੀ ਆਵਹਿ ਸਾਹੁਰੇ ਨਿਤ ਨ ਪੇਈਆ ਹੋਇ.
ਜੇ ਜਾਂਣਾ ਤਿਲ ਥੋੜੜੇ ਸੰਮਲ ਬੁੱਕ ਭਰੀਂ.
ਜੇ ਜਾਣਾ ਉਠੌ ਚੱਲਣਾ ਥੋੜ੍ਹਾ ਮਾਣ ਕਰੀਂ.
ਨਾਨਕ, ਰੱਤੀ ਪੇਈਐ ਜਾਣ ਵਿਰੱਤੀ ਸੰਨ.
ਗੁਣਾ ਗਵਾਈ ਗੰਠੜੀ ਅਵਗਣ ਚੱਲੀ ਬੰਨ.

ਤਬ ਓਹ ਆਦਮੀ ਮੁਲਤਾਨ ਗਇਆ. ਤਦਹੁ ਮਖਦੂਮ ਬਹਾਵਦੀ ਆਪਣਿਆਂ ਮੁਰੀਦਾਂ ਨਾਲ ਬਾਹਰ ਆਇਆ. ਤਬ ਮਖਦੂਮ ਬਹਾਵਦੀ ਦੇਖ ਕਰ ਲੱਗਾ ਬੈਰਾਗ ਕਰਣ. ਤਬ ਮੁਰੀਦਾਂ ਪੁੱਛਿਆ, "ਜੀ, ਤੁਸੀਂ ਕਿਉ ਰੋਏ?" ਤਬ ਮਖਦੂਮ ਬਹਾਵਦੀ ਆਖਿਆ, "ਯਾਰੇ! ਅਸਾਂ ਲਿਖਿਆ ਆਹਾ, ਜੋ ਤੁਸੀਂ ਚਲਹੁ, ਤਾਂ ਨਾਲ ਚਲਹਿਂ; ਇਕੱਠੇ ਖੁਦਾਇ ਕੀ ਦਰਗਾਹ ਜਾਂਵਹਿ.' ਤਾਂ ਓਨਾਂ ਅੱਗੋਂ ਲਿਖਿਆ ਹੈ, ਜੋ ਤੁਸੀਂ ਚਲਹੁ, ਅਸੀਂ ਭੀ ਆਂਵਹਿੰਗੇ ਚਾਲੀ ਦਿਨ ਪਿਛੇਂ.' ਤਾਂ ਯਾਰੇ! ਅਸਾਂ ਓਨਾਂ ਚਾਲੀਹਾਂ ਦਿਨਾਂ ਕਾ ਫਿਕਰ ਹੈ, ਜੋ ਚਾਲੀਹ ਦਿਨ ਅਨੇਰੇ ਰਹਿਣਾ ਹੋਵੇਗਾ. ਏ ਯਾਰੇ! ਉਨਾਂ ਦਿਨਾਂ ਨੂੰ ਜੇ ਕਿਉਂ ਕਰ ਗੁਦਾਰ

Digitized by Panjab Digital Library | www.panjabdigilib.org

ਹੋਵਨਗੇ? ਜੇ ਓਹ ਚਲਦੇ, ਤਾਂ ਸੁਖਾਲੇ ਚਾਂਨਣੇ
ਨਾਲ ਜਾਂਦੇ?" ਤਬ ਮਖਦੂਮ ਬਹਾਵੁਦੀਂ ਕਾ ਚਾ-
ਲਾਣੋ ਹੋਇਆ. ਤਦਹੂੰ ਮੁਰੀਦਾਂ ਲੋਕਾਂ ਦੇ ਦਿਲ
ਕਰਾਰ ਆਇਆ: ਬੋਲੋ ਵਾਹ ਗੁਰੂ!

Digitized by Panjab Digital Library | www.panjabdigilib.org

# ਸਾਖੀ ਛਿਪੰਜਵੀਂ ਚੱਲੀ.

ਤਬ ਬਾਬਾ ਜੀ ਰਾਵੀ ਦੇ ਕਿਨਾਰੇ ਆਇਆ. ਤਦਹੁ ਪੈਸੇ ਪੰਜ ਬਾਬੇ ਜੀ ਗੁਰੂ ਅੰਗਦ ਜੀ ਕੈ ਅੱਗੇ ਰੱਖ ਕੈ ਪੈਰੀਂ ਪਾਇਆ. ਤਦਹੁ ਪਰਵਾਰ ਵਿੱਚ ਖਬਰ ਹੋਈ, ਜੋ ਗੁਰੂ ਬਾਬਾ ਚਲਾਣੇ ਦੇ ਘਰ ਹੈ. ਤਦਹੁ ਸੰਗਤੀਂ ਦਰਸਨ ਆਈਆਂ. ਹਿੰਦੂ ਮੁਸਲਮਾਨ ਸਭ ਆਏ. ਤਦਹੁ ਗੁਰੂ ਅੰਗਦ ਹੱਥ ਜੋੜ ਖੜਾ ਹੋਇਆ; ਤਬ ਬਾਬੇ ਆਖਿਆ, "ਕੁਛ ਮੰਗ". ਤਬ ਗੁਰੂ ਅੰਗਦ ਜੀ ਆਖਿਆ, "ਜੀ ਪਾਤਸਾਹ, ਤੁਧ ਭਾਵੈ, ਤਾਂ ਇਹੁ ਜੋ ਸੰਗਤ ਨਾਲੋਂ ਟੁੱਟੀ ਹੈ, ਸੋ ਲੜ ਲਾਈਐ, ਜੀ." ਤਬ ਬਚਨ ਹੋਇਆ ਗੁਰੂ ਅੰਗਦ ਨੂੰ, ਜੋ "ਤੇਰਾ ਸਦਕਾ ਸਭ ਬਖਸੀ." ਤਬ ਗੁਰੂ ਅੰਗਦ ਪੈਰੀਂ ਪਾਇਆ. ਉਤ ਮਹਿਲ ਸਬਦ ਹੋਇਆ ਰਾਗ ਮਾਝ ਵਿਚ ਮਹੱਲਾ ੧ :—

ਓਤ ਪੋਤ ਸੇਵਕ ਸੰਗ ਰਾਤਾ.
ਪ੍ਰਭ ਪ੍ਰਤਪਾਲੇ ਸੇਵਕ ਸੁਖਦਾਤਾ.
ਪਾਣੀ, ਪੱਖਾ, ਪੀਸਉ, ਸੇਵਕ ਕੈ ਠਾਕੁਰ ਹੀ ਕਾ ਆਹਰੁ, ਜੀਉ.

Digitized by Panjab Digital Library | www.panjabdigilib.org

ਕਾਟ ਸਿਲਕ ਪ੍ਰਭ ਸੇਵਾ ਲਾਇਆ.

ਹੁਕਮ ਠਾਕੁਰ ਕਾ ਸੇਵਕ ਮਨ ਭਾਇਆ.

ਸੋਈ ਕਮਾਵੈ ਜੋ ਸਾਹਿਬ ਭਾਵੈ, ਸੇਵਕ ਅੰਤਰ ਬਾਹਰ ਮਾਹਰ, ਜੀਉ.

ਤੂੰ ਦਾਨਾ ਸਾਹਿਬ ਸਭ ਬਿਧ ਜਾਣੈ.

ਠਾਕੁਰ ਕਾ ਸੇਵਕ ਹਰਿ ਰੰਗ ਮਾਣੈ.

ਜੋ ਕੁਛ ਠਾਕੁਰ ਕਾ ਸੋ ਸੇਵਕ ਕਾ, ਸੇਵਕ ਠਾਕੁਰ ਹੀ ਸੰਗ ਜਾਹਰ, ਜੀਉ.

ਅਪਨੇ ਠਾਕੁਰ ਜੋ ਪਹਿਰਾਇਆ,

ਬਹੁਰ ਨ ਲੇਖਾ ਪੁੱਛ ਬੁਲਾਇਆ.

ਤਿਸ ਸੇਵਕ ਕੈ ਨਾਨਕ ਕੁਰਬਾਣੀ, ਸੋ ਸੇਵਕ ਗਹਿਰ ਗੰਭੀਰ ਅਤਿ ਗਉਹਰ ਜੀਉ.

**ਬੋਲੋ ਵਾਹ ਗੁਰੂ!**

Digitized by Panjab Digital Library | www.panjabdigilib.org

# ਸਾਖੀ ਸਤਵੰਜਵੀਂ ਚੱਲੀ.

ਤਦਹੁੰ ਗੁਰੂ ਬਾਬਾ ਸਰੀਂਹ ਤਲੈ ਜਾਇ ਬੈਠਾ. ਸਰੀਂਹ ਸੁੱਕਾ ਖੜਾ ਥਾ, ਸੋ ਹਰਿਆ ਹੋਆ, ਪਾਤ ਫੁੱਲ ਪਏ. ਤਬ ਗੁਰੂ ਅੰਗਦ ਪੈਰੀਂ ਪਾਇਆ. ਤਬ ਮਾਤਾ ਜੀ ਲੱਗੀ ਬੈਰਾਗ ਕਰਣ. ਭਾਈ ਬੰਧੂ ਪਰਵਾਰ ਸਭ ਲੱਗੇ ਰੋਵਣ. ਤਿਤ ਮਹਲ ਰਾਗ ਵਡਹੰਸ ਵਿੱਚ ਸਬਦ ਹੋਇਆ ਮਹੱਲਾ ੧ :—

ਧੰਨ ਸਿਰੰਦਾ ਸੱਚਾ ਪਾਤਸਾਹ, ਜਿਨ ਜਗ ਧੰਧੇ ਲਾਇਆ.
ਮੁਹਲਤ ਪੁੰਨੀ ਪਾਈ ਭਰੀ, ਜਾਨੀਅੜਾ ਘੱਤ ਚਲਾਇਆ;—
ਜਾਨੀ ਘੱਤ ਚਲਾਇਆ ਲਿਖਿਆ ਆਇਆ, ਰੁੰਨੇ ਵੀਰ ਸਬਾਏ.
ਕਾਂਇਆਂ ਹੰਸ ਥੀਆ ਵਿਛੋੜਾ, ਜਾਂ ਦਿਨ ਪੁੰਨੇ ਮੇਰੀ ਮਾਏ.
ਜੇਹਾ ਲਿਖਿਆ ਤੇਹਾ ਪਾਇਆ, ਜੇਹਾ ਪੁਰਬ ਕਮਾਇਆ.
ਧੰਨ ਸਿਰੰਦਾ ਸੱਚਾ ਪਾਤਸਾਹ, ਜਿਨ ਜਗ ਧੰਧੇ ਲਾਇਆ.

ਸਾਹਿਬ ਸਿਮਰੋ, ਮੇਰੇ ਭਾਈਹੋ, ਸਭਨਾਂ ਏਹੁ ਪਇਆਣਾ.
ਏਥੇ ਧੰਧਾ ਕੂੜਾ ਚਾਰ ਦਿਹਾੜੇ, ਅੱਗੇ ਸਰਪਰ ਜਾਂਣਾ;—
ਅੱਗੇ ਸਰਪਰ ਜਾਣਾ ਜਿਉਂ ਮਿਹਮਾਣਾ, ਕਾਹੇ ਗਾਰਬ ਕੀਜੈ?
ਜਿਤ ਸੇਵਿਐ ਦਰਗਹ ਸੁਖ ਪਾਈਐ, ਨਾਮ ਤਿਸੈ ਕਾ ਲੀਜੈ.
ਆਗੈ ਹੁਕਮ ਨ ਚਾਲੈ ਮੂਲੇ, ਸਿਰ ਸਿਰ ਕਿਆ ਵਿਹਾਣਾ?
ਸਾਹਿਬ ਸਿਮਰੋ, ਮੇਰੇ ਭਾਈ ਹੋ, ਸਭਨਾ ਏਹੁ ਪਇਆਣਾ.

ਜੋ ਤਿਸ ਭਾਵੈ ਸੰਮ੍ਰਥ ਸੋ ਥੀਐ, ਹੀਲੜਾ ਏਹ ਸੰਸਾਰੇ.

ਜਲ, ਥਲ, ਮਹੀ, ਅਲ ਰਵ ਰਹਿਆ; ਸੱਚੜਾ ਸਿਰਜਣ ਹਾਰੇ; —
ਸੱਚਾ ਸਿਰਜਣਹਾਰੇ, ਅਲਖ ਅਪਾਰੇ, ਤਾਂ ਕਾ ਅੰਤ ਨ ਪਾਇਆ:
ਆਇਆ ਤਿਨ ਕਾ ਸਫਲ ਭਇਆ ਹੈ, ਇਕ ਮਨ ਜਿਨੀ ਧਿ-
ਆਇਆ.
ਢਾਹੇ ਢਾਹ ਉਸਾਰੇ ਆਪੇ, ਹੁਕਮ ਸਵਾਰਣਹਾਰੇ.
ਜੇ ਤਿਸ ਭਾਵੈ ਸੋ ਮਰਥ ਸੋ ਥੀਐ, ਹੀਲੜਾ ਏਹੁ ਸੰਸਾਰੇ.
ਨਾਨਕ ਰੁੰਨਾ, ਬਾਬਾ, ਜਾਣੀਐ ਜੇ ਰੋਵੈ ਲਾਇ ਪਿਆਰੋ.
ਵਾਲੇਵੇ ਕਾਰਣ, ਬਾਬਾ, ਰੋਈਐ ਰੋਵਣ ਸਗਲ ਬਿਕਾਰੇ; —
ਰੋਵਣ ਸਗਲ ਬਿਕਾਰੇ, ਗਾਫਲ ਸੰਸਾਰੇ, ਮਾਇਆ ਕਾਰਣ ਰੋਵੈ.
ਚੰਗਾ ਮੰਦਾ ਕਿਛੁ ਸੂਝੈ ਨਾਂਹੀ, ਇਹੁ ਤਨੁ ਏਵੈ ਖੋਵੈ.
ਇੱਥੈ ਆਇਆ ਸਭ ਕੋ ਜਾਸੀ, ਕੂੜ ਕਰੋ ਅਹੰਕਾਰੇ.
ਨਾਨਕ ਰੁੰਨਾ, ਬਾਬਾ, ਜਾਣੀਐ, ਜੇ ਰੋਵੈ ਲਾਇ ਪਿਆਰੇ.

ਤਿਤ ਮਹਿਲ ਹੁਕਮ ਹੋਆ, ਤਬ ਸੰਗਤਿ ਲੱਗੀ ਸਬਦ ਗਾਂਵਣ ਅਲਾਹਣੀਆਂ. ਤਬ ਬਾਬਾ ਬਿਸ-ਮਾਦ ਦੇ ਘਰ ਆਇਆ ਰਾਗ ਤੁਖਾਰੀ ਕੀਤਾ: ਅੰ-ਮ੍ਰਿਤ ਵੇਲੇ ਚਲਾਣੇ ਕੇ ਵਖਤ ਬਾਬਾ ਬੋਲਿਆ ਬਾ-ਰਹਿ ਮਾਂਹਾਂ ਮਹੱਲਾ ੧ :—

ਤੂ ਸੁਣ; ਕਿਰਤ ਕਰੰਮਾ ਪੁਰਬ ਕਮਾਇਆ.
ਸਿਰ ਸਿਰ ਸੁਖ ਸਹੰਮਾ ਦੇਹਿ ਸੁ ਤੂ ਭਲਾ.
ਹਰਿ ਰਚਨਾ ਤੇਰੀ, ਕਿਆ ਗਤਿ ਮੇਰੀ? ਹਰਿ ਬਿਨ ਘੜੀ ਨ ਜੀਵਾਂ
ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ, ਗੁਰਮੁਖ ਅੰਮ੍ਰਿਤ ਪੀਵਾਂ.

ਰਚਨਾ ਰਾਚ ਰਹੇ ਨਿਰੰਕਾਰੀ, ਪ੍ਰਭੁ, ਮਨ ਕਰਮ ਸੁਕਰਮਾ.
ਨਾਨਕ, ਪੰਥ ਨਿਹਾਰੇ ਸਾ ਧਨ, ਤੂੰ ਸੁਣ, ਆਤਮ ਰਾਮਾ.

ਬਾਬੀਹਾ 'ਪ੍ਰਿਉ!' ਬੋਲੇ ਕੋਕਲ ਬਾਣੀਆਂ.

ਸਾ ਧਨ ਸਭ ਰਸ ਚੋਲੈ ਅੰਕ ਸਮਾਣੀਆਂ;—
ਹਰ ਅੰਕ ਸਮਾਣੀ ਜਾ ਹਰਿ ਪ੍ਰਭ ਭਾਣੀ, ਸਾ ਸੋਹਾਗਣ ਨਾਰੇ.
ਨਵ ਘਰ ਥਾਪ ਮਹਿਲ ਘਰ ਊਚਾ ਨਿਜ ਘਰ ਵਾਸ ਮੁਰਾਰੇ.
ਸਭ ਤੇਰੀ, ਤੂੰ ਮੇਰਾ ਪ੍ਰੀਤਮ, ਨਿਸ ਬਾਸਰ ਰੰਗ ਰਾਵੈ.
ਨਾਨਕ, 'ਪ੍ਰਿਉ ਪ੍ਰਿਉ!' ਚਵੈ ਬਬੀਹਾ, ਕੋਕਲ ਸਬਦ ਸੁਹਾਵੈ.

ਤੂੰ ਸੁਣ, ਹਰਿ ਰਸ ਭੀਨੇ ਪ੍ਰੀਤਮ ਆਪਣੇ.

ਮਨ ਤਨ ਰਵਤ ਰਵੰਨੇ ਘੜੀ ਨ ਵੀਸਰੈ;—
ਕਿਉਂ ਘੜੀ ਵਿਸਾਰੀ? ਹਉ ਬਲਿਹਾਰੀ, ਹਉ ਜੀਵਾਂ ਗੁਣ ਗਾਏ.
ਨਾਂ ਕੋ ਮੇਰਾ, ਹਉ ਕਿਸ ਕੇਰੀ? ਹਰਿ ਬਿਨ ਰਹਿਣ ਨ ਜਾਏ.
ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿੱਤ੍ਰ ਸਰੀਰਾ.
ਨਾਨਕ, ਦ੍ਰਿਸਟ ਦਰਘਰ ਸੁਖ ਪਾਵੈ, ਗੁਰੂ ਸਬਦੀ ਮਨ ਧੀਰਾ.

ਵਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ.

ਸਾਜਨ ਮਿਲੇ ਸੁਭਾਇ ਹਰਿ ਸਿਉ ਪ੍ਰੀਤਿ ਬਣੀ;—
ਹਰਿ ਮੰਦਰ ਆਵੈ ਜਾ ਪ੍ਰਭ ਭਾਵੈ, ਧਨ ਊਭੀ ਗੁਣ ਸਾਰੀ.
ਘਰ ਘਰ ਕੰਤ ਰਵੈ ਸੋਹਾਗਣਿ, ਹਉ ਕਿਉਂ ਕੰਤ ਵਿਸਾਰੀ?
ਉਨਵ ਘਨ ਛਾਏ ਬਰਸ ਸੁਭਾਏ ਮਨ ਤਨ ਪ੍ਰੇਮ ਸੁਖਾਵੈ;
ਨਾਨਕ, ਬਰਸੈ ਅੰਮ੍ਰਿਤ ਬਾਣੀ ਕਰ ਕਿਰਪਾ ਘਰ ਆਵੈ.

ਚੇਤ ਬਸੰਤ ਭਲਾ ਭਵਰ ਸੁਹਾਵੜੇ.

ਬਨ ਫੂਲੇ ਮੰਝ ਬਾਰ, ਮੈ ਪਿਰ ਘਰ ਬਾਹੁੜੇ;—
ਪਿਰ ਘਰ ਨਹੀਂ ਆਵੈ, ਧਨ ਕਿਉਂ ਸੁਖ ਪਾਵੈ? ਬਿਰਹਿ ਬਿਰੋਧ ਤਨ ਛੀਜੈ.

ਕੋਕਲ ਅੰਬ ਸੁਹਾਵੀ ਬੋਲੈ, ਕਿਉ ਦੁਖ ਅੰਕ ਸਹੀਜੈ?
ਭਵਰ ਭਵੰਤਾ ਫੂਲੀ ਡਾਲੀ, ਕਿਉ ਜੀਵਾਂ? ਮਰ, ਮਾਏ;
ਨਾਨਕ, ਚੇਤ ਸਹਿਜ ਸੁਖ ਪਾਵੈ ਜੇ ਹਰਿ ਵਰ ਘਰ ਧਨ ਪਾਏ.
ਮਾਹੁ ਬੈਸਾਖ ਭਲਾ, ਸਾਖਾ ਵੇਸ ਕਰੇ.
ਧਨ ਦੇਖੈ ਹਰਿ ਦੁਆਰ, ਆਵਹੁ ਦਇਆ ਕਰੇ;—
ਘਰ ਆਉ, ਪਿਆਰੇ, ਦੁਤਰ ਤਾਰੇ, ਤੁਝ ਬਿਨ ਅੱਢ ਨ ਮੋਲੋ.
ਕੀਮਤ ਕਉਣ ਕਰੈ? ਤੁਧ ਭਾਵੈ, ਦੇਖ ਦਿਖਾਵੈ ਢੋਲੋ.
ਦੂਰ ਨ ਜਾਨਾ ਅੰਤਰ ਮਾਨਾਂ ਹਰਿ ਕਾ ਮਹਿਲ ਪਛਾਨਾ.
ਨਾਨਕ, ਬੈਸਾਖੀ ਪ੍ਰਭ ਪਾਵੈ ਸੁਰਤਿ ਸਬਦ ਮਨ ਮਾਨਾ.
ਮਾਹੁ ਜੇਠ ਭਲਾ, ਪ੍ਰੀਤਮ ਕਿਉ ਬਿਸਰੈ?
ਥਲ ਤਾਪਹਿ, ਸਿਰ ਭਾਰ ਸਾ ਧਨ ਬਿਨਉ ਕਰੈ;—
ਧਨ ਬਿਨਉ ਕਰੇਂਦੀ ਗੁਨ ਸਾਰੇਂਦੀ, ਗੁਣ ਸਾਰੀ ਪ੍ਰਭ ਭਾਵਾਂ.
ਸਾਚੈ ਮਹਿਲ ਰਹੈ ਬੈਰਾਗੀ, ਆਵਣ ਦੇਂਹਿ, ਤ ਆਵਾਂ.
ਨਿਮਾਣੀ ਨਿਤਾਣੀ ਹਰਿ ਬਿਨ, ਕਿਉ ਪਾਈਐ ਸੁਖ ਮਹਿਲੀ?
ਨਾਨਕ, ਜੇਠ ਜਾਣੈ ਤਿਸ ਜੈਸੀ ਕਰਮ ਮਿਲੈ ਗੁਣ ਗਹਿਲੀ.
ਮਾਹ ਅਸਾੜ੍ਹ ਭਲਾ ਸੂਰਜ ਗਗਨ ਤਪੈ.
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ;—
ਅਗਨਿ ਰਸ ਸੋਖੈ, ਮਰੀਐ ਧੋਖੈ, ਭੀ ਸੋ ਕਿਰਤ ਨ ਹਾਰੇ.
ਰਥ ਫਿਰੈ ਛਾਇਆ ਧਨ ਤਾਂਕੇ ਟੀਡ ਲਵੈ ਮੰਝ ਬਾਰੇ.
ਅਵਗੁਣ ਬਾਂਧ ਚੱਲੀ ਦੁਖੁ ਆਗੈ, ਸੁਖ ਤਿਸ ਸੱਚ ਸਮਾਲੇ.
ਨਾਨਕ, ਜਿਸਨੇ ਇਹ ਮਨ ਦੀਆ, ਮਰਣ ਜੀਵਣ ਪ੍ਰਭ ਨਾਲੇ.
ਸਾਵਣ ਸਰਸ ਮਨ, ਘਨ ਬਰਸਹਿ ਰੁਤ ਆਏ.
ਮੈਂ ਮਨ ਤਨ ਸਹੁ ਭਾਵੈ ਪਿਰ ਪਰਦੇਸ ਸਿਧਾਏ;—

Digitized by Panjab Digital Library | www.panjabdigilib.org

ਪਿਰ ਘਰ ਨਹੀ ਆਵੈ, ਮਰੀਐ ਹਾਵੈ, ਦਾਮਨ ਚਮਕ ਡਰਾਏ.
ਸੇਜ ਇਕੇਲੀ ਖਰੀ ਦੁਹੇਲੀ, ਮਰਣ ਭਇਆ ਦੁਖ ਮਾਏ.
ਹਰਿ ਬਿਨ ਨੀਦ ਭੂਖ ਕਹੁ ਕੈਸੀ? ਕਾਪੜ ਤਨ ਨ ਸੁਖਾਵਏ.
ਨਾਨਕ, ਸਾ ਸੋਹਾਗਣ ਕੰਤੀ ਪਿਰ ਕੈ ਅੰਕ ਸਮਾਵਏ.

ਭਾਦੁਇ ਭਰਮ ਭੁਲੀ ਭਰ ਜੋਬਨ ਪਛੁਤਾਣੀ.
ਜਲ ਥਲ ਨੀਰ ਭਰੇ ਬਰਸ ਰੁਤੇ ਰੰਗ ਮਾਣੀ; —
ਬਰਸੈ ਨਿਸ ਕਾਲੀ, ਕਿਉ ਸੁਖ ਬਾਲੀ? ਦਾਦਰ ਮੋਰ ਲਵੰਤੇ.
'ਪ੍ਰਿਉ! ਪ੍ਰਿਉ!' ਚਵੈ ਬਬੀਹਾ ਬੋਲੇ, ਭੁਇਅੰਗਮ ਫਿਰਹਿ ਡਸੰਤੇ.
ਮੱਛਰ ਡੰਗ ਸਾਇਰ ਭਰ ਸੁਭਰ, ਬਿਨ ਹਰਿ ਕਿਉ ਸੁਖ ਪਾਈਐ?
ਨਾਨਕ, ਪੂਛ ਚਲਉ ਗੁਰ ਅਪਨੇ, ਜਹਿ ਪ੍ਰਭੁ ਤਹਿ ਹੀ ਜਾਈਐ.

ਅੱਸੁਨ, ਆਉ, ਪਿਰਾ, ਸਾ ਧਨ ਝੂਰ ਮੁਈ.
ਤਾ ਮਿਲੀਐ ਪ੍ਰਭੁ ਮੇਲੇ ਦੂਜੈ ਭਾਇ ਖੁਈ; —
ਝੂਠ ਵਿਗੁੱਤੀ ਤਾ ਪਿਰ ਮੁੱਤੀ, ਕੁੱਕਹਿ ਕਾਹ ਸ ਫੁੱਲੇ.
ਆਗੈ ਘਾਮ ਪਿਛੈ ਰੁਤ ਜਾੜਾ ਦੇਖ ਚਲਤ ਮਨ ਡੋਲੇ.
ਦਹ ਦਿਸ ਸਾਖ ਹਰੀ ਹਰੀਆਵਲ, ਸਹਿਜ ਪਕੈ ਸੋ ਮੀਠਾ.
ਨਾਨਕ, ਅੱਸੁਨ, ਮਿਲਉ, ਪਿਆਰੇ, ਸਤ ਗੁਰ ਭਏ ਬਸੀਠਾ.

ਕੱਤਕ ਕਿਰਤ ਪਇਆ ਜੋ ਪ੍ਰਭ ਭਾਇਆ.
ਦੀਪਕ ਸਹਿਜ ਜਲੈ ਤੱਤ ਜਲਾਇਆ; —
ਦੀਪਕ ਰਸ ਤੇਲੋ ਧਨ ਪਿਰ ਮੇਲੋ, ਧਨ ਓਮਾਹੇ ਸਰਸੀ.
ਅਵਗੁਣ ਮਾਰੀ ਮਰੈ ਨ ਸੀਝੈ, ਗੁਣ ਮਾਰੀ, ਤਾਂ ਮਰਸੀ.
ਨਾਮ ਭਗਤਿ ਦੇ ਨਿਜ ਘਰ ਬੈਸੇ, ਅਜਹੁ ਤਿਨਾੜੀ ਆਸਾ.
ਨਾਨਕ, ਮਿਲਹੁ ਕਪਟ ਦਰ ਖੋਲਹੁ, ਏਕ ਘੜੀ ਖਟ ਮਾਸਾ.

ਮੱਘਰ ਮਾਹੁ ਭਲਾ, ਹਰਿ ਗੁਣ ਅੰਕ ਸਮਾਵਏ.

Digitized by Panjab Digital Library | www.panjabdigilib.org

ਗੁਣਵੰਤੀ ਗੁਣ ਗਾਵੈ, ਮੈਂ ਪਿਰ ਨਿਤ ਭਾਵਏ; —
ਨਿਹਚਲ, ਚਤੁਰ, ਸੁਜਾਣ, ਬਿਧਾਤਾ, ਚੰਚਲ ਜਗਤ ਸਬਾਇਆ.
ਗਿਆਨ ਧਿਆਨ ਗੁਣ ਅੰਕ ਸਮਾਣੇ ਪ੍ਰਭ ਭਾਣੇ ਤਾਂ ਭਾਇਆ.
ਗੀਤ, ਨਾਦ, ਕਬਿਤ, ਕਵੇ ਸੁਣ ਰਾਮ ਨਾਮ ਦੁਖ ਭਾਗੈ.
ਨਾਨਕ, ਸਾਧਨ ਨਾਹਿ ਪਿਆਰੀ ਅਭਿ ਭਗਤੀ ਪਿਰ ਆਗੈ.

ਪੋਖ ਤੁਖਾਰ ਪੜੈ ਵਣ ਤ੍ਰਿਣ ਰਸ ਸੋਖੇ.

ਆਵਤ ਕੀ ਨਾਂਹੀ? ਮਨ ਤਨ ਵਸਹਿ ਮੁਖੇ; —
ਮਨ ਤਨ ਰਵ ਰਹਿਆ ਜਗ ਜੀਵਨ, ਗੁਰ ਸਬਦੀ ਰੰਗ ਮਾਣੀ.
ਅੰਡਜ, ਜੇਰਜ, ਸੇਤਜ, ਉਤਭੁਜ, ਘਟ ਘਟ ਜੋਤ ਸਮਾਣੀ.
ਦਰਸਨ ਦੇਖ ਦਇਆ ਪਤਿ, ਦਾਤੇ, ਗਤਿ ਪਾਵਾਂ ਮਤਿ ਦੇਹੋ.
ਨਾਨਕ, ਰੰਗ ਰਵੈ ਰਸ ਰਸੀਆ, ਹਰਿ ਸਿਉ ਪ੍ਰੀਤਿ ਸਨੇਹੋ.

ਮਾਘ ਪੁਨੀਤ ਭਈ ਤੀਰਥ ਅੰਤਰ ਜਾਨਿਆਂ.

ਸਾਜਨ ਸਹਿਜ ਮਿਲੇ, ਗੁਣ ਗਹਿ ਅੰਕ ਸਮਾਨਿਆਂ; —
ਪ੍ਰੀਤਮ ਗੁਣ ਅੰਕੇ ਸੁਣ ਪ੍ਰਭ, ਬੰਕੇ, ਤੁਧ ਭਾਵਾਂ ਸਰ ਨਾਵਾਂ.
ਗੰਗ ਜਮਨ ਪਿਰ ਬੇਣੀ ਸੰਗਮ, ਸੱਤ ਸਮੁੰਦ ਸਮਾਵਾਂ.
ਪੁੰਨ, ਦਾਨ, ਪੂਜਾ, ਪਰਮੇਸਰ ਜੁਗ ਜੁਗ ਏਕੋ ਜਾਤਾ.
ਨਾਨਕ, ਮਾਘ ਮਹਾ ਰਸ ਹਰਿ ਜਸ ਅਠਸਠ ਤੀਰਥ ਨਾਤਾ.

ਫਲਗੁਣ ਮਨ ਰਹਿਸੀ, ਪ੍ਰੇਮ ਸੁਭਾਇਆ.

ਅਨ ਦਿਨ ਰਹਿਸ ਭਇਆ; ਆਪ ਗਵਾਇਆ; —
ਮਨ ਮੋਹ ਚੁਕਾਇਆ, ਜਾਂ ਤਿਸ ਭਾਇਆ; ਕਰ ਕਿਰਪਾ ਘਰ ਆਓ.
ਬਹੁਤੇ ਵੇਸ ਕਰੀ ਪਿਰ ਬਾਝਹੁ, ਮਹਿਲੀ ਲਹਾਂ ਨ ਥਾਓ.
ਹਾਰ, ਡੋਰ, ਰਸ, ਪਾਟ ਪਟੰਬਰ ਪਿਰ ਲੋੜੀ ਸੀਗਾਰੀ.

Digitized by Panjab Digital Library | www.panjabdigilib.org

ਨਾਨਕ, ਮੇਲ ਲਈ ਗੁਰ ਅਪਨੈ, ਹਰਿ ਵਰ ਪਾਇਆ ਨਾਰੀ.
ਬੇਦ, ਸੁ ਮਾਹ, ਰੁੱਤੀ, ਥਿੱਤੀ, ਵਾਰ ਭਲੇ,
ਘੜੀ, ਮੂਰਤ, ਪਲ ਸਾਚੇ ਆਏ ਸਹਿਜ ਮਿਲੇ; —
ਪ੍ਰਭ ਮਿਲੇ ਪਿਆਰੇ, ਕਾਰਜ ਸਾਰੇ, ਕਰਤਾ ਸਭ ਬਿਧ ਜਾਣੈ.
ਜਿਨ ਸੀਗਾਰੀ ਤਿਸਹਿ ਪਿਆਰੀ ਮੇਲ ਭਇਆ ਰੰਗ ਮਾਣੈ.
ਘਰ ਸੇਜ ਸੁਹਾਵੀ, ਜਾਂ ਪਿਰ ਰਾਵੀ, ਗੁਰਮੁਖ ਮਸਤਕ ਭਾਗੋ.
ਨਾਨਕ, ਅਹਿ ਨਿਸ ਰਾਵੈ ਪ੍ਰੀਤਮ, ਹਰਿ ਵਰ ਥਿਰ ਸੋਹਾਗੋ.

ਤਿਤ ਮਹਿਲ ਜੋ ਸਬਦ ਹੋਆ, ਸੋ ਪੋਥੀ ਜੋ ਥੀ, ਗੁਰੂ ਅੰਗਦ ਜੋਗ ਮਿਲੀ. ਤਦਹੁੰ ਪੁੱਤ੍ਰਾਂ ਆਖਿਆ, "ਅਸਾਂ ਕਿਆ ਹਾਲ ਹੋਵੈਗਾ?" ਤਬ ਗੁਰੂ ਬੋਲਿਆ, ਪੁੱਤ੍ਰਾਂ ਜੋਗ ਆਖਿਆ, "ਬੇਟਾ, ਗੁਰੂ ਕਿਆਂ ਕੁੱਤਿਆਂ ਨੂੰ ਭੀ ਕਮੀ ਨਾਹੀ. ਰੋਟੀਆਂ ਕੱਪੜੇ ਬਹੁਤ ਹੋਵਨਗੇ, ਅਤੇ ਗੁਰੂ ਗੁਰੂ ਜਪਹੁਗੇ, ਤਾਂ ਜਨਮ ਸਵਰੈਗਾ."

ਤਬ ਹਿੰਦੂ ਮੁਸਲਮਾਨ ਨਾਉਂ ਧਰੀਕ ਲੱਗੇ ਆਖਣ, "ਅਸੀਂ ਦਬਾਹਿੰਗੇ." ਅਤੇ ਹਿੰਦੂ ਲੱਗੇ ਆਖਣ, ਜੋ "ਅਸੀਂ ਜਲਾਹਾਂਗੇ." ਤਬ ਬਾਬੇ ਆਖਿਆ, ਜੋ "ਤੁਸੀਂ ਦੁਹਾਂ ਵੱਲੀ ਫੁੱਲ ਰੱਖਹੁ, ਦਾਹਨੀ ਵੱਲ ਹਿੰਦੂਆਂ ਕੇ ਰੱਖਹੁ, ਅਤੇ ਬਾਵੀਂ ਵੱਲ ਮੁਸਲਮਾਨ

Digitized by Panjab Digital Library | www.panjabdigilib.org

ਕੇ ਰੱਖਹੁ. ਜਿਸ ਦੇ ਭੁਲਕੇ ਹਰੇ ਰਹਿਨਗੇ, ਜੇ ਹਿੰਦੂ ਆਂ ਕੇ ਹਰੇ ਰਹਿਨਗੇ, ਤਾਂ ਜਲਾਂਹਿਗੇ, ਅਤੇ ਜੇ ਮੁਸਲਮਾਨਾਂ ਕੇ ਹਰੇ ਰਹਿਨਗੇ, ਤਾਂ ਦੱਬਹਿੰਗੇ." ਤਬ ਬਾਬੇ ਸੰਗਤ ਨੂੰ ਹੁਕਮ ਕੀਤਾ, "ਕੀਰਤਨ ਪੜ੍ਹਹੁ." ਤਬ ਸੰਗਤ ਲੱਗੀ ਕੀਰਤਨ ਪੜਨ ਰਾਗ

ਗਉੜੀ ਪੂਰਬੀ ਮਹੱਲਾ ੧ :—

ਜੈ ਘਰ ਕੀਰਤ ਆਖੀਐ, ਕਰਤੇ ਕਾ ਹੋਇ ਬੀਚਾਰੋ,
ਤਿਤ ਘਰ ਗਾਵਹੁ ਸੋਹਿਲਾ, ਸਿਮਰਹੁ ਸਿਰਜਣਹਾਰੋ.
ਤੁਮ ਗਾਵਹੁ ਮੇਰੇ ਨਿਰਭਉ ਕਾ ਸੋਹਿਲਾ, ਹਉ ਵਾਰੀ
ਜਿਤ ਸੋਹਿਲੈ ਸਦਾ ਸੁਖ ਹੋਇ.
ਨਿਤ ਨਿਤ ਜੀਅੜੇ ਸਮਾਲੀਅਨ, ਦੇਖੈਗਾ ਦੇਵਣਹਾਰੋ!
ਤੇਰੇ ਦਾਨੈ ਕੀਮਤ ਨਾ ਪਵੈ, ਤਿਸ ਦਾਤੇ ਕਵਣ ਸੁਮਾਰੋ?
ਸੰਮਤ ਸਾਹਾ ਲਿਖਿਆ, ਮਿਲ ਕਰ ਪਾਵਹੁ ਤੇਲ.
ਦੇਹੁ ਸੱਜਣ ਅਸੀਸੜੀਆਂ, ਜਿਉ ਹੋਵੈ ਸਾਹਬ ਸਿਉ ਮੇਲ.
ਘਰ ਘਰ ਏਹੋ ਪਾਹੁਚਾ, ਸੱਦੜੇ ਨਿਤ ਪਵੰਨਿ.
ਸੱਦਣਹਾਰਾ ਸਿਮਰੀਐ, ਨਾਨਕ, ਸੇ ਦਿਹ ਆਵੰਨਿ.

ਰਾਗ ਆਸਾ ਮਹੱਲਾ ੧ :—

ਛਿਅ ਘਰ, ਛਿਅ ਗੁਰ, ਛਿਅ ਉਪਦੇਸ.
ਗੁਰੁ ਗੁਰੁ ਏਕੋ, ਵੇਸ ਅਨੇਕ.
ਬਾਬਾ, ਜੈ ਘਰ ਕਰਤੇ ਕੀਰਤਿ ਹੋਇ.
ਸੋ ਘਰੁ ਰਾਖੁ ਵਡਾਈ ਤੋਇ.

Digitized by Panjab Digital Library | www.panjabdigilib.org

ਵਿਸਿਆਂ, ਚਸਿਆਂ ਘੜੀਆਂ, ਪਹਿਰ, ਥਿਤੀ, ਵਾਰੀ, ਮਾਂਹੁ
ਹੋਆ.
ਸੂਰਜ ਇਕੋ, ਰੁੱਤ ਅਨੇਕ.
ਨਾਨਕ, ਕਰਤੇ ਕੇ ਕੇਤੇ ਵੇਸ.

ਧਨਾਸਰੀ ਰਾਗ ਹੋਆ! ਆਰਤੀ ਗਾਵੀ. ਤਿਤ ਮਾਹਿਲ ਕੀਰਤਨ ਹੋਆ, ਸਬਦ ਤਥਾ ਸਲੋਕ ਪੜ੍ਹਿਆ :——

ਪਉਣ ਗੁਰੂ, ਪਾਣੀ ਪਿਤ, ਮਾਤਾ ਧਰਤਿ ਮਹੱਤ,
ਦਿਵਸ ਰਾਤ ਦੁਇ ਦਾਈ ਦਾਇਆ, ਖੇਲੈ ਸਗਲ ਜਗੱਤ.
ਚੰਗਿਆਈਆਂ ਬੁਰਿਆਈਆਂ, ਵਾਚੇ ਧਰਮ ਹਦੂਰ.
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰ.
ਜਿਨੀ ਨਾਮ ਧਿਆਇਆ, ਗਏ ਮਸਕਤ ਘਾਲ,
ਨਾਨਕ, ਤੇ ਮੁਖ ਉਜੱਲੇ, ਕੇਤੀ ਛੁੱਟੀ ਨਾਲ.

ਤਬ ਸਲੋਕ ਪੜ੍ਹ ਕੇ ਗੁਰੂ ਬਾਬੇ ਚਾਦਰ ਉੱਪਰ ਲੈ ਕਰ ਮੂੰਹੋਂ ਵਾਹ ਗੁਰੂ ਆਖ ਕੇ ਮੱਥਾ ਟੇਕਿਆ. ਜਬ ਚਾਦਰ ਉਠਾਂਵਨ, ਤਬ ਕੁਛ ਨਾਂਹੀ! ਤਦਹੂੰ ਫੁੱਲ ਦੋਹਾਂ ਦੇ ਹਰੇ ਰਹੇ. ਹਿੰਦੂ ਆਪਣੇ ਲੈ ਗਏ, ਅਤੇ ਮੁਸਲਮਾਨ ਆਪਣੇ ਲੈ ਗਏ. ਸਰਬੱਤ ਸੰਗਤ ਪੈਰੀਂ ਪਈ. ਸੰਮਤ ੧੫੯੫ ਮਿਤੀ ਅੱਸੂ ਸੁਦੀ ੧੦ ਬਾਬਾ ਨਾਨਕ ਜੀ ਸਮਾਣੇ ਕਰਤਾਰਪੁਰ. ਬੋਲੋ

Digitized by Panjab Digital Library | www.panjabdigilib.org

ਵਾਹਿ ਗੁਰੂ!

ਇਤਿ.

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-3256

Digitized by Panjab Digital Library | www.panjabdigilib.org

Digitized by Panjab Digital Library | www.panjabdigilib.org